Monthly

THE PUNJAB HERALD

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

The Punjab Herald

FOR ALL TYPES OF ADVERTISEMENTS IN THE PUNJAB HERALD PLEASE CALL 0437641033

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (142) Apr. 2026, Sydney, Phone - 0437641033 , Email - thepunjabherald1@gmail.com

www.thepunjabherald.com





## ਅਦਾਰਾ 'ਦਾ ਪੰਜਾਬ ਹੈਰਲਡ' ਵਲੋਂ ਸਮੂਹ ਪਾਠਕਾਂ ਨੂੰ ਵਿਸਾਖੀ ਦੀ ਲੱਖ ਲੱਖ ਵਧਾਈ ।

SINGH TRUCK DRIVING SCHOOL



HAPPY VAISAKHI

Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012



CALL JATINDER SINGH : 0433572723

Nepean FAMILY DENTAL & IMPLANT CENTRE

Celebrating the Harvest Festival & the Spirit of Vaisakhi

May the joy of Vaisakhi bring prosperity, health, and happiness into your life. Wishing you a vibrant season of new beginnings and blessings.



Wishing you a healthy and joyful Vaisakhi

Best Wishes from Our Dental Family

Dr. Ravi Rai

Dr. Chin Valsan

Dr. Dhaval Patel

Dr. Shiny Singh

Dr. Navroop Singh

Sleep Dentistry | Implants | General Dentistry | Wisdom Teeth



Book Your Appointment & Get a Free Electric Toothbrush

Emergency : 040 4444 831 (Dr. Navroop)

(02) 9188 6844

info@nepeanfamilydental.com.au

48 Rifle Range Road, Bligh Park, NSW 2756.

Shop 3, 140 Great Western Highway, Blaxland, NSW 2774.


DHALLA
AUTOMOTIVE
www.dhallaautomotive.com.au
Happy Vaisakhi
DHALLA
AUTOMOTIVE
We offer a commitment to personalized service for our clients. If you have further questions or need help with a case, please complete our quick form below. A team member will return your message as soon as possible.
CONTACT US FOR ALL YOUR MECHANICAL NEEDS
DIAGNOSTIC SERVICES
PERFORMANCE UPGRADES
AIR CONDITIONING REPAIRS/ RE-GASSING
LPG INSPECTION & MANY MORE.
SATINDERJIT
SINGH DHALLA
Address:
70A Cox Ave, Kingswood
NSW 2747, Australia
Phone:
PH: 0430050714
W: 0247082717
Email: dhallaautomotive@yahoo.com.au


ASTRO
REAL ESTATE
ESTD 2003
Astro Real Estate Deals in:
• Sales & Rentals
• Home & Land
• Project Developments
• Auctions
If you are considering selling or if you are just curious about what your property is currently worth, please contact me for an obligation free appraisal.
P: 02 9671 7222
M: 0410 571 763
Astro Real Estate is Australia's premier residential real estate agency.
Offering to our clients exceptional and professional service, we strive to not only meet your expectations but to exceed them and ensure that your experience is both profitable and totally satisfying.
Whether you are a Seller, Purchaser, Landlord or Tenant, we are dedicated and committed to making "A Wow Experience" for your next real estate venture.
Happy Vaisakhi
Mandhir Sandha
DIRECTOR/LREA
Mandhir brings 15 years of experience to Astro Real Estate.
mandhir@astrorealestate.com.au
www.astrorealestate.com.au
8 Alpha St, Blacktown, NSW , 2148


Happy
Vaisakhi
Labor
May your Vaisakhi be filled with joy, peace and prosperity
The Hon Chris Minns MP
Member for Kogarah
Premier of New South Wales
The Hon Daniel Mookhey MLC
Member of Legislative Council
Treasurer
The Hon Steve Kamper MP
Member for Rockdale, Minister for Lands and Property, Minister for Multiculturalism, Minister for Sport, Minister for Jobs and Tourism
The Hon Penny Sharpe MLC
Member of the Legislative Council
Minister for Climate Change, Minister for Energy, Minister for the Environment, Minister for Heritage
The Hon Steve Whan MP
Member for Monaro
Minister for Skills, TAFE and Tertiary Education
Julia Finn MP
Member for Granville
Parliamentary Secretary to the Premier
Parliamentary Secretary for the Arts
Stephen Bali MP
Member for Blacktown
Parliamentary Secretary for Planning and Public Spaces
Edmond Atalla MP
Member for Mount Druitt
Parliamentary Secretary for Police and Counter-terrorism
Greg Warren MP
Member for Campbelltown, Parliamentary Secretary to the Deputy Premier, Parliamentary Secretary for Education and Early Learning, Parliamentary Secretary for Western Sydney
Jason Yat-Sen Li MP
Member for Strathfield
Assistant Speaker
Donna Davis MP
Member for Parramatta
Temporary Speaker
Warren Kirby MP
Member for Riverstone
Authorised by Chris Minns MP, Daniel Mookhey MLC, Steve Kamper MP, Penny Sharpe MLC, Steve Whan MP, Julia Finn MP, Stephen Bali MP, Edmond Atalla MP, Greg Warren MP, Jason Yat-Sen Li MP, Donna Davis MP and Warren Kirby MP. Funded using Parliamentary Entitlements.

# ਪਸ਼ੂ ਖੁਰਾਕ ਮੰਡੀ 'ਚ ਕਾਰਪੋਰੇਟਾਂ ਦਾ ਦਾਖਲਾ

ਭਾਰਤ ਅਮਰੀਕਾ ਵਪਾਰ ਸਮਝੌਤਾ ਲਾਗੂ ਹੋਣ ਤੋਂ ਪਹਿਲਾਂ ਹੀ ਜਾਨਵਰਾਂ ਦੀ ਫੀਡ ਮਾਰਕੀਟ ਕਾਰਗਿਲ ਵਰਗੀ ਦਿਓਕੱਦ ਕੰਪਨੀ ਲਈ ਖੋਲ੍ਹ ਦਿੱਤੀ ਗਈ ਹੈ ਅਤੇ ਪੰਜਾਬ ਇਹ ਕੰਮ ਕਰਨ ਵਾਲਾ ਪਹਿਲਾ ਸੂਬਾ ਬਣ ਗਿਆ ਹੈ। ਇਸ ਨਾਲ ਦੁੱਧ ਦੀ ਗੁਣਵੱਤਾ 'ਤੇ ਸਵਾਲੀਆ ਚਿੰਨ੍ਹ ਲੱਗੇਗਾ ਕਿਉਂਕਿ ਕਾਰਗਿਲ ਕੰਪਨੀ ਜੀ.ਐੱਮ. (ਜੈਨੇਟਿਕਲੀ ਮੋਡੀਫਾਈਡ) ਫੀਡ ਵਿੱਚ \ਅਨਾਜ ਤੇ ਮਾਸਾਹਾਰ\ ਵਰਤਦੀ ਹੈ। ਇਸ ਦੇ ਨਾਲ ਹੀ ਇਹ ਵੱਡੇ ਪੱਧਰ 'ਤੇ ਰੁਜ਼ਗਾਰ ਵੀ ਖੋਹੇਗੀ।

ਕਾਰਗਿਲ ਵਰਗੇ ਕਾਰਪੋਰੇਟ ਘਰਾਣੇ ਜਾਨਵਰਾਂ ਦੀ ਫੀਡ ਮਾਰਕੀਟ 'ਚ ਆਉਣ ਲਈ ਉਤਾਵਲੇ ਕਿਉਂ ਹਨ? ਅਤੇ ਪੰਜਾਬ ਫੀਡ ਮਾਰਕੀਟ ਕਾਰਪੋਰੇਟ ਹਵਾਲੇ ਕਰਨ ਵਾਲਾ ਪਹਿਲਾ ਸੂਬਾ ਕਿਵੇਂ ਬਣਿਆ?

ਭਾਰਤ ਵਿੱਚ 2025 ਤੱਕ 1186.30 ਬਿਲੀਅਨ ਰੁਪਏ ਦੀ ਪਸ਼ੂ ਖੁਰਾਕ ਦੀ ਮੰਡੀ ਹੈ, ਜਿਸ ਦੇ 2034 ਤੱਕ ਵਧ ਕੇ 2112 ਬਿਲੀਅਨ ਹੋਣ ਦਾ ਅੰਦਾਜ਼ਾ ਹੈ। ਜਾਨਵਰਾਂ ਦੀ ਖੁਰਾਕ ਮੰਡੀ ਵਿੱਚ 56 ਫੀਸਦੀ ਖੁਰਾਕ ਪੋਲਟਰੀ ਖੁਰਾਕ ਦਾ ਹਿੱਸਾ ਹੈ ਅਤੇ ਉੱਤਰੀ ਭਾਰਤ ਇਸ ਮੰਡੀ 'ਚ 31 ਫੀਸਦੀ ਹਿੱਸੇਦਾਰ ਹੈ। ਇੰਨਾ ਹੀ ਨਹੀਂ, ਡੇਅਰੀ ਖੇਤੀ ਖੇਤਰ ਦਾ ਸਭ ਤੋਂ ਵੱਧ ਉਤਪਾਦਨ ਵਾਲਾ ਹਿੱਸਾ ਹੈ ਅਤੇ ਕੁੱਲ ਕੌਮੀ ਆਰਥਿਕਤਾ ਵਿੱਚ ਪੰਜ ਫੀਸਦੀ ਹਿੱਸਾ ਪਾਉਂਦਾ ਹੈ ਅਤੇ 8 ਕਰੋੜ ਤੋਂ ਵੱਧ ਲੋਕਾਂ ਨੂੰ ਇਸ ਵਿੱਚ ਰੁਜ਼ਗਾਰ ਮਿਲਿਆ ਹੋਇਆ ਹੈ। ਇਸੇ ਕਰਕੇ ਕਾਰਪੋਰੇਟ ਇਸ ਖੇਤਰ ਵਿੱਚ ਲਗਾਤਾਰ ਦਾਖਲ ਹੋਣ ਲਈ ਹੱਥ-ਪੈਰ ਮਾਰ ਰਿਹਾ ਹੈ। ਪਸ਼ੂਆਂ ਦੀ ਖੁਰਾਕ ਮੰਡੀ ਵਿੱਚ ਕਾਰਪੋਰੇਟ ਕੰਪਨੀਆਂ ਦਾ ਰਾਹ ਮੁਕੰਮਲ ਤੌਰ 'ਤੇ ਖੋਲ੍ਹਣ ਵਾਲਾ ਪੰਜਾਬ ਪਹਿਲਾ ਸੂਬਾ ਬਣ ਚੁੱਕਿਆ ਹੈ।

ਪਿਛਲੇ ਦਿਨੀਂ ਪੰਜਾਬ ਦੇ ਵਜੀਰਾਬਾਦ (ਫ਼ਤਹਿਗੜ੍ਹ ਸਾਹਿਬ) ਵਿੱਚ ਦੱਖਣੀ ਏਸ਼ੀਆ ਦੀ ਸਭ ਤੋਂ ਵੱਡੀ ਪਸ਼ੂਆਂ ਦੀ ਖੁਰਾਕ ਫੈਕਟਰੀ ਦਾ ਉਦਘਾਟਨ ਕੀਤਾ ਗਿਆ ਹੈ। ਇਹ ਅਮਰੀਕਾ ਦੀ ਹੀ ਨਹੀਂ ਸਗੋਂ ਦੁਨੀਆ ਦੀ ਵੱਡੀ ਕੰਪਨੀ ਕਾਰਗਿਲ ਵੱਲੋਂ ਲਗਾਈ ਜਾ ਰਹੀ ਹੈ, ਜੋ ਹਰ ਸਾਲ 4 ਲੱਖ ਮੀਟਰਿਕ ਟਨ ਜਾਨਵਰਾਂ ਦੀ ਫੀਡ ਤਿਆਰ ਕਰੇਗੀ।\ \ਜਾਨਵਰਾਂ ਦੀ ਫੀਡ ਵਿੱਚ ਪਸ਼ੂਆਂ ਦੀ ਫੀਡ, ਪੋਲਟਰੀ ਫੀਡ ਅਤੇ ਮੱਛੀ ਫਾਰਮ ਦੀ ਫੀਡ ਸ਼ਾਮਿਲ ਹੈ।

ਮੁਕਤ ਵਪਾਰ ਸਮਝੌਤਾ (ਫਰੀ ਟਰੇਡ ਐਗਰੀਮੈਂਟ) ਲਾਗੂ ਹੋਣ ਤੋਂ ਪਹਿਲਾਂ ਇਹ ਇੱਕ ਤਰ੍ਹਾਂ ਨਾਲ ਇਸ ਨੂੰ ਲਾਗੂ ਕਰਨ ਵੱਲ ਚੁੱਕਿਆ ਕਦਮ ਹੈ। ਸਾਲ 2018 ਵਿੱਚ ਪੰਜਾਬ ਦੀ ਕਾਂਗਰਸ ਸਰਕਾਰ ਨੇ ਵਿਧਾਨ ਸਭਾ ਵਿੱਚ ਇੱਕ ਬਿੱਲ ਪਾਸ ਕੀਤਾ, ਜਿਸ ਨੂੰ 'ਦਿ ਪੰਜਾਬ ਰੈਗੂਲੇਸ਼ਨ ਔਫ ਕੈਟਲ ਫੀਡ ਕਨਸੰਟਰੇਟ ਮਿਨਰਲ ਐਂਡ ਮਿਕਸਚਰ ਬਿਲ 2018' ਦਾ ਨਾਮ ਦਿੱਤਾ ਗਿਆ। ਇਹ ਬਿੱਲ ਸੱਤ ਸਾਲ ਪ੍ਰਵਾਨਗੀ ਨਾ ਮਿਲਣ ਕਰਕੇ ਲਟਕਦਾ ਰਿਹਾ ਅਤੇ ਇਸ ਨੂੰ ਸੱਤ ਸਾਲਾਂ ਬਾਅਦ ਭਾਰਤ ਦੇ ਰਾਸ਼ਟਰਪਤੀ ਨੇ ਪ੍ਰਵਾਨਗੀ ਦੇ ਕੇ ਕਾਨੂੰਨ ਬਣਾ ਦਿੱਤਾ ਹੈ। ਸੱਤ ਸਾਲ ਇਸ ਦਾ ਲਟਕਣਾ ਅਤੇ ਅਚਾਨਕ ਕਾਨੂੰਨ ਦਾ ਬਣਨਾ ਮੁਕਤ ਵਪਾਰ ਸਮਝੌਤੇ ਵੱਲ ਭਾਰਤ ਸਰਕਾਰ ਵੱਲੋਂ ਚੁੱਕੇ ਕਦਮਾਂ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। ਇਸ ਕਾਨੂੰਨ ਦੀਆਂ ਮੱਦਾਂ ਸਾਫ ਕਰਦੀਆਂ ਹਨ ਕਿ ਜਾਨਵਰਾਂ ਦੀ ਖੁਰਾਕ ਦੇ ਖੇਤਰ, ਜੋ ਇਕੱਲੇ ਪੰਜਾਬ ਵਿੱਚ ਹੀ 12 ਤੋਂ ਲੈ ਕੇ 16 ਹਜਾਰ ਕਰੋੜ ਦਾ ਰਿਹਾ ਹੈ ਅਤੇ ਹਜ਼ਾਰਾਂ ਫੀਡ ਮਿੱਲਾਂ, ਜਿਨ੍ਹਾਂ ਵਿੱਚ ਦਹਿ ਹਜ਼ਾਰਾਂ ਲੋਕ ਰੁਜ਼ਗਾਰ ਹਾਸਲ ਕਰ ਰਹੇ ਹਨ, ਵਿੱਚ ਕਾਰਪੋਰੇਟ ਕੰਪਨੀਆਂ ਦਾ ਦਾਖਲਾ ਉਨ੍ਹਾਂ ਦੇ ਰੁਜਗਾਰ 'ਤੇ ਹਮਲਾ ਹੈ। ਹਰ ਦੂਜੇ-ਤੀਜੇ ਪਿੰਡ ਵਿੱਚ ਇੱਕ ਛੋਟੀ ਫੀਡ ਮਿੱਲ ਤੋਂ ਲੈ ਕੇ



ਕਸਬਿਆਂ ਤੇ ਸ਼ਹਿਰਾਂ ਵਿੱਚ ਕਾਫੀ ਗਿਣਤੀ ਵਿੱਚ ਫੀਡ ਮਿੱਲਾਂ ਹਨ, ਜਿਨ੍ਹਾਂ ਉੱਪਰ ਇਸ ਕਾਨੂੰਨ ਨੇ ਤਲਵਾਰ ਲਟਕਾ ਦਿੱਤੀ ਹੈ। ਛੋਟੇ ਤੇ ਦਰਮਿਆਨੇ ਉਦਯੋਗ ਲਗਾਤਾਰ ਪਹਿਲਾਂ ਹੀ ਮਾਰ ਚੱਲ ਰਹੇ ਹਨ ਅਤੇ ਇਹ ਹੁਣ ਹੋਰ ਵੀ ਮਾਰ ਹੇਠ ਆ ਗਏ ਹਨ। ਇਸ ਕਾਨੂੰਨ ਦਾ ਰਜਿਸਟਰੇਸ਼ਨ ਨਾਲ ਸਬੰਧਿਤ ਸੈਕਸ਼ਨ ਸਭ ਤੋਂ ਵੱਧ ਘਾਤਕ ਹੈ।

ਸੈਕਸ਼ਨ 3(1) ਮੁਤਾਬਿਕ ਜਾਨਵਰਾਂ ਦੀ ਖੁਰਾਕ ਬਣਾਉਣ, ਸਟੋਰ ਕਰਨ ਅਤੇ ਵੇਚਣ ਲਈ ਰਜਿਸਟਰੇਸ਼ਨ ਲਾਜ਼ਮੀ ਹੈ। ਰਜਿਸਟਰੇਸ਼ਨ ਤੋਂ ਬਿਨਾਂ ਕੋਈ ਵੀ ਪਸ਼ੂ ਖੁਰਾਕ ਨੂੰ ਨਾ ਬਣਾ ਸਕੇਗਾ, ਨਾ ਸਟੋਰ ਕਰ ਸਕੇਗਾ ਤੇ ਨਾ ਵੇਚ ਸਕੇਗਾ। ਇਸ ਦੇ ਨਾਲ ਹਰ ਇਕ ਜਗ੍ਹਾ ਲਈ ਵੱਖਰੀ ਰਜਿਸਟਰੇਸ਼ਨ ਦੀ ਜਰੂਰਤ ਹੋਵੇਗੀ, ਭਾਵੇਂ ਵੇਚਣਾ ਹੋਵੇ, ਬਣਾਉਣਾ ਹੋਵੇ ਜਾਂ ਭਾਵੇਂ ਡੀਲਰ ਹੋਵੇ। ਸੈਕਸ਼ਨ 1(ਜੀ) ਮੁਤਾਬਿਕ ਫੀਡ ਬਣਾਉਣ ਵਾਲਿਆਂ 'ਚ ਛੋਟੀਆਂ ਤੇ ਦਰਮਿਆਨੀਆਂ ਕੰਪਨੀਆਂ ਵੀ ਸ਼ਾਮਿਲ ਹਨ, ਜਿਸ ਨਾਲ ਵੱਡੀਆਂ ਕੰਪਨੀਆਂ ਲਈ ਜਾਨਵਰਾਂ ਦੀ ਖੁਰਾਕ ਬਣਾਉਣ ਦੇ ਖੇਤਰ ਦਾ ਰਾਹ ਕਾਨੂੰਨੀ ਤੌਰ 'ਤੇ ਖੁੱਲ੍ਹਦਾ ਹੈ। ਰਜਿਸਟਰੇਸ਼ਨ ਵਾਲੀ ਮੱਦ ਸਾਫ ਕਰਦੀ ਹੈ ਕਿ ਛੋਟੇ ਤੇ ਦਰਮਿਆਨੇ ਸਨਅਤਕਾਰ ਦਾ ਹੁਣ ਇਸ ਕਾਰੋਬਾਰ ਵਿੱਚ ਟਿਕ ਸਕਣਾ ਬੇਹੱਦ ਮੁਸ਼ਕਿਲ ਹੈ। ਇਸ ਬਾਬਤ ਫੀਡ ਮਿੱਲ ਮਾਲਕ ਵੀ ਸਮਝਦੇ ਹਨ ਕਿ ਫੀਡ ਸਬੰਧੀ ਇਹ ਸ਼ਰਤਾਂ ਬੇਹੱਦ ਕਠੋਰ ਹਨ ਅਤੇ ਛੋਟੇ ਤੇ ਦਰਮਿਆਨੇ ਫੀਡ ਮਿੱਲ ਮਾਲਕ ਲਈ ਇਹ ਸ਼ਰਤਾਂ ਪੂਰੀਆਂ ਕਰਨੀਆਂ ਸੰਭਵ ਨਹੀਂ। ਬਿਨਾਂ ਰਜਿਸਟਰੇਸ਼ਨ ਫੀਡ ਵੇਚਣ ਵਾਲੇ ਨੂੰ ਤਿੰਨ ਸਾਲ ਤੱਕ ਕੈਦ ਦਾ ਪ੍ਰਾਵਧਾਨ ਹੈ। ਫੂਡ ਸੇਫਟੀ ਐਂਡ ਸਕਿਉਰਿਟੀ ਅਥਾਰਿਟੀ ਔਫ ਇੰਡੀਆ ਦੀਆਂ ਸ਼ਰਤਾਂ ਤੇ ਨਵੇਂ ਕਾਨੂੰਨ ਦੀਆਂ ਮੱਦਾਂ ਫੀਡ ਮਿੱਲਰਾਂ ਨੂੰ ਚਿੰਤਤ ਕਰ ਰਹੀਆਂ ਹਨ। ਦੂਸਰੇ ਪਾਸੇ ਕਾਰਗਿਲ ਦੁਨੀਆ ਦੀ ਬਹੁਤ ਵੱਡੀ ਫੀਡ ਕੰਪਨੀ ਹੈ, ਜੋ ਆਪਣੀ ਫੀਡ ਵਿੱਚ ਜੀ.ਐੱਮ. ਅਨਾਜ ਦੀ ਵਰਤੋਂ ਕਰਦੀ ਹੈ। ਭਾਰਤ ਦੇ ਵਣਜ ਮੰਤਰੀ ਪਿਊਸ਼ ਗੋਇਲ ਵਾਰ ਵਾਰ ਕਹਿ ਰਹੇ ਸਨ ਕਿ ਜੀ.ਐੱਮ. ਵਸਤ ਨੂੰ ਅਸੀਂ ਭਾਰਤ ਆਉਣ ਦੀ ਇਜਾਜਤ ਨਹੀਂ ਦੇਵਾਂਗੇ ਕਿਉਂਕਿ ਇਹ ਸਿਹਤ ਲਈ ਠੀਕ ਨਹੀਂ, ਪਰ ਫੂਡ ਸੇਫਟੀ ਐਂਡ ਸਕਿਉਰਿਟੀ ਅਥਾਰਿਟੀ ਔਫ ਇੰਡੀਆ ਜੀ.ਐੱਮ. ਖੁਰਾਕ ਨੂੰ ਮਾਨਤਾ ਦਿੰਦੀ ਹੈ।

ਸਿਰਫ ਜੀ.ਐੱਮ. ਹੀ ਨਹੀਂ, ਸਗੋਂ ਕਾਰਗਿਲ ਕੰਪਨੀ ਮਾਸਾਹਾਰੀ ਫੀਡ ਤਿਆਰ ਕਰਦੀ ਹੈ। ਇਹ ਸਰਕਾਰ ਦੇ ਦਾਅਵਿਆਂ ਦੇ ਉਲਟ ਤੇ ਸ਼ਾਕਾਹਾਰੀ ਲੋਕਾਂ ਨੂੰ ਜਬਰੀ ਮਾਸਾਹਾਰੀ ਦੁੱਧ ਪਿਆਉਣ ਵਾਲੀ ਗੱਲ ਹੈ।

ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਕਾਨੂੰਨ ਤੇ ਇਸ ਅਥਾਰਿਟੀ ਦੀਆਂ ਸ਼ਰਤਾਂ ਕਾਰਪੋਰੇਟ ਕੰਪਨੀਆਂ ਲਈ ਰਾਹ ਖੋਲ੍ਹਣਗੀਆਂ ਤੇ ਛੋਟੇ ਮਿੱਲਰਾਂ ਲਈ ਰਾਹ ਬੰਦ ਕਰਨਗੀਆਂ, ਬਿਹਤਰ ਫੀਡ ਬਿਹਤਰ ਦੁੱਧ ਦੇ ਦਾਅਵੇ ਖੋਖਲੇ ਹਨ।

ਪੰਜਾਬ 'ਚ ਹਰ ਸਾਲ ਸਿਰਫ 18 ਤੋਂ 20 ਫੀਸਦੀ ਹਿੱਸਾ ਹੀ ਬਰਾਂਡਿਡ ਫੀਡ ਦੇ ਨਾਮ ਹੇਠ ਵਿਕਦਾ ਹੈ, ਬਾਕੀ ਸਾਰੀ ਫੀਡ ਗੈਰ-ਬਰਾਂਡਿਡ ਹੈ। ਇਸ ਕਰਕੇ ਕੰਪਨੀਆਂ ਇਸ ਨੂੰ ਇੱਕ ਮੌਕੇ ਦੇ ਰੂਪ ਵਿੱਚ ਦੇਖ ਰਹੀਆਂ ਹਨ।

ਰਿਪੋਰਟ ਔਨ ਇੰਡੀਅਨ ਫੀਡ ਮਾਰਕੀਟ ਸਾਈਜ਼ ਟਰੈਂਡਜ ਐਂਡ ਫੋਰਕਾਸਟ ਬਾਇ ਪ੍ਰੋਡਕਟ ਟਾਈਪ ਐਂਡ ਰਿਜਨ 2026-2034 ਮੁਤਾਬਿਕ ਪਸ਼ੂਆਂ ਦਾ ਖੇਤਰ (ਲਾਈਵਸਟੌਕ ਸੈੱਕਟਰ) ਛੋਟੇ ਕਿਸਾਨਾਂ ਦੁਆਰਾ ਸੀਮਿਤ ਸਾਧਨਾਂ ਰਾਹੀਂ ਚਲਾਇਆ ਜਾ ਰਿਹਾ ਹੈ। ਇਹ ਛੋਟੇ ਕਿਸਾਨ ਫੀਡ ਪੈਦਾ ਕਰਨ ਦੇ ਖੇਤਰ 'ਚ ਮੰਡੀ ਦੇ ਦਖਲ 'ਚ ਅੜਿੱਕਾ ਹਨ। ਇਹ ਕਿਸਾਨ ਘਰੇਲੂ ਫੀਡ 'ਤੇ ਨਿਰਭਰ ਹਨ। ਇਸ ਤੋਂ ਭਾਵ ਇਹ ਹੈ ਕਿ ਮੰਡੀ ਦੀਆਂ ਤਾਕਤਾਂ ਛੋਟੇ ਕਿਸਾਨਾਂ ਤੇ ਘਰੇਲੂ ਫੀਡ ਨੂੰ ਅੜਿੱਕਾ ਮੰਨਦੀਆਂ ਹਨ ਤੇ ਨੀਤੀਘਾੜੇ ਇਨ੍ਹਾਂ ਅੜਿੱਕਿਆਂ ਨੂੰ ਹਟਾਉਣ ਲਈ ਕਾਹਲੇ ਹਨ।

ਪਸ਼ੂਆਂ ਅਤੇ ਉਨ੍ਹਾਂ ਦੀ ਫੀਡ ਨਾਲ ਸਬੰਧਿਤ ਕਈ ਹੋਰ ਅਹਿਮ ਮਸਲੇ ਹਨ, ਜਿਨ੍ਹਾਂ ਬਾਰੇ ਨੀਤੀਘਾੜਿਆਂ ਨੂੰ ਸੰਬੰਧਿਤ ਹੋਣਾ ਚਾਹੀਦਾ ਹੈ।

ਕਾਰਗਿਲ ਲਈ ਰਾਹ ਖੋਲ੍ਹ ਚੁੱਕੇ ਪੰਜਾਬ ਦੀ ਸਥਿਤੀ ਬਾਰੇ ਚਰਚਾ ਕਰਨ ਦੇ ਨਾਲ ਨਾਲ ਗੁਆਂਢੀ ਸੂਬੇ ਹਰਿਆਣੇ 'ਤੇ ਇੱਕ ਪੰਛੀ ਝਾਤ ਪਾਈਏ।

20ਵੇਂ ਲਾਈਵਸਟੌਕ ਸੈਨਸਸ ਮੁਤਾਬਿਕ ਹਰਿਆਣੇ ਵਿੱਚ 43.68 ਲੱਖ (4.37 ਮਿਲੀਅਨ ਤੋਂ 4.4 ਮਿਲੀਅਨ ਤੱਕ) ਮੱਝਾਂ ਹਨ। ਹਰਿਆਣੇ ਨੂੰ ਵੱਧ ਦੁੱਧ ਦੇਣ ਵਾਲੀਆਂ ਮੱਝਾਂ ਦਾ ਧੁਰਾ ਮੰਨਿਆ ਜਾਂਦਾ ਹੈ। ਮੁਰ੍ਹਾ ਨਸਲ ਨੂੰ ਹਰਿਆਣੇ ਦਾ ਕਾਲਾ ਸੋਨਾ ਕਿਹਾ ਜਾਂਦਾ ਹੈ। ਵੀਹਵੀਂ ਪਸ਼ੂ ਗਣਨਾ ਮੁਤਾਬਿਕ ਮੱਝਾਂ ਦੀ ਦੁੱਧ ਪੈਦਾਵਾਰ 'ਚ ਹਰਿਆਣਾ ਸਿਖਰ 'ਤੇ ਹੈ। ਦੂਜੇ ਪਾਸੇ ਪੰਜਾਬ ਕੋਲ ਵੀਹਵੀਂ ਪਸ਼ੂ ਗਣਨਾ ਮੁਤਾਬਿਕ 40.15 ਲੱਖ (4.01 ਮਿਲੀਅਨ) ਮੱਝਾਂ ਹਨ। 2024-25 ਦੀ ਗਣਨਾ ਦੇ ਮੁੱਢਲੇ ਅੰਕੜਿਆਂ ਮੁਤਾਬਿਕ ਪੰਜਾਬ 'ਚ ਪਿਛਲੀ ਗਣਨਾ ਮੁਤਾਬਿਕ 5.22 ਲੱਖ ਮੱਝਾਂ ਦੀ ਗਿਣਤੀ ਘਟ ਗਈ ਹੈ। ਇਹ ਗਿਣਤੀ ਲਗਾਤਾਰ ਘਟ ਰਹੀ ਹੈ। ਸਾਲ 1992 'ਚ ਪੰਜਾਬ 57.64 ਲੱਖ ਮੱਝਾਂ ਸਨ, ਭਾਵ ਲਗਭਗ 17 ਲੱਖ ਮੱਝਾਂ ਘਟ ਚੁੱਕੀਆਂ ਹਨ, ਜੋ ਕਿ ਪੰਜਾਬ ਦੀ ਪੇਂਡੂ ਆਰਥਿਕਤਾ 'ਚ ਅਹਿਮ ਥਾਂ ਰੱਖਦੀਆਂ ਸਨ।

ਇਸ ਦਾ ਕਾਰਨ ਸਥਾਨਕ ਨਸਲਾਂ ਨੂੰ ਵਿਕਸਿਤ ਕਰਨ ਦੀ ਥਾਂ ਵਿਦੇਸ਼ੀ ਗਾਵਾਂ 'ਤੇ ਜ਼ੋਰ ਦੇਣਾ ਹੈ। ਅੱਜ ਪੰਜਾਬ ਵਿੱਚ ਵਿਦੇਸ਼ੀ ਗਾਵਾਂ ਦੀ ਗਿਣਤੀ ਵੱਡੀ ਪੱਧਰ 'ਤੇ ਵਧ ਰਹੀ ਹੈ। ਸਿਰਫ 2014 ਵਿੱਚ ਹੀ 1.36 ਲੱਖ ਵਿਦੇਸ਼ੀ ਸੀਮਨ ਦੀਆਂ ਡੋਜਾਂ ਮੰਗਵਾਈਆਂ ਗਈਆਂ। ਸਾਲ 2019 'ਚ ਮੁਲਕ ਵਿੱਚ 26.9 ਫੀਸਦੀ ਵਿਦੇਸ਼ੀ ਤੇ ਕਰਾਸਬ੍ਰੀਡ ਦੀ ਗਿਣਤੀ ਵਧੀ ਅਤੇ ਪੰਜਾਬ ਮੋਹਰੀ ਸੂਬਿਆਂ 'ਚ ਸ਼ੁਮਾਰ ਸੀ। ਇਹ ਆਮ ਧਾਰਨਾ ਹੈ ਕਿ ਵਿਦੇਸ਼ੀ ਗਾਵਾਂ ਪਾਲਣ ਵਾਲੇ ਪਸ਼ੂਆਂ ਦਾ ਇੱਕ ਡਾਕਟਰ ਵੀ ਪਾਲਦੇ ਹਨ ਕਿਉਂਕਿ ਇਹ ਨਸਲਾਂ ਸਾਡੇ ਵਾਤਾਵਰਣ 'ਚ ਢਲੀਆਂ ਨਾ ਹੋਣ ਕਾਰਨ ਅਕਸਰ ਬਿਮਾਰ ਹੁੰਦੀਆਂ ਹਨ। ਪੰਜਾਬ 'ਚ ਲਾਵਾਰਿਸ ਪਸ਼ੂਆਂ ਦਾ 80 ਫੀਸਦੀ ਹਿੱਸਾ ਵੀ ਇਹੀ ਵਿਦੇਸ਼ੀ ਗਾਵਾਂ ਹਨ। ਬਿਹਤਰ ਦੁੱਧ ਵਰਤਣ ਦੀ ਇੱਛਾ ਵਾਲੇ ਅੱਜ ਵੀ ਮੱਝਾਂ ਤੇ ਦੇਸੀ ਗਾਵਾਂ ਨੂੰ ਪਹਿਲ ਦਿੰਦੇ ਹਨ, ਪਰ ਸ਼ਾਇਦ ਸਰਕਾਰ ਦੀ ਤਰਜੀਹ ਹੁਣ ਬਿਹਤਰ ਦੁੱਧ ਨਹੀਂ ਸਗੋਂ ਵੱਧ ਦੁੱਧ ਹੈ। ਇਹ ਚਿੱਟਾ ਇਨਕਲਾਬ ਵੀ ਹਰੇ ਇਨਕਲਾਬ ਵਾਂਗ ਸਾਡੇ ਵਾਤਾਵਰਣ ਮੁਤਾਬਿਕ ਨਾ ਹੋ ਕੇ ਸਾਡੇ ਹਿੱਤਾਂ ਦੇ ਉਲਟ ਹੈ। ਵਾਰ-ਵਾਰ ਮੰਗ ਕਰਨ 'ਤੇ ਵੀ ਹਰ ਸ਼ਹਿਰ, ਕਸਬੇ ਵਿੱਚ ਦੁੱਧ ਤੇ ਸਾਰੀਆਂ ਡੇਅਰੀ ਵਸਤਾਂ ਨੂੰ ਚੈੱਕ ਕਰਨ ਲਈ ਕੋਈ ਲੈਬ ਨਹੀਂ ਤੇ ਨਾ ਹੀ ਕੋਈ ਇਸ ਤਰ੍ਹਾਂ ਦਾ ਉਪਕਰਨ ਵਿਕਸਿਤ ਕੀਤਾ ਗਿਆ, ਜਿਸ ਨਾਲ ਆਮ ਗਾਹਕ ਡੇਅਰੀ ਵਸਤਾਂ ਚੈੱਕ ਕਰਕੇ ਨਕਲੀ ਡੇਅਰੀ ਵਸਤਾਂ ਨੂੰ ਰੱਦ ਕਰ ਸਕੇ ਤੇ ਅਸਲੀ ਵਸਤਾਂ ਉਤਸ਼ਾਹਿਤ ਹੋਣ। ਨੀਤੀਘਾੜਿਆਂ ਨੇ ਇਨ੍ਹਾਂ ਮਸਲਿਆਂ ਨੂੰ ਸੰਬੰਧਿਤ ਹੋਣ ਦੀ ਬਜਾਏ ਪਹਿਲਾਂ ਵਿਦੇਸ਼ੀ ਨਸਲਾਂ ਤੇ ਹੁਣ ਵਿਦੇਸ਼ੀ ਫੀਡ ਲਈ ਕਾਨੂੰਨੀ ਰਾਹ ਖੋਲ੍ਹ ਕੇ ਪੰਜਾਬ 'ਚ ਦੁੱਧ ਦੀ ਗੁਣਵੱਤਾ ਤੇ ਰੁਜਗਾਰ ਦੇ ਮੌਕਿਆਂ ਨੂੰ ਹੋਰ ਘਟਾਉਣ ਦਾ ਰਾਹ ਅਪਣਾ ਲਿਆ ਜਾਪਦਾ ਹੈ।

ਰਜਿੰਦਰ ਸਿੰਘ

# ਸੋਸ਼ਲ ਮੀਡੀਆ ਬਨਾਮ ਬੱਚੇ

ਅੱਜ ਦੇ ਯੁੱਗ ਵਿਚ ਤਕਨਾਲੋਜੀ ਦਾ ਬਹੁਤ ਬੋਲਬਾਲਾ ਹੈ। ਦੂਜੇ ਪਾਸੇ ਬੱਚੇ ਬਿਮਾਰੀਆਂ ਨਾਲ ਗ੍ਰਸਤ ਹੋ ਰਹੇ ਹਨ। ਪਹਿਲੇ ਸਮਿਆਂ ਵਿਚ ਵਿੱਦਿਆ ਤੋਂ ਇਲਾਵਾ ਸਮਾਂ ਮਿਲਣ 'ਤੇ ਬੱਚਿਆਂ ਦਾ ਧਿਆਨ ਖੇਡ-ਕੁੱਦ ਵਿਚ ਹੁੰਦਾ ਸੀ। ਉਹ ਘਰੋਂ ਬਾਹਰ ਨਿਕਲਦੇ ਸਨ ਤੇ ਆਪਣੇ ਸਹਿ-ਪਾਠੀਆਂ ਨਾਲ ਖੇਡਣਾ-ਕੁੱਦਣਾ ਪਸੰਦ ਕਰਦੇ ਸਨ ਪਰ ਅੱਜ ਦੇ ਯੁੱਗ ਵਿਚ ਉਨ੍ਹਾਂ ਦੇ ਹੱਥਾਂ ਵਿਚ ਮੋਬਾਈਲ ਫੋਨ ਹਨ ਜਿਨ੍ਹਾਂ ਵਿਚ ਇੰਟਰਨੈੱਟ ਦੀ ਸਹੂਲਤ ਹੋਣ ਕਾਰਨ ਉਨ੍ਹਾਂ ਨੂੰ ਆਪਣੇ ਕਮਰਿਆਂ ਤੋਂ ਨਿਕਲਣ ਦੀ ਲੋੜ ਨਹੀਂ ਪੈਂਦੀ। ਇਹ ਇਕ ਤਰ੍ਹਾਂ ਨਾਲ ਬਿਮਾਰੀਆਂ ਨੂੰ ਸੱਦਾ ਦੇਣ ਵਾਲਾ ਰੁਝਾਨ ਹੈ। ਜਿਆਦਾ ਸਮਾਂ ਮੋਬਾਈਲ ਦੀ ਵਰਤੋਂ ਕਰਨ ਕਾਰਨ ਬੱਚਿਆਂ ਅਤੇ ਕਿਸ਼ੋਰਾਂ ਵਿਚ ਨੀਂਦ ਦੀ ਕਮੀ, ਪੜ੍ਹਾਈ ਵਿਚ ਗਿਰਾਵਟ ਅਤੇ ਮਾਨਸਿਕ ਸਿਹਤ ਨਾਲ ਸਬੰਧਤ ਸਮੱਸਿਆਵਾਂ ਜਿਵੇਂ ਡਿਪ੍ਰੈਸ਼ਨ, ਚਿੰਤਾ ਅਤੇ ਆਤਮ-ਵਿਸਵਾਸ ਦੀ ਕਮੀ ਦੇ ਮਾਮਲੇ ਸਾਹਮਣੇ ਆ ਰਹੇ ਹਨ।

ਸੋਸਲ ਮੀਡੀਆ, ਖਾਸ ਤੌਰ 'ਤੇ ਫੇਸਬੁੱਕ, ਇੰਸਟਾਗ੍ਰਾਮ ਤੇ ਯੂਟਿਊਬ ਵਰਗੇ ਪਲੇਟਫਾਰਮਾਂ ਦਾ ਜਨੂੰਨ ਬੱਚਿਆਂ ਦੀ ਮਾਨਸਿਕ ਸਿਹਤ, ਉਨ੍ਹਾਂ ਦੇ ਵਧਣ-ਫੁੱਲਣ ਦੀ ਪ੍ਰਕਿਰਿਆ, ਸਮਾਜਿਕ ਰਾਬਤੇ, ਸਿੱਖਿਆ ਅਤੇ ਵਰਚੁਅਲ ਦੁਨੀਆ ਨਾਲ ਜੁੜਨ ਦੇ ਤੌਰ-ਤਰੀਕਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਕੀ ਇਹੀ ਕਾਰਨ ਹੈ ਕਿ ਆਸਟ੍ਰੇਲੀਆ ਨੇ ਪਹਿਲਾਂ ਹੀ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸਲ ਮੀਡੀਆ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਹੈ। ਕਰਨਾਟਕ ਤੇ ਆਂਧਰ ਪ੍ਰਦੇਸ ਦੀਆਂ ਸਰਕਾਰਾਂ ਨੇ ਵੀ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਮੋਬਾਈਲ ਫੋਨ ਦੇ ਇਸਤੇਮਾਲ 'ਤੇ ਪਾਬੰਦੀ ਲਗਾ ਦਿੱਤੀ ਹੈ। ਪੰਜਾਬ ਸਰਕਾਰ ਨੂੰ ਵੀ ਇਸ ਬਾਰੇ ਸੋਚਣਾ ਚਾਹੀਦਾ ਹੈ ਕਿਉਂਕਿ ਅੱਜ-ਕੱਲ੍ਹ ਸਾਈਬਰ ਕਰਾਈਮ ਅਤੇ ਸਾਈਬਰ ਸਕੈਮ ਦੇ ਮਾਮਲੇ ਵੀ ਬਹੁਤ ਵਧ ਰਹੇ ਹਨ। ਬੱਚੇ ਬਿਨਾਂ ਸੋਚੇ-ਸਮਝੇ ਕਿਸੇ ਵੀ ਲਿੰਕ 'ਤੇ ਕਲਿੱਕ ਕਰ ਦਿੰਦੇ ਹਨ ਜਿਸ ਕਾਰਨ ਉਹ ਮੁਸਕਲ ਵਿਚ ਫਸ ਜਾਂਦੇ ਹਨ।

ਜ਼ਰਾ ਸੋਚੋ! ਜੇਕਰ ਤੁਸੀਂ ਆਪਣੇ ਬੱਚੇ ਨੂੰ ਕੁਝ ਦਿਨਾਂ ਲਈ ਸਮਾਰਟਫੋਨ ਦੀ ਵਰਤੋਂ ਨਾ ਕਰਨ ਲਈ ਕਹੋ ਅਤੇ ਇਸ ਦੀ ਬਜਾਏ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ ਜਾਂ ਆਪਣੇ ਦੋਸਤਾਂ ਨਾਲ ਆਹਮੋ-ਸਾਹਮਣੇ ਗੱਲਬਾਤ ਕਰਨ ਲਈ ਉਤਸਾਹਤ ਕਰੋ ਤਾਂ ਤੁਹਾਡੇ ਬੱਚੇ ਦਾ ਰਵੱਈਆ ਕੀ ਹੋਵੇਗਾ? ਸਮਾਰਟਫੋਨ ਦੀ ਆਦਤ ਬੱਚਿਆਂ ਤੋਂ ਬਹੁਤ ਕੁਝ ਖੋਹ ਰਹੀ ਹੈ। ਉਹ ਜਿੰਨੇ ਜਿਆਦਾ ਸਕਰੀਨ ਦੇ ਆਦੀ ਹੁੰਦੇ ਹਨ, ਓਨੇ ਹੀ ਅਸਲ ਦੁਨੀਆ ਤੋਂ ਕੱਟੇ ਜਾਂਦੇ ਹਨ।

ਉਹ ਇਕੱਲਤਾ ਦਾ ਸਿਕਾਰ ਹੋ ਜਾਂਦੇ ਹਨ ਤੇ ਆਪਣੇ ਦੋਸਤਾਂ ਨਾਲ ਬਾਹਰਲੀਆਂ ਖੇਡਾਂ ਫੁੱਟਬਾਲ, ਕ੍ਰਿਕਟ ਆਦਿ ਖੇਡਣ ਦੀ ਖੁਸੀ ਗੁਆ ਲੈਂਦੇ ਹਨ। ਅਜੋਕੀ ਉਤਾਵਲੀ ਪੀੜ੍ਹੀ ਵਿਚ ਨੀਂਦ ਦੀ ਕਮੀ, ਇਕਾਗਰਤਾ ਦਾ ਟੁੱਟਣਾ ਅਤੇ ਇਕੱਲਾਪਣ ਆਮ ਰੁਝਾਨ ਬਣਦੇ ਜਾ ਰਹੇ ਹਨ। ਸਾਲਾਨਾ ਸਿੱਖਿਆ ਰਿਪੋਰਟ (2024) ਅਨੁਸਾਰ ਸਾਡੇ 76 ਫੀਸਦੀ ਬੱਚੇ (14-16 ਉਮਰ ਵਰਗ) ਸੋਸਲ ਮੀਡੀਆ ਚਲਾਉਣ ਲਈ ਸਮਾਰਟਫੋਨ ਦੀ ਵਰਤੋਂ ਕਰਦੇ ਹਨ।

ਕੰਟੈਂਟ ਕ੍ਰੀਏਟਰਾਂ, ਯੂਟਿਊਬ ਵਲੋਗਰਾਂ ਦਾ ਬੱਚਿਆਂ ਦੇ ਕੋਮਲ ਮਨਾਂ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਸੋ, ਅਸੀਂ ਕੁਝ ਅਜਿਹੇ ਠੋਸ ਕਦਮ ਚੁੱਕੀਏ ਤਾਂ ਜੋ ਬੱਚਿਆਂ 'ਚ ਇਸ ਲਤ ਨੂੰ ਘਟਾਇਆ ਜਾ ਸਕੇ। ਅਧਿਆਪਕਾਂ ਅਤੇ ਮਾਪਿਆਂ ਵਜੋਂ ਸਾਨੂੰ ਬੱਚਿਆਂ ਨਾਲ ਪਿਆਰ ਤੇ ਹਮਦਰਦੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਅਸਲ ਤੇ ਵਰਚੁਅਲ ਵਿਚ ਫਰਕ ਕਰਨ ਲਈ ਉਤਸਾਹਤ ਕਰਨਾ ਚਾਹੀਦਾ ਹੈ। ਦੋਸਤਾਂ ਤੇ ਗੁਆਂਢੀਆਂ ਨਾਲ ਮਿਲਣ-ਗਿਲਣ, ਭੱਜ- ਦੌੜ ਵਾਲੀਆਂ ਖੇਡਾਂ ਖੇਡਣ, ਚੰਗੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਉਣ ਤੇ ਆਲੋਚਨਾਤਮਕ ਸੋਚ ਤੇ ਚਿੰਤਨ ਸਕਤੀ ਨੂੰ ਤੇਜ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

ਵੀਰਪ੍ਰੀਤ ਕੌਰ


GLENWOOD FOOD HUB
(Indian Cuisine)
Dine in
Catering
Take away
Deep FOOD HUB
Happy Vaisakhi
SHOP 5A/N 60 GLENWOOD DRIVE
GLENWOOD NSW 2768 AUSTRALIA
FOR MORE INFO CALL US ON 0433327245
DEEP FOOD HUB
CARMEL VILLAGE SHOPPING CENTRE,
BOX HILL, NSW 2765 AUSTRALIA
Authentic Indian Food, Sweets & Caterings
FOR MORE INFO CALL US ON 0412 597 414 (ROBIN)
RSVP: RUPINDER SINGH & HARRY SINGH

# ਵਿਸ਼ਵ ਨੂੰ ਸੰਕਟ 'ਚ ਪਾਉਣ ਵਾਲੀ ਜੰਗ

ਅਮਰੀਕਾ-ਇਜਰਾਈਲ ਅਤੇ ਈਰਾਨ ਵਿਚਕਾਰ ਪਿਛਲੇ ਇਕ ਮਹੀਨੇ ਤੋਂ ਚੱਲ ਰਹੇ ਯੁੱਧ ਨੂੰ ਅਮਰੀਕੀ ਰਾਸਟਰਪਤੀ ਡੋਨਾਲਡ ਟਰੰਪ ਰੋਕਣ ਦੀ ਕੋਸਿਸ ਕਰਦੇ ਤਾਂ ਦਿਸ ਰਹੇ ਹਨ ਪਰ ਉਹ ਇਸ ਵਿਚ ਸਫਲ ਨਹੀਂ ਹੋ ਰਹੇ। ਇਸ ਦਾ ਕਾਰਨ ਉਨ੍ਹਾਂ ਦਾ ਆਪਾ-ਵਿਰੋਧੀ ਅਤੇ ਬੇਭਰੋਸਗੀ ਵਾਲਾ ਰਵੱਈਆ ਹੈ। ਉਹ ਈਰਾਨ ਨੂੰ ਧਮਕੀ ਵੀ ਦੇ ਰਹੇ ਹਨ ਅਤੇ ਉਸ ਨੂੰ ਜੰਗਬੰਦੀ ਦੀ ਪੇਸਕਸ ਵੀ ਕਰ ਰਹੇ ਹਨ।



ਟਰੰਪ ਨੇ ਈਰਾਨ ਨਾਲ ਗੱਲਬਾਤ ਦਾ ਹਵਾਲਾ ਦਿੰਦੇ ਹੋਏ ਪਹਿਲਾਂ ਉਸ ਦੇ ਬਿਜਲੀ ਅਤੇ ਊਰਜਾ ਟਿਕਾਣਿਆਂ 'ਤੇ ਪੰਜ ਦਿਨਾਂ ਤੱਕ ਹਮਲੇ ਰੋਕਣ ਦਾ ਐਲਾਨ ਕੀਤਾ, ਫਿਰ ਇਸ ਮਿਆਦ ਨੂੰ ਹੋਰ ਵਧਾ ਦਿੱਤਾ। ਇਸ ਦੌਰਾਨ, ਉਨ੍ਹਾਂ ਨੇ ਈਰਾਨ ਦੇ ਸਾਹਮਣੇ ਜੋ 15 ਸੂਤਰੀ ਜੰਗਬੰਦੀ ਪ੍ਰਸਤਾਵ ਰੱਖਿਆ, ਉਸ ਦੇ ਜਵਾਬ ਵਿਚ ਈਰਾਨ ਨੇ ਵੀ ਆਪਣੀਆਂ ਪੰਜ ਸਰਤਾਂ ਰੱਖ ਦਿੱਤੀਆਂ। ਪੰਦਰਾਂ ਸੂਤਰੀ ਪ੍ਰਸਤਾਵ ਅਤੇ ਪੰਜ ਸਰਤਾਂ ਕਾਰਨ ਦੋਹਾਂ ਧਿਰਾਂ ਵਿਚਕਾਰ ਕਿਸੇ ਸਾਰਥਕ ਗੱਲਬਾਤ ਦੇ ਆਸਾਰ ਘੱਟ ਹੀ ਹਨ, ਕਿਉਂਕਿ ਦੋਵਾਂ ਵਿਚਕਾਰ ਭਰੋਸੇ ਦੀ ਘਾਟ ਹੈ।

ਸਮੱਸਿਆ ਇਹ ਵੀ ਹੈ ਕਿ ਟਰੰਪ ਦੀ ਕਿਸੇ ਵੀ ਗੱਲ ਦਾ ਭਰੋਸਾ ਨਹੀਂ ਕੀਤਾ ਜਾ ਸਕਦਾ। ਈਰਾਨ ਨੇ ਇਹ ਸਮਝ ਲਿਆ ਹੈ ਕਿ ਉਹ ਸਮੁੰਦਰੀ ਮਾਰਗ ਹੋਰਮੁਜ 'ਤੇ ਆਪਣਾ ਦਬਦਬਾ ਬਣਾਈ ਰੱਖ ਕੇ ਅਤੇ ਉਸ ਵਿਚ ਅੜਿੱਕਾ ਪਾ ਕੇ ਅਮਰੀਕਾ ਨੂੰ ਝੁਕਾ ਸਕਦਾ ਹੈ ਕਿਉਂਕਿ ਇਸ ਮਾਰਗ ਦੇ ਬੰਦ ਹੋਣ ਕਾਰਨ ਉਪਜਿਆ ਊਰਜਾ ਸੰਕਟ ਵਿਸਵ-ਵਿਆਪੀ ਰੂਪ ਧਾਰ ਚੁੱਕਾ ਹੈ। ਅਮਰੀਕਾ ਦਜੀ ਮੰਨੀਏ ਤਾਂ ਉਹ ਕਈ ਵਿਚੋਲਿਆਂ ਜਰੀਏ ਈਰਾਨ ਨਾਲ ਗੱਲਬਾਤ ਕਰ ਰਿਹਾ ਹੈ। ਇਨ੍ਹਾਂ ਵਿਚੋਲਿਆਂ ਵਿਚ ਮਿਸਰ, ਤੁਰਕੀ ਅਤੇ ਪਾਕਿਸਤਾਨ ਦਾ ਵੀ ਨਾਂ ਹੈ। ਆਪਣੀ ਭੂਗੋਲਿਕ ਸਥਿਤੀ ਕਾਰਨ ਪਾਕਿਸਤਾਨ ਅਮਰੀਕਾ ਲਈ ਲਾਭਦਾਇਕ ਹੈ। ਅਮਰੀਕਾ ਉਸ ਜਰੀਏ ਈਰਾਨ ਵਿਚ ਦਖਲ ਦੇਣ ਦੀ ਸਥਿਤੀ ਵਿਚ ਹੈ। ਇਕ ਸਮੇਂ ਅਮਰੀਕਾ ਨੇ ਪਾਕਿਸਤਾਨ ਦੇ ਸਹਾਰੇ ਹੀ ਅਫਗਾਨਿਸਤਾਨ ਵਿਚ ਫੌਜੀ ਦਖਲਅੰਦਾਜੀ ਕੀਤੀ ਸੀ।

ਮੰਨਿਆ ਜਾਂਦਾ ਹੈ ਕਿ ਈਰਾਨ ਨੂੰ ਨਿਸਾਨੇ 'ਤੇ ਲੈਣ ਦੀ ਰਣਨੀਤੀ ਕਾਰਨ ਹੀ ਅਮਰੀਕੀ ਰਾਸਟਰਪਤੀ ਟਰੰਪ ਨੇ ਪਾਕਿਸਤਾਨ ਨਾਲ ਨੇੜਤਾ ਵਧਾਈ ਸੀ। ਜੋ ਵੀ ਹੋਵੇ, ਪਾਕਿਸਤਾਨ ਭਾਵੇਂ ਹੀ ਪਰਮਾਣੂ ਹਥਿਆਰਾਂ ਨਾਲ ਸੰਪੰਨ ਇਕਲੌਤਾ ਇਸਲਾਮੀ ਦੇਸ ਹੋਣ ਕਾਰਨ ਆਪਣੇ-ਆਪ ਨੂੰ ਮੁਸਲਿਮ ਦੇਸਾਂ ਵਿਚ ਖਾਸ ਸਮਝਦਾ ਹੋਵੇ ਪਰ ਉਸ ਦੀ ਅੰਤਰਰਾਸਟਰੀ ਸਾਖ ਬਹੁਤ ਹੀ ਖਰਾਬ ਹੈ ਅਤੇ ਉਹ ਬਿਲਕੁਲ ਵੀ ਭਰੋਸੇਯੋਗ ਦੇਸ ਨਹੀਂ ਹੈ। ਇਸ ਲਈ ਉਹ ਅਮਰੀਕਾ ਅਤੇ ਈਰਾਨ ਵਿਚਕਾਰ ਵਿਚੋਲਗੀ ਕਰਨ ਦੀ ਸਥਿਤੀ ਵਿਚ ਨਹੀਂ ਹੈ। ਖੁਦ ਉਸ ਦੇ ਵਿਦੇਸ ਮੰਤਰੀ ਕਹਿ ਰਹੇ ਹਨ ਕਿ ਪਾਕਿਸਤਾਨ ਦੋਹਾਂ ਦੇਸਾਂ ਵਿਚਕਾਰ ਸਿਰਫ ਸੰਦੇਸਾਂ ਦਾ ਅਦਾਨ-ਪ੍ਰਦਾਨ ਕਰ ਰਿਹਾ ਹੈ। ਅਜਿਹਾ ਕਰਦੇ ਹੋਏ ਉਹ ਅਮਰੀਕਾ ਤੋਂ ਆਪਣੇ ਸਵਾਰਥ ਸਿੱਧ ਕਰਵਾਉਣ ਦੀ ਕੋਸਿਸ ਕਰਦਾ ਹੈ ਤਾਂ ਇਸ ਵਿਚ ਹੈਰਾਨੀ ਨਹੀਂ। ਉਹ ਆਪਣੇ ਫਾਇਦੇ ਲਈ ਖੁਦ ਨੂੰ ਵਰਤਣ ਅਤੇ ਦੋਸਤੀ ਦੇ ਨਾਂ 'ਤੇ ਧੋਖਾ ਦੇਣ ਵਿਚ ਮਾਹਰ ਹੈ। ਇਸੇ ਲਈ ਭਾਰਤੀ ਵਿਦੇਸ ਮੰਤਰੀ ਜੈਸੰਕਰ ਨੇ ਉਸ ਨੂੰ 'ਦਲਾਲ ਦੇਸ' ਦਾ ਦਿੱਤਾ। ਇਹ ਉਸ ਦਾ ਬਿਲਕੁਲ ਸਹੀ ਨਾਂ ਹੈ।

ਟਰੰਪ ਈਰਾਨ ਦੇ ਸਬੰਧ ਵਿਚ ਵੱਖ-ਵੱਖ ਬਿਆਨ ਦੇਣ ਦੇ ਨਾਲ-ਨਾਲ ਅਜਿਹੇ ਸੰਕੇਤ ਵੀ ਦੇ ਰਹੇ ਹਨ ਕਿ ਉਹ ਇਸ ਯੁੱਧ ਨੂੰ ਰੋਕਣਾ ਚਾਹੁੰਦੇ ਹਨ। ਉਨ੍ਹਾਂ ਦੇ ਅਜਿਹੇ ਸੰਕੇਤਾਂ ਦਾ ਅਸਰ ਸੇਅਰ ਮਾਰਕੀਟ ਵਿਚ ਵੇਖਣ ਨੂੰ ਮਿਲ ਰਿਹਾ ਹੈ ਪਰ ਇਹ ਕਹਿਣਾ ਮੁਸਕਲ ਹੈ ਕਿ ਯੁੱਧ ਖਤਮ ਹੋਣ ਦੇ ਨੇੜੇ ਹੈ, ਕਿਉਂਕਿ ਈਰਾਨ ਅਤੇ ਇਜਰਾਈਲ ਦੇ ਹਮਲੇ ਜਾਰੀ ਹਨ। ਹੋਰਮੁਜ ਮਾਰਗ ਵੀ ਖੁੱਲ੍ਹਣ ਦੇ ਆਸਾਰ ਨਹੀਂ ਦਿਖਾਈ ਦੇ ਰਹੇ ਹਨ।

ਇਸ ਯੁੱਧ ਨੂੰ ਲੈ ਕੇ ਬੇਯਕੀਨੀ ਦੇ ਵਿਚਕਾਰ ਅਮਰੀਕੀ ਰਾਸਟਰਪਤੀ ਨੇ ਭਾਰਤੀ ਪ੍ਰਧਾਨ ਮੰਤਰੀ ਨਾਲ ਗੱਲਬਾਤ ਕੀਤੀ। ਕਹਿਣਾ ਮੁਸਕਲ ਹੈ ਕਿ ਇਸ ਵਾਰਤਾ ਵਿਚ ਕੀ ਗੱਲ ਹੋਈ। ਜੋ ਵੀ ਹੋਵੇ, ਭਾਰਤ ਇਹ ਚਾਹੁੰਦਾ ਹੈ ਕਿ ਹੋਰਮੁਜ ਸਟਰੇਟ ਜਲਦ ਖੁੱਲ੍ਹੇ ਤਾਂ ਜੋ ਊਰਜਾ ਸੰਕਟ ਖਤਮ ਹੋਵੇ। ਭਾਰਤ ਆਪਣੇ ਵੱਲੋਂ ਅਮਰੀਕਾ-ਈਰਾਨ ਵਿਚਕਾਰ ਵਿਚੋਲਗੀ ਦੀ ਪੇਸਕਸ ਕਰ ਸਕਦਾ ਹੈ ਪਰ ਉਹ ਸਾਇਦ ਫਿਲਹਾਲ ਇਸ ਨੂੰ ਸਰਬਉੱਚ ਤਰਜੀਹ ਦੇ ਰਿਹਾ ਹੈ ਕਿ ਉਸ ਦੇ ਜਹਾਜ ਹੋਰਮੁਜ ਤੋਂ ਨਿਕਲਦੇ ਰਹਿਣ ਅਤੇ ਈਰਾਨ ਨਾਲ ਸਬੰਧ ਆਮ ਵਾਂਗ ਬਣੇ ਰਹਿਣ।

ਅਮਰੀਕਾ ਅਤੇ ਈਰਾਨ ਵਿਚਕਾਰ ਕੋਈ ਸਾਰਥਕ ਗੱਲ ਹੋਵੇ ਜਾਂ ਨਾ ਹੋਵੇ, ਇਸ ਯੁੱਧ ਦਾ ਰੁਕਣਾ ਜਰੂਰੀ ਹੈ ਕਿਉਂਕਿ ਪੱਛਮੀ ਏਸੀਆ ਵਿਚ ਛਾਏ ਸੰਕਟ ਕਾਰਨ ਪੈਦਾ ਹੋਇਆ ਊਰਜਾ ਸੰਕਟ ਪੂਰੀ ਦੁਨੀਆ ਦੀ ਅਰਥ-ਵਿਵਸਥਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਜੇਕਰ ਯੁੱਧ ਕਾਰਨ ਅਗਲੇ ਕੁਝ ਦਿਨਾਂ ਵਿਚ ਊਰਜਾ ਸੰਕਟ ਵਿਚ ਕਮੀ ਨਹੀਂ ਆਈ ਤਾਂ ਉਦਯੋਗਾਂ ਦੇ ਬੰਦ ਹੋਣ ਦਾ ਸਿਲਸਿਲਾ ਤੇਜ ਹੋਣ ਦੇ ਨਾਲ-ਨਾਲ ਦੁਨੀਆ ਭਰ ਵਿਚ ਲੋਕਾਂ ਦੀਆਂ ਮੁਸਕਲਾਂ ਬਹੁਤ ਜਿਆਦਾ ਵਧ ਜਾਣਗੀਆਂ।

ਅਮਰੀਕਾ-ਇਜਰਾਈਲ ਅਤੇ ਈਰਾਨ ਦੇ ਯੁੱਧ ਵਿਚ ਹੈਰਾਨੀਜਨਕ ਢੰਗ ਨਾਲ ਸੰਯੁਕਤ ਰਾਸਟਰ ਸੁਰੱਖਿਆ ਪ੍ਰੀਸ਼ਦ ਦੀ ਹੁਣ ਤੱਕ ਜੋ ਭੂਮਿਕਾ ਰਹੀ ਹੈ, ਉਹ ਇਕ ਲਾਚਾਰ ਸੰਗਠਨ ਦੀ ਤਰ੍ਹਾਂ ਰਹੀ ਹੈ। ਸੁਰੱਖਿਆ ਪ੍ਰੀਸ਼ਦ ਇਕ ਨਕਾਰਾ ਅਤੇ ਬੇਅਸਰ ਸੰਸਥਾ ਬਣ ਕੇ ਰਹਿ ਗਈ ਹੈ। ਉਹ ਵਿਸਵ ਦੇ ਕਿਸੇ ਵੀ ਸੰਕਟ ਨੂੰ ਸੁਲਝਾਉਣ ਵਿਚ ਨਾਕਾਮ ਹੈ।

ਸਲਾਮਤੀ ਕੌਂਸਲ ਦੇ ਪੱਕੇ ਪੰਜ ਦੇਸਾਂ ਵਿਚ ਅਮਰੀਕਾ, ਬ੍ਰਿਟੇਨ, ਫਰਾਂਸ, ਰੂਸ ਅਤੇ ਚੀਨ ਹਨ। ਚੀਨ ਨੂੰ ਇਸ ਯੁੱਧ ਤੋਂ ਕੋਈ ਖਾਸ ਨੁਕਸਾਨ ਨਹੀਂ ਹੋ ਰਿਹਾ ਹੈ। ਉਹ ਅਮਰੀਕਾ ਨੂੰ ਪਰੇਸਾਨ ਹੁੰਦਾ ਦੇਖ ਕੇ ਖੁਸ ਹੈ। ਰੂਸ ਤਾਂ ਇਕ ਤਰ੍ਹਾਂ ਨਾਲ ਫਾਇਦੇ ਵਿਚ ਹੈ ਕਿਉਂਕਿ ਉਸ ਨੂੰ ਤੇਲ ਵੇਚਣ ਦੀ ਛੋਟ ਮਿਲ ਗਈ ਹੈ। ਅਮਰੀਕਾ ਆਪਣੇ ਹੰਕਾਰ ਤੋਂ ਪੀੜਤ ਹੈ। ਕਿਉਂਕਿ ਬ੍ਰਿਟੇਨ ਅਤੇ ਫਰਾਂਸ ਦੀ ਅੰਤਰਰਾਸਟਰੀ ਮਹੱਤਤਾ ਘੱਟ ਹੋ ਗਈ ਹੈ, ਇਸ ਲਈ ਉਹ ਕੁਝ ਕਰਨ ਦੀ ਸਥਿਤੀ ਵਿਚ ਨਹੀਂ ਹਨ।

ਇਹ ਦੇਖਣ ਵਿਚ ਆ ਰਿਹਾ ਹੈ ਕਿ ਜਦੋਂ ਵੀ ਸੁਰੱਖਿਆ ਪ੍ਰੀਸ਼ਦ ਦੇ ਮੈਂਬਰਾਂ ਵਿੱਚੋਂ ਕੋਈ ਦੇਸ ਕਿਸੇ ਯੁੱਧ ਵਿਚ ਸਾਮਲ ਹੋ ਜਾਂਦਾ ਹੈ ਤਾਂ ਇਹ ਸੰਸਥਾ ਹੋਰ ਨਾਕਾਮ ਹੋ ਜਾਂਦੀ ਹੈ।

ਯੂਕਰੇਨ ਯੁੱਧ ਵਿਚ ਵੀ ਇਹ ਨਾਕਾਮ ਰਹੀ ਕਿਉਂਕਿ ਹਮਲਾ ਰੂਸ ਨੇ ਕੀਤਾ ਸੀ। ਈਰਾਨ ਯੁੱਧ ਵਿਚ ਅਮਰੀਕਾ ਕਾਰਨ ਸੁਰੱਖਿਆ ਪ੍ਰੀਸ਼ਦ ਲਾਚਾਰ ਹੈ, ਇਸ ਨੂੰ ਸਾਰੇ ਪ੍ਰਮੁੱਖ ਦੇਸ ਮਹਿਸੂਸ ਕਰ ਰਹੇ ਹਨ ਪਰ ਉਹ ਸੁਰੱਖਿਆ ਪ੍ਰੀਸ਼ਦ ਵਿਚ ਸੁਧਾਰਾਂ ਲਈ ਸਰਗਰਮੀ ਨਹੀਂ ਦਿਖਾ ਰਹੇ। ਜੇਕਰ ਸੁਰੱਖਿਆ ਪ੍ਰੀਸ਼ਦ ਆਲਮੀ ਸੰਕਟਾਂ ਨੂੰ ਸੁਲਝਾਉਣ ਵਿਚ ਇਸੇ ਤਰ੍ਹਾਂ ਨਾਕਾਮ ਰਹੀ, ਤਾਂ ਇਸ ਦੀ ਮਹੱਤਤਾ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ। ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰ ਇਸ ਸੰਸਥਾ ਵਿਚ ਸੁਧਾਰ ਦੀ ਲੋੜ ਤਾਂ ਜਾਹਰ ਕਰਦੇ ਹਨ ਪਰ ਕੁਝ ਠੋਸ ਕਰਦੇ ਨਹੀਂ।

ਇਨ੍ਹਾਂ ਸਥਿਤੀਆਂ ਵਿਚ ਇਹ ਜਰੂਰੀ ਹੋ ਜਾਂਦਾ ਹੈ ਕਿ ਭਾਰਤ ਸੁਰੱਖਿਆ ਪ੍ਰੀਸ਼ਦ ਵਿਚ ਅਜਿਹੇ ਕਿਸੇ ਸੁਧਾਰ ਦੀ ਪੈਰਵੀ ਕਰੇ ਕਿ ਉਸ ਦੇ ਕੰਮ ਕਰਨ ਦੇ ਤਰੀਕੇ ਬਦਲਣ ਅਤੇ ਯੁੱਧ ਵਿਚ ਸਾਮਲ ਸਥਾਈ ਮੈਂਬਰ ਦੇਸ ਆਪਣੀ ਵੀਟੋ ਪਾਵਰ ਦਾ ਇਸਤੇਮਾਲ ਨਾ ਕਰ ਸਕਣ। ਅੱਜ ਜਦੋਂ ਭਾਰਤ ਦਾ ਅੰਤਰਰਾਸਟਰੀ ਕੱਦ ਵਧ ਰਿਹਾ ਹੈ ਤਾਂ ਉਸ ਨੂੰ ਆਪਣੀ ਸਰਗਰਮੀ ਵਧਾਉਣੀ ਚਾਹੀਦੀ ਹੈ ਅਤੇ ਸੁਰੱਖਿਆ ਪ੍ਰੀਸ਼ਦ ਵਿਚ ਵਿਸਥਾਰ ਅਤੇ ਸੁਧਾਰ ਦੇ ਆਪਣੇ ਯਤਨਾਂ ਨੂੰ ਰਫਤਾਰ ਦੇਣੀ ਚਾਹੀਦੀ ਹੈ।

ਭਾਰਤ ਦੀ ਸਰਗਰਮੀ ਅਜਿਹੀ ਹੋਣੀ ਚਾਹੀਦੀ ਹੈ ਕਿ ਪ੍ਰਮੁੱਖ ਦੇਸ਼ ਇਸ 'ਤੇ ਵਿਚਾਰ ਕਰਨ ਲਈ ਮਜਬੂਰ ਹੋ ਜਾਣ ਕਿ ਆਖਰ ਭਾਰਤ ਇਸ ਸੰਸਥਾ ਦਾ ਮੈਂਬਰ ਕਿਉਂ ਨਹੀਂ ਹੈ? ਬਿਹਤਰ ਹੋਵੇਗਾ ਕਿ ਭਾਰਤ ਨੂੰ ਇਸ ਸੰਸਥਾ ਦਾ ਮੈਂਬਰ ਬਣਾਉਣ ਲਈ ਰੂਸ, ਚੀਨ, ਬ੍ਰਿਟੇਨ ਅਤੇ ਫਰਾਂਸ ਸਰਗਰਮੀ ਦਿਖਾਉਣ। ਇਹ ਉਨ੍ਹਾਂ ਦੇ ਆਪਣੇ ਹਿੱਤ ਵਿਚ ਹੋਵੇਗਾ।

-ਸੰਜੇ ਗੁਪਤ

# ਆਕਸੀਜਨ ਦੀ ਅਹਿਮੀਅਤ

ਆਕਸੀਜਨ ਤੋਂ ਬਗੈਰ ਮਨੁੱਖੀ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਜੀਵਨ ਚੱਕਰ ਨੂੰ ਨਿਰਵਿਘਨ ਚੱਲਦਾ ਰੱਖਣ ਲਈ ਕੁਦਰਤ ਨੇ ਆਕਸੀਜਨ ਦਾ 'ਸਿਸਟੇਮੈਟੀਕਲੀ ਪ੍ਰਬੰਧ' ਕੀਤਾ ਹੋਇਆ ਹੈ। ਆਕਸਜੀਨ ਦੀ ਮਨੁੱਖ ਲਈ ਕਿੰਨੀ ਅਹਿਮੀਅਤ ਹੈ, ਇਸ ਨੂੰ ਕੋਰੋਨਾ ਕਾਲ 'ਚ ਤਕਰੀਬਨ ਸਾਰੇ ਲੋਕ ਨੇੜਿਓਂ ਸਮਝ ਚੁੱਕੇ ਹਨ ਪਰ ਇਹ ਹੈਰਾਨ ਕਰਨ ਵਾਲਾ ਹੈ ਕਿ ਸੂਬੇ ਦੇ ਸਰਕਾਰੀ ਹਸਪਤਾਲਾਂ 'ਚ ਆਕਸੀਜਨ ਦੇ ਪਲਾਂਟ ਬੰਦ ਪਏ ਹਨ।



ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਸਖਤ ਰੁਖ ਅਖਤਿਆਰ ਕਰਨ ਮਗਰੋਂ ਇਸ ਪਾਸੇ ਸਾਰਿਆਂ ਦਾ ਧਿਆਨ ਗਿਆ ਹੈ। ਫਿਲਹਾਲ ਇਸ ਮਸਲੇ 'ਤੇ ਸੂਬਾ ਸਰਕਾਰ ਤੋਂ ਜਵਾਬ ਤਲਬ ਕੀਤਾ ਗਿਆ ਹੈ। ਅਦਾਲਤ ਦੀ ਨਾਰਾਜਗੀ ਇਸ ਲਈ ਵੀ ਅਹਿਮ ਹੈ ਕਿਉਂਕਿ ਜੇਕਰ ਸੂਬਿਆਂ ਦੇ ਹਸਪਤਾਲਾਂ 'ਚ ਅਜਿਹੀਆਂ ਅਣਗਹਿਲੀਆਂ ਸਾਹਮਣੇ ਆਉਣਗੀਆਂ ਤਾਂ ਮਰੀਜਾਂ ਦੀ ਜਾਨ ਦਾ ਰੱਬ ਹੀ ਰਾਖਾ ਹੈ।

ਅਦਾਲਤ ਨੇ ਇਸ ਬਾਰੇ ਇਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਕਿਹਾ ਹੈ ਕਿ ਜਲੰਧਰ, ਫਾਜਿਲਕਾ, ਕਪੂਰਥਲਾ ਤੇ ਮੋਹਾਲੀ ਸਣੇ ਕਈ ਜਿਲ੍ਹਿਆਂ ਦੇ ਹਸਪਤਾਲਾਂ 'ਚ ਆਕਸੀਜਨ ਪਲਾਂਟ ਬੰਦ ਪਏ ਹਨ। ਇਸ ਦਾ ਖਮਿਆਜਾ ਮਰੀਜਾਂ ਤੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਹਸਪਤਾਲਾਂ 'ਚ ਔਖੀ ਘੜੀ ਵੇਲੇ ਭੁਗਤਣਾ ਪੈਂਦਾ ਹੈ। ਜਲੰਧਰ 'ਚ ਸਰਕਾਰੀ ਹਸਪਤਾਲ 'ਚ ਆਕਸੀਜਨ ਸਪਲਾਈ ਠੱਪ ਹੋਣ ਕਾਰਨ ਤਿੰਨ ਮਰੀਜਾਂ ਦੀ ਮੌਤ ਹੋਣ ਦਾ ਮਾਮਲਾ ਵੀ ਸਾਹਮਣੇ ਆ ਚੁੱਕਾ ਹੈ। ਇਸ ਤੋਂ ਵੱਧ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਸੂਬਾ ਸਰਕਾਰ 'ਤੇ ਇਲਜਾਮ ਲੱਗੇ ਹਨ ਕਿ ਉਸ ਵੱਲੋਂ ਅਸਲ ਸਥਿਤੀ 'ਤੇ ਪਰਦਾ ਪਾਇਆ ਜਾ ਰਿਹਾ ਹੈ।

ਸਰਕਾਰ ਦੀ ਦਲੀਲ ਹੈ ਕਿ ਆਕਸੀਜਨ ਦੀ ਸਿਲੰਡਰਾਂ ਨਾਲ 95 ਫੀਸਦ ਸ਼ੁੱਧ ਸਪਲਾਈ ਕੀਤੀ ਜਾਂਦੀ ਹੈ ਜਦਕਿ ਪਲਾਂਟਾਂ ਰਾਹੀਂ ਸਪਲਾਈ ਹੋਣ ਵਾਲੀ ਆਕਸੀਜਨ ਦੀ ਸ਼ੁੱਧਤਾ 90-96% ਹੈ। ਮਸਲਾ ਸ਼ੁੱਧ ਜਾਂ ਅਸ਼ੁੱਧ ਸਪਲਾਈ ਦਾ ਨਹੀਂ ਸਗੋਂ ਇਸ ਗੱਲ ਦਾ ਹੈ ਕਿ ਮੌਕੇ 'ਤੇ ਲੋੜਵੰਦ ਮਰੀਜ ਦੀ ਜਾਨ ਬਚਾਉਣ 'ਚ ਇਹ ਸਮਰੱਥ ਹੈ ਜਾਂ ਨਹੀਂ। ਕੋਰੋਨਾ ਕਾਲ 'ਚ ਆਕਸੀਜਨ ਦੀ ਘਾਟ ਕਾਰਨ ਪੂਰੇ ਦੇਸ਼ 'ਚ ਵੱਡੀ ਗਿਣਤੀ 'ਚ ਮਨੁੱਖੀ ਜਾਨਾਂ ਗਈਆਂ ਸਨ। ਪੂਰੇ ਸੰਸਾਰ 'ਚ ਕੋਰੋਨਾ ਕਾਰਨ 70 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋਈ ਸੀ।

ਦਹਿਸ਼ਤ ਨਾਲ ਭਰੇ ਇਸ ਮਾਹੌਲ ਵਿਚ ਸਭ ਤੋਂ ਵੱਧ ਲੋਕਾਂ ਨੂੰ ਸਾਹ ਲੈਣ 'ਚ ਦਿੱਕਤਾਂ ਆਉਣ ਕਾਰਨ ਉਨ੍ਹਾਂ ਦੀ ਹਾਲਤ ਵਿਗੜੀ ਸੀ। ਜਿਆਦਾਤਰ ਮੌਤਾਂ ਦਾ ਕਾਰਨ ਹਸਪਤਾਲਾਂ ਵਿਚ ਆਕਸੀਜਨ ਦੀ ਘਾਟ ਸੀ। ਭਾਰਤ 'ਚ ਮੌਤਾਂ ਦੀ ਗਿਣਤੀ 5 ਲੱਖ ਤੋਂ ਵੱਧ ਦੱਸੀ ਗਈ ਸੀ। ਕੋਰੋਨਾ ਦੀ ਦੂਜੀ ਲਹਿਰ ਦੌਰਾਨ ਮੌਤਾਂ ਦੀ ਗਿਣਤੀ ਵੱਧ ਸੀ। ਹੱਦੋਂ ਵੱਧ ਘਬਰਾਹਟ ਦੇ ਮੌਕਿਆਂ ਦੌਰਾਨ ਮਰੀਜ ਨੂੰ ਸਭ ਤੋਂ ਪਹਿਲਾਂ ਆਕਸੀਜਨ ਦੀ ਲੋੜ ਪੈਂਦੀ ਹੈ।

ਹਸਪਤਾਲਾਂ ਦੀ ਮੁੱਢਲੀ ਜਿੰਮੇਵਾਰੀ ਹੈ ਕਿ ਉਹ ਆਕਸੀਜਨ ਦਾ ਲੋੜੀਂਦਾ ਸਟਾਕ ਆਪਣੇ ਕੋਲ ਰੱਖਣ। ਦੂਜਾ, ਜਿਨ੍ਹਾਂ ਹਸਪਤਾਲਾਂ ਵਿਚ ਆਕਸੀਜਨ ਦੇ ਪਲਾਂਟ ਲਗਾਏ ਗਏ ਹਨ, ਉਨ੍ਹਾਂ ਨੂੰ ਚਾਲੂ ਰੱਖਣ ਲਈ ਸੂਬਾ ਸਰਕਾਰਾਂ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਹਸਪਤਾਲਾਂ ਦੇ ਡਾਕਟਰੀ ਅਮਲੇ ਨੂੰ ਹਦਾਇਤਾਂ ਦਿੰਦੀਆਂ ਰਹਿਣ। ਸੜਕ ਹਾਦਸਿਆਂ ਤੋਂ ਬਾਅਦ ਮਰੀਜਾਂ ਨੂੰ ਹਸਪਤਾਲਾਂ 'ਚ ਸਭ ਤੋਂ ਪਹਿਲੀ ਲੋੜ ਆਕਸੀਜਨ ਦੀ ਪੈਂਦੀ ਹੈ।

ਇਸ ਦੀ ਘਾਟ ਕਾਰਨ ਬ੍ਰੇਨ ਹੈਮਰੇਜ, ਅੰਗਾਂ ਦਾ ਫੇਲ੍ਹ ਹੋ ਜਾਣਾ ਤੇ ਬਹੁਤੇ ਮਾਮਲਿਆਂ 'ਚ ਮੌਤ ਹੋ ਜਾਣ ਵਰਗੇ ਹਾਲਾਤ ਪੈਦਾ ਹੁੰਦੇ ਹਨ। ਇਸ ਵੇਲੇ ਪ੍ਰਦੂਸ਼ਣ ਦਾ ਪੱਧਰ ਬੇਹੱਦ ਖਰਾਬ ਸਥਿਤੀ ਵਿਚ ਹੈ ਜਿਸ ਕਾਰਨ ਵਾਤਾਵਰਨ ਵਿਚ ਆਕਸੀਜਨ ਦੀ ਘਾਟ ਵਧਦੀ ਜਾ ਰਹੀ ਹੈ। ਰੁੱਖਾਂ ਦੀ ਅੰਨ੍ਹੇਵਾਹ ਕਟਾਈ ਹੋ ਰਹੀ ਹੈ ਤੇ ਲਗਾਤਾਰ ਸਨਅਤੀ ਵਿਕਾਸ ਦੇ ਨਾਂ 'ਤੇ ਸ਼ੁੱਧ ਹਵਾ 'ਚ ਜਹਿਰ ਭਰੀ ਜਾ ਰਹੀ ਹੈ। ਜਿੱਥੇ ਹਸਪਤਾਲਾਂ ਵਿਚ ਆਕਸੀਜਨ ਦੇ ਬੰਦ ਪਏ ਪਲਾਂਟ ਬਿਨਾਂ ਦੇਰੀ ਚਾਲੂ ਕਰਨ ਦੀ ਲੋੜ ਹੈ, ਉੱਥੇ ਹੀ ਆਕਸੀਜਨ ਦੇਣ ਵਾਲੇ ਸਰੋਤਾਂ ਨੂੰ ਵੀ ਤੰਦਰੁਸਤ ਰੱਖਣ ਵੱਲ ਵੱਧ ਧਿਆਨ ਦੇਣ ਦੀ ਲੋੜ ਹੈ।

# ਅਮਰੀਕਾ ਦੀ ਤੇਲ ਲਈ ਅਥਾਹ ਭੁੱਖ

ਅਮਰੀਕਾ ਨੇ ਤੇਲ ਲਈ ਆਪਣੀ ਅਥਾਹ ਭੁੱਖ ਨੂੰ ਸ਼ਾਂਤ ਕਰਨ ਲਈ ਇਰਾਕ, ਲੀਬੀਆ ਅਤੇ ਵੈਨੇਜ਼ੁਏਲਾ ਨੂੰ ਤਬਾਹ ਕਰ ਦਿੱਤਾ ਸੀ ਤੇ ਹੁਣ ਈਰਾਨ ਨਾਲ ਵੀ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਤੇਲ ਭੰਡਾਰਾਂ 'ਤੇ ਕਬਜ਼ਾ ਕਰਨ ਲਈ ਸੱਦਾਮ ਹੁਸੈਨ ਅਤੇ ਕਰਨਲ ਗੱਦਾਫੀ ਦਾ ਕਤਲ ਕਰ ਦਿੱਤਾ ਤੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਅਗਵਾ ਕਰ ਲਿਆ ਹੈ। ਤੇਲ ਕਾਰਨ ਅਰਬ ਦੇਸ਼ਾਂ ਨਾਲ ਇਸ ਦਾ ਟਕਰਾਅ ਸੰਨ 1973 'ਚ ਸ਼ੁਰੂ ਹੋਇਆ ਸੀ ਜੋ ਹੁਣ ਗੂੜ੍ਹੇ ਸਹਿਯੋਗ ਵਿਚ ਬਦਲ ਗਿਆ ਹੈ। ਛੇ ਅਕਤੂਬਰ 1973 ਨੂੰ ਸੀਰੀਆ ਅਤੇ ਮਿਸਰ ਦੀਆਂ ਸਾਂਝੀਆਂ ਫੌਜਾਂ ਨੇ ਇਜ਼ਰਾਈਲ 'ਤੇ ਹਮਲਾ ਕਰ ਦਿੱਤਾ ਸੀ ਤੇ ਬਾਕੀ ਅਰਬ ਦੇਸ਼ਾਂ ਨੇ ਉਨ੍ਹਾਂ ਨੂੰ ਆਰਥਿਕ ਅਤੇ ਕੂਟਨੀਤਕ ਸਹਿਯੋਗ ਦਿੱਤਾ ਸੀ। ਸੰਨ 1967 ਦੀ ਅਰਬ ਇਜ਼ਰਾਈਲ ਜੰਗ ਸਮੇਂ ਇਜ਼ਰਾਈਲ ਨੇ ਇਨ੍ਹਾਂ ਦੇਸ਼ਾਂ ਦੇ ਕਈ ਹਿੱਸਿਆਂ 'ਤੇ ਕਬਜ਼ਾ ਕਰ ਲਿਆ ਸੀ ਤੇ ਇਹ ਦੇਸ਼ ਆਪਣਾ ਇਲਾਕਾ ਵਾਪਸ ਚਾਹੁੰਦੇ ਸਨ। ਜੰਗ ਦੀ ਸ਼ੁਰੂਆਤ ਵਿਚ ਅਰਬ ਦੇਸ਼ਾਂ ਦਾ ਹੱਥ ਉੱਪਰ ਰਿਹਾ ਤੇ ਰਾਜਧਾਨੀ ਤਲ ਅਵੀਵ 'ਤੇ ਕਬਜ਼ੇ ਦਾ ਖਤਰਾ ਮੰਡਰਾਉਣ ਲੱਗ ਪਿਆ।

ਇਜ਼ਰਾਈਲ ਨੇ ਅਮਰੀਕਾ ਕੋਲੋਂ ਮਦਦ ਮੰਗੀ ਤੇ ਕੁਝ ਹੀ ਦਿਨਾਂ ਵਿਚ ਭਾਰੀ ਸੈਨਿਕ ਮਦਦ ਇਜ਼ਰਾਈਲ ਪਹੁੰਚ ਗਈ ਤੇ ਜੰਗ ਦਾ ਪਾਸਾ ਪਲਟ ਗਿਆ। ਅਰਬ ਦੇਸ਼ਾਂ ਨੂੰ ਭਾਵੇਂ ਮੂੰਹ ਦੀ ਖਾਣੀ ਪਈ ਪਰ ਉਨ੍ਹਾਂ ਨੇ ਹਾਰ ਨਾ ਮੰਨੀ। ਉਨ੍ਹਾਂ ਨੇ ਦੁਨੀਆ ਨੂੰ ਪਹਿਲੀ ਵਾਰ ਇਹ ਪ੍ਰਤੱਖ ਕਰ ਦਿੱਤਾ ਕਿ ਚਾਹੇ ਉਨ੍ਹਾਂ ਕੋਲ ਸੈਨਿਕ ਸ਼ਕਤੀ ਘੱਟ ਹੈ ਪਰ ਉਨ੍ਹਾਂ ਕੋਲ ਤੇਲ ਦੀ ਅਥਾਹ ਤਾਕਤ ਹੈ। ਦਸੰਬਰ 1973 ਨੂੰ ਸਾਊਦੀ ਅਰਬ ਦੀ ਅਗਵਾਈ ਹੇਠ ਤੇਲ ਪੈਦਾ ਕਰਨ ਵਾਲੇ ਸਾਰੇ ਅਰਬ ਦੇਸ਼ਾਂ ਨੇ ਅਮਰੀਕਾ ਅਤੇ ਇਜ਼ਰਾਈਲ ਦੀ ਮਦਦ ਕਰਨ ਵਾਲੇ ਯੂਰਪੀ ਦੇਸ਼ਾਂ ਤੇ ਅਮਰੀਕਾ ਨੂੰ ਤੇਲ ਦੀ ਸਪਲਾਈ ਠੱਪ ਕਰ ਦਿੱਤੀ। ਇਸ ਨਾਲ ਹਾਹਾਕਾਰ ਮਚ ਗਈ ਤੇ ਕੁਝ ਹੀ ਦਿਨਾਂ ਵਿਚ ਤੇਲ ਦੀ ਕੀਮਤ 350% ਵਧ ਗਈ। ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਸਾਊਦੀ ਬਾਦਸ਼ਾਹ ਫੈਸਲ-ਬਿਨ-ਅਬਦੁਲ-ਅਜ਼ੀਜ਼-ਸਾਊਦ ਨੂੰ ਦਬਕਾ ਮਾਰਿਆ ਕਿ ਜੇ ਸਪਲਾਈ ਬਹਾਲ ਨਾ ਹੋਈ ਤਾਂ ਉਹ ਸਾਊਦੀ ਅਰਬ ਦੇ ਸਾਰੇ ਤੇਲ ਟਿਕਾਣੇ ਤਬਾਹ ਕਰ ਦੇਵੇਗਾ। ਬਾਦਸ਼ਾਹ ਨੇ ਅੱਗੋਂ ਜਵਾਬ ਦਿੱਤਾ ਕਿ ਸਾਡੀ ਕੌਮ ਸਦੀਆਂ ਤੋਂ ਸਿਰਫ ਖਜੂਰਾਂ ਅਤੇ ਪਾਣੀ ਦੇ ਸਿਰ 'ਤੇ ਰੇਗਿਸਤਾਨ ਵਿਚ ਜਿਉਂਦੀ ਰਹੀ ਹੈ ਤੇ ਹੁਣ ਵੀ ਰਹਿ ਲਵਾਂਗੇ ਪਰ ਤੁਸੀਂ ਤੇਲ ਤੋਂ ਬਗੈਰ ਇਕ ਦਿਨ ਵੀ ਨਹੀਂ ਰਹਿ ਸਕਦੇ। ਇਸ ਪਾਬੰਦੀ ਨਾਲ ਅਮਰੀਕਾ ਦੇ ਪੈਟਰੋਲ ਪੰਪਾਂ 'ਤੇ ਲੰਬੀਆਂ ਲਈਨਾਂ ਲੱਗ ਗਈਆਂ, ਮਹਿੰਗਾਈ ਅਸਮਾਨ ਛੂਹਣ ਲੱਗ ਪਈ ਤੇ ਅਖੀਰ ਅਮਰੀਕਾ ਨੂੰ ਝੁਕਣਾ ਪਿਆ। ਇਸ ਪਾਬੰਦੀ



ਦਾ ਭਾਰਤ 'ਤੇ ਵੀ ਜ਼ਬਰਦਸਤ ਅਸਰ ਪਿਆ ਸੀ। ਹਾਲਾਂਕਿ ਭਾਰਤ ਦਾ ਇਸ ਜੰਗ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਪਰ ਮਹਿੰਗਾਈ ਇੰਨੀ ਵਧ ਗਈ ਕਿ ਸਾਰੇ ਦੇਸ਼ ਵਿਚ ਇੰਦਰਾ ਗਾਂਧੀ ਸਰਕਾਰ ਦਾ ਵਿਰੋਧ ਹੋਣ ਲੱਗ ਪਿਆ। ਤੇਲ ਵਿਚ ਇੰਨੀ ਤਾਕਤ ਹੈ ਕਿ 5000 ਕਿਲੋਮੀਟਰ ਦੂਰ ਹੋਣ ਵਾਲੀ ਜੰਗ ਕਰ ਕੇ ਇੰਦਰਾ ਗਾਂਧੀ ਨੂੰ ਐਮਰਜੈਂਸੀ ਲਗਾਉਣੀ ਪੈ ਗਈ। ਫਲਸਰੂਪ, ਮਾਰਚ 1977 ਵਾਲੀਆਂ ਚੋਣਾਂ ਵਿਚ ਕਾਂਗਰਸ ਨੂੰ ਲੱਕ ਤੋੜਵੀਂ ਹਾਰ ਹੋਈ ਤੇ ਜਨਤਾ ਪਾਰਟੀ ਸੱਤਾ ਵਿਚ ਆ ਗਈ। ਅੱਜ 50 ਸਾਲ ਬਾਅਦ ਦੁਬਾਰਾ ਹਾਲਾਤ ਉਹੋ ਜਿਹੇ ਹੀ ਬਣਦੇ ਨਜ਼ਰ ਆ ਰਹੇ ਹਨ। ਅਮਰੀਕਾ ਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਨਾਜਾਇਜ ਹਮਲੇ ਕਾਰਨ ਜੰਗ ਚੌਥੇ ਹਫਤੇ ਵਿਚ ਪਹੁੰਚ ਗਈ ਹੈ ਤੇ ਈਰਾਨ ਜ਼ਬਰਦਸਤ ਤਰੀਕੇ ਨਾਲ ਤੇਲ ਨੂੰ ਆਪਣੇ ਸਭ ਤੋਂ ਵੱਡੇ ਹਥਿਆਰ ਵਜੋਂ ਵਰਤ ਰਿਹਾ ਹੈ। ਈਰਾਨ ਵੱਲੋਂ ਲਗਾਤਾਰ ਖਾੜੀ ਦੇਸ਼ਾਂ ਦੇ ਤੇਲ ਭੰਡਾਰਾਂ ਅਤੇ ਰਿਫਾਈਨਰੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਹੋਰਮੁਜ਼ ਜਲ ਡਮਰੂ ਨੂੰ ਲਗਪਗ ਬੰਦ ਕਰ ਦਿੱਤਾ ਗਿਆ ਹੈ ਤੇ ਉੱਥੇ ਲਗਪਗ 150 ਤੇਲ ਟੈਂਕਰ ਫਸੇ ਹੋਏ ਹਨ। ਸਾਊਦੀ ਅਰਬ ਅਤੇ ਕਤਰ ਸਮੇਤ ਕਈ ਦੇਸ਼ਾਂ ਨੇ ਤੇਲ ਤੇ ਗੈਸ ਦਾ ਉਤਪਾਦਨ ਬੰਦ ਕਰ ਦਿੱਤਾ ਹੈ।

ਇਸ ਸਭ ਨਾਲ ਦੁਨੀਆ ਭਰ ਵਿਚ ਤੇਲ ਦੀਆਂ ਕੀਮਤਾਂ 40 ਤੋਂ 50% ਤੱਕ ਵਧ ਗਈਆਂ ਹਨ। ਇਸ ਜੰਗ ਨੇ ਸਾਬਿਤ ਕਰ ਦਿੱਤਾ ਹੈ ਕਿ ਦੁਨੀਆ ਦੀ ਆਰਥਿਕਤਾ ਸਿਰਫ ਤੇਲ ਕਾਰਨ ਹੀ ਚੱਲ ਰਹੀ ਹੈ। ਕੀ ਖਾਸੀਅਤ ਹੈ ਤੇਲ ਵਿਚ ਕਿ ਇਸ ਤੋਂ ਬਿਨਾਂ ਦੁਨੀਆ ਦਾ ਚੱਲਣਾ ਨਾਮੁਮਕਿਨ ਹੋ ਗਿਆ ਹੈ? ਏਆਈ ਅਤੇ ਇਲੈਕ੍ਰਿਕ ਵਾਹਨ ਹੋਣ ਦੇ ਬਾਵਜੂਦ ਕਿਉਂ ਦੁਨੀਆ ਤੇਲ ਦੀ ਖਾਤਰ ਲੜਨ-ਮਰਨ ਲਈ ਤਿਆਰ ਹੈ? ਕਈ ਹੋਰ ਦੇਸ਼ਾਂ ਜਿਵੇਂ ਅਮਰੀਕਾ, ਰੂਸ, ਲੀਬੀਆ ਅਤੇ ਵੈਨੇਜ਼ੁਏਲਾ ਆਦਿ ਕੋਲ ਤੇਲ ਦੇ ਭੰਡਾਰ ਹਨ ਤਾਂ ਅਮਰੀਕਾ ਕਿਉਂ ਖਾੜੀ ਦੇਸ਼ਾਂ ਦੇ ਪਿੱਛੇ ਪਿਆ ਹੋਇਆ ਹੈ? ਇਸ ਦਾ ਕਾਰਨ ਇਹ ਹੈ ਕਿ ਖਾੜੀ ਦੇਸ਼ਾਂ ਦਾ ਤੇਲ ਸਭ ਤੋਂ ਵੱਧ ਰਿਫਾਈਨਰੀ ਫਰੈਂਡਲੀ ਹੈ। ਅਮਰੀਕਾ ਸਮੇਤ ਦੁਨੀਆ ਭਰ ਦੀਆਂ 90% ਰਿਫਾਇਨਰੀਆਂ ਇਸ ਤੇਲ ਨੂੰ ਸੋਧਣ ਲਈ ਹੀ ਬਣਾਈਆਂ ਗਈਆਂ ਹਨ। ਆਧੁਨਿਕ ਤੇਲ ਯੁੱਗ ਦੀ ਸ਼ੁਰੂਆਤ 1859 ਵਿਚ ਹੋਈ ਸੀ ਜਦੋਂ ਅਮਰੀਕਾ ਦੇ ਪੈਨਸੈਲਵੇਨੀਆ ਪ੍ਰਾਂਤ ਵਿਚ ਇਸ ਦੀ ਖੋਜ ਹੋਈ ਸੀ। ਉਸ ਸਮੇਂ ਤੱਕ ਉਦਯੋਗਿਕ ਕ੍ਰਾਂਤੀ ਹੋ ਚੁੱਕੀ ਸੀ ਤੇ ਇੰਜਣ ਕੋਲੇ ਨਾਲ ਚੱਲਦੇ ਸਨ ਪਰ ਤੇਲ ਦੀ ਖੋਜ ਤੋਂ ਕੁਝ ਸਾਲਾਂ ਅੰਦਰ ਹੀ ਡੀਜ਼ਲ ਅਤੇ ਪੈਟਰੋਲ ਇੰਜਣ ਬਣ ਗਏ ਜਿਸ ਕਾਰਨ ਤੇਲ ਦੀ ਮੰਗ ਇਕਦਮ ਵਧ ਗਈ। ਤੇਲ ਇੰਡਸਟਰੀ ਤੇ ਟਰਾਂਸਪੋਰਟ ਦੀ ਰੀੜ੍ਹ ਦੀ ਹੱਡੀ ਬਣ ਗਿਆ ਹੈ।

ਅਮਰੀਕਾ ਨੂੰ ਤੇਲ ਦੀ ਆਮਦਨ ਨਾਲ ਧਨਾਢ ਬਣਦੇ ਵੇਖ ਇੰਗਲੈਂਡ, ਫਰਾਂਸ ਅਤੇ ਰੂਸ ਆਦਿ ਨੇ ਵੀ ਤੇਲ ਦੀ ਖੋਜ ਸ਼ੁਰੂ ਕਰ ਦਿੱਤੀ। ਇੰਗਲੈਂਡ ਨੂੰ ਪਹਿਲੀ ਸਫਲਤਾ ਈਰਾਨ ਵਿਚ ਮਜਲਸੇ ਸੁਲੇਮਾਨ ਦੇ ਸਥਾਨ 'ਤੇ 1908 ਵਿਚ ਮਿਲੀ। ਇਸ ਤੋਂ ਬਾਅਦ ਸਮੇਂ-ਸਮੇਂ 'ਤੇ ਖਾੜੀ ਦੇਸ਼ਾਂ, ਸਾਊਦੀ ਅਰਬ ਅਤੇ ਰੂਸ (ਉਸ ਵੇਲੇ ਸੋਵੀਅਤ ਸੰਘ) ਵਿਚ ਵੀ ਤੇਲ ਦੀਆਂ ਵੱਡੀਆਂ ਖੋਜਾਂ ਹੋਈਆਂ। ਪਹਿਲੀ ਅਤੇ ਦੂਸਰੀ ਸੰਸਾਰ ਜੰਗ ਵਿਚ ਜਰਮਨੀ ਦੀ ਹਾਰ ਦਾ ਇਕ ਵੱਡਾ ਕਾਰਨ ਵੀ ਤੇਲ ਹੀ ਸੀ। ਇੰਗਲੈਂਡ, ਫਰਾਂਸ, ਅਮਰੀਕਾ ਅਤੇ ਰੂਸ ਕੋਲ ਆਪਣੇ ਤੇਲ ਭੰਡਾਰ ਸਨ ਜਦਕਿ ਜਰਮਨੀ, ਇਟਲੀ ਅਤੇ ਜਾਪਾਨ ਤੇਲ ਲਈ ਦੂਸਰੇ ਦੇਸ਼ਾਂ 'ਤੇ ਨਿਰਭਰ ਸਨ। ਇਨ੍ਹਾਂ ਸੰਸਾਰ ਜੰਗਾਂ ਨੇ ਦੁਨੀਆ ਭਰ ਨੂੰ ਤੇਲ ਦੀ ਅਹਿਮੀਅਤ ਸਮਝਾ ਦਿੱਤੀ। ਅਮਰੀਕਾ ਅਤੇ ਯੂਰਪ ਦੀਆਂ ਵੱਡੀਆਂ ਕੰਪਨੀਆਂ ਨੇ ਅਰਬ ਦੇਸ਼ਾਂ ਦੇ ਤੇਲ ਦੀ ਲੁੱਟ ਮਚਾ ਦਿੱਤੀ। ਇਹ ਇਨ੍ਹਾਂ ਦੇਸ਼ਾਂ ਨੂੰ ਆਮਦਨ ਦਾ ਇਕ ਛੋਟਾ ਜਿਹਾ ਹਿੱਸਾ ਦੇ ਕੇ ਸਾਰੀ ਕਮਾਈ ਖੁਦ ਕਰਦੀਆਂ ਸਨ। ਸਭ ਤੋਂ ਪਹਿਲਾਂ ਈਰਾਨ ਨੇ ਇਸ ਲੁੱਟ-ਖਸੁੱਟ ਨੂੰ ਸਮਝਿਆ ਤੇ ਪ੍ਰਧਾਨ ਮੰਤਰੀ ਮੁਹੰਮਦ ਮੁਸਾਦੇ ਨੇ 1953 ਵਿਚ ਇੰਗਲੈਂਡ ਦੀ ਸਭ ਤੋਂ ਵੱਡੀ ਤੇਲ ਕੰਪਨੀ ਐਂਗਲੋ ਪਰਸ਼ੀਅਨ ਕੰਪਨੀ ਦਾ ਕੌਮੀਕਰਨ ਕਰ ਦਿੱਤਾ। ਇਸ ਤੋਂ ਗੁੱਸੇ ਵਿਚ ਆ ਕੇ ਅਮਰੀਕਾ ਅਤੇ ਇੰਗਲੈਂਡ ਨੇ ਉਸ ਦਾ ਰਾਜ ਪਲਟਾ ਕਰਵਾ ਦਿੱਤਾ ਤੇ ਸ਼ਾਹ ਮੁਹੰਮਦ ਰਜ਼ਾ ਪਹਿਲਵੀ ਨੂੰ ਗੱਦੀ 'ਤੇ ਬਿਠਾ ਦਿੱਤਾ। ਇਸ ਨਾਲ ਈਰਾਨ ਦਾ ਤੇਲ ਦੁਬਾਰਾ ਪੱਛਮੀ ਦੇਸ਼ਾਂ ਦੇ ਹੱਥ ਲੱਗ ਗਿਆ। ਹੌਲੀ-ਹੌਲੀ ਅਰਬ ਦੇਸ਼ਾਂ ਵਿਚ ਜਾਗਰਿਤੀ ਆ ਗਈ ਤੇ ਉਨ੍ਹਾਂ ਨੇ ਤੇਲ ਦਾ ਕੰਟਰੋਲ ਆਪਣੇ ਹੱਥਾਂ ਵਿਚ ਲੈ ਲਿਆ। ਉਨ੍ਹਾਂ ਨੇ ਆਪਣੀ ਇਕ ਜਥੇਬੰਦੀ ਓਪੇਕ ਵੀ ਬਣਾ ਲਈ ਜੋ ਤੇਲ ਦੀਆਂ ਕੀਮਤਾਂ ਤੈਅ ਕਰਨ ਲੱਗ ਪਈ ਪਰ ਅਮਰੀਕਾ ਨੇ ਵੀ 1973 ਦਾ ਸਬਕ ਭੁੱਲਿਆ ਨਹੀਂ ਸੀ। ਉਹ ਤੇਲ ਦੇ ਪਿੱਛੇ ਪੈ ਗਿਆ ਤੇ ਜਿੱਥੋਂ ਵੀ ਤੇਲ ਲੱਭਦਾ, ਕਬਜ਼ਾ ਕਰਦਾ ਗਿਆ। ਅਮਰੀਕਾ ਭਾਵੇਂ ਤੇਲ ਦੇ ਮਾਮਲੇ ਵਿਚ ਸਵੈ ਨਿਰਭਰ ਹੈ ਪਰ ਫਿਰ ਵੀ ਇਰਾਕ ਅਤੇ ਲੀਬੀਆ ਦੇ ਤੇਲ 'ਤੇ ਕਬਜ਼ਾ ਕਰ ਲਿਆ ਤੇ ਈਰਾਨ ਨਾਲ ਮੌਜੂਦਾ ਬੇਲੋੜੀ ਜੰਗ ਛੇੜ ਲਈ ਜਿਸ ਦਾ ਕਾਰਨ ਰੋਜ਼ਮੱਰ੍ਹਾ ਦੀ ਜ਼ਿੰਦਗੀ ਵਿਚ ਤੇਲ ਦੀ ਅਹਿਮੀਅਤ ਹੈ। ਤੇਲ ਦੁਨੀਆ ਦੇ ਹਰ ਦੇਸ਼ ਵਿਚ ਨਹੀਂ ਮਿਲਦਾ ਪਰ ਸਭ ਨੂੰ ਇਸ ਦੀ ਜਰੂਰਤ ਹੈ। ਸੰਸਾਰ ਦੀ ਸਾਰੀ ਹੈਵੀ ਟਰਾਂਸਪੋਰਟ ਤੇਲ 'ਤੇ ਚੱਲਦੀ ਹੈ। ਸਮੁੰਦਰੀ ਜਹਾਜ਼, ਕੰਟੇਨਰ ਕੈਰੀਅਰ ਤੇ ਹਵਾਈ ਯਾਤਰਾ ਇਸ ਤੋਂ ਬਿਨਾਂ ਸੰਭਵ ਨਹੀਂ ਹੈ। ਇਸ ਤੋਂ ਇਲਾਵਾ ਪਲਾਸਟਿਕ ਤੇ ਰਬੜ ਅੱਜ ਸੰਸਾਰ ਦੀ ਸਭ ਤੋਂ ਵੱਡੀ ਜਰੂਰਤ ਬਣ ਚੁੱਕੀ ਹੈ। ਲਗਪਗ ਹਰ ਖੇਤਰ ਵਿਚ ਪਲਾਸਟਿਕ ਵਰਤੀ ਜਾਂਦੀ ਹੈ ਜੋ 100% ਤੇਲ ਤੋਂ ਬਣਦੀ ਹੈ। ਵਾਸ਼ਿੰਗ ਮਸ਼ੀਨਾਂ, ਕੰਪਿਊਟਰ, ਮੋਬਾਈਲ ਫੋਨ, ਕੁਰਸੀਆਂ-ਮੇਜ਼, ਟੀਵੀ, ਟਾਇਰ ਅਤੇ ਟਿਊਬਾਂ ਆਦਿ ਹਰ ਚੀਜ਼ ਵਿਚ ਪਲਾਸਟਿਕ ਤੇ ਰਬੜ ਦੀ ਵਰਤੋਂ ਕੀਤੀ ਜਾਂਦੀ ਹੈ। ਵਿਸ਼ਵ ਦੇ ਤੇਲ ਦਾ 15% ਸਿਰਫ ਪਲਾਸਟਿਕ ਅਤੇ ਰਬੜ ਬਣਾਉਣ ਵਿਚ ਹੀ ਵਰਤਿਆ ਜਾਂਦਾ ਹੈ। ਜੇ ਸੰਸਾਰ ਦੇ 20% ਆਵਾਜਾਈ ਦੇ ਸਾਧਨ ਬਿਜਲਈ ਵੀ ਹੋ ਜਾਣ ਤਾਂ ਵੀ ਤੇਲ ਦੀ ਖਪਤ 'ਤੇ ਕੋਈ ਫਰਕ ਪੈਣ ਵਾਲਾ ਨਹੀਂ ਹੈ। ਪਾਣੀ ਤੋਂ ਬਾਅਦ ਇਨਸਾਨ ਦੀ ਸਭ ਤੋਂ ਵੱਡੀ ਜਰੂਰਤ ਭੋਜਨ ਹੈ ਜੋ ਤੇਲ ਤੋਂ ਬਗੈਰ ਅਸੰਭਵ ਹੈ। ਤੇਲ ਤੋਂ ਬਣਨ ਵਾਲੀਆਂ ਖਾਦਾਂ ਨਾ ਹੋਣ ਤਾਂ ਸੰਸਾਰ ਦੀ ਅਨਾਜ ਉਪਜ 75% ਤੱਕ ਘਟ ਸਕਦੀ ਹੈ। ਨਾਈਟ੍ਰੋਜਨ ਸਮੇਤ 99% ਖਾਦਾਂ ਤੇਲ ਤੋਂ ਬਣਦੀਆਂ ਹਨ। ਇਸ ਤੋਂ ਇਲਾਵਾ ਤੇਲ ਤੋਂ ਹੋਰ ਵੀ ਲੱਖਾਂ ਚੀਜ਼ਾਂ ਦਾ ਉਤਪਾਦਨ ਹੁੰਦਾ ਹੈ। ਅਮਰੀਕਾ ਬਹੁਤ ਪਹਿਲਾਂ ਸਮਝ ਗਿਆ ਸੀ ਕਿ ਜੇ ਸੰਸਾਰ 'ਤੇ ਦਬਦਬਾ ਬਣਾਉਣਾ ਹੈ ਤਾਂ ਸਭ ਤੋਂ ਪਹਿਲਾਂ ਤੇਲ 'ਤੇ ਕਬਜ਼ਾ ਕਰਨਾ ਪਵੇਗਾ। ਇਸ ਕਾਰਨ ਹੀ ਉਹ ਹੁਣ ਈਰਾਨ ਨਾਲ ਜੰਗ ਛੇੜੀ ਬੈਠਾ ਹੈ।

ਬਲਰਾਜ ਸਿੰਘ ਸਿੱਧੂ

# ਵਿਰੋਧੀ ਧਿਰ ਆਦਤ ਤੋਂ ਮਜਬੂਰ

ਇਸ 'ਤੇ ਹੈਰਾਨੀ ਨਹੀਂ ਕਿ ਅਮਰੀਕਾ-ਇਜਰਾਈਲ ਤੇ ਈਰਾਨ ਵਿਚਾਲੇ ਚੱਲ ਰਹੇ ਯੁੱਧ ਦੌਰਾਨ ਪੱਛਮੀ ਏਸ਼ੀਆ 'ਚ ਪੈਦਾ ਹੋਏ ਸੰਕਟ 'ਤੇ ਬੁਲਾਈ ਗਈ ਸਰਬ ਪਾਰਟੀ ਮੀਟਿੰਗ ਤੋਂ ਬਾਅਦ ਵੀ ਵਿਰੋਧੀ ਪਾਰਟੀਆਂ ਅਤੇ ਖਾਸ ਤੌਰ 'ਤੇ ਕਾਂਗਰਸ ਨੂੰ ਇਹ ਦਿਸ ਰਿਹਾ ਹੈ ਕਿ ਅਮਰੀਕਾ-ਇਜਰਾਈਲ ਅਤੇ ਈਰਾਨ ਵਿਚਾਲੇ ਛਿੜੇ ਯੁੱਧ 'ਤੇ ਭਾਰਤ ਸਰਕਾਰ ਦੀ ਕੂਟਨੀਤੀ ਅਸਫਲ ਹੈ। ਇਸ ਯੁੱਧ ਦੇ ਪਹਿਲੇ ਦਿਨ ਤੋਂ ਹੀ ਕਾਂਗਰਸ ਭਾਰਤ ਸਰਕਾਰ ਨੂੰ ਕੋਸ ਰਹੀ ਹੈ। ਉਹ ਅਜਿਹਾ ਦਿਖਾ ਰਹੀ ਹੈ ਜਿਵੇਂ ਇਸ ਯੁੱਧ ਵਿਚ ਭਾਰਤ ਦੀ ਕੋਈ ਭੂਮਿਕਾ ਹੈ ਜਾਂ ਉਸ ਦੀ ਕੋਈ ਸਿੱਧੀ ਜਾਂ ਅਸਿੱਧੀ ਭਾਈਵਾਲੀ ਹੈ। ਸਾਰੇ ਜਾਣਦੇ ਹਨ ਕਿ ਭਾਰਤ ਦਾ ਇਸ ਯੁੱਧ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਪਰ ਕਾਂਗਰਸ ਦੇ ਆਗੂ ਇਸ ਨੂੰ ਸਮਝਣ ਲਈ ਤਿਆਰ ਹੀ ਨਹੀਂ ਹਨ। ਇਸ ਤੋਂ ਵੀ ਵੱਡੀ ਸਮੱਸਿਆ ਇਹ ਹੈ ਕਿ ਉਹ ਇਹ ਚਾਹੁੰਦੇ ਹਨ ਕਿ ਪੱਛਮੀ ਏਸ਼ੀਆ ਸੰਕਟ ਦੇ ਮਾਮਲੇ ਵਿਚ ਭਾਰਤ ਸਰਕਾਰ ਨੂੰ ਉਨ੍ਹਾਂ ਦੇ ਕਹੇ ਮੁਤਾਬਕ ਹੀ ਚੱਲਣਾ ਚਾਹੀਦਾ ਹੈ ਪਰ ਉਨ੍ਹਾਂ ਕੋਲ ਇਸ ਦਾ ਕੋਈ ਜਵਾਬ ਨਹੀਂ ਕਿ ਇਸ ਯੁੱਧ ਕਾਰਨ ਜਿਹੜਾ ਊਰਜਾ ਸੰਕਟ ਪੈਦਾ ਹੋਇਆ ਹੈ, ਉਸ ਦਾ ਹੱਲ ਕਿਵੇਂ ਕੀਤਾ ਜਾਣਾ ਚਾਹੀਦਾ ਹੈ? ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਵਿਸ਼ਵ-ਵਿਆਪੀ ਊਰਜਾ ਸੰਕਟ ਦਾ ਅਸਰ ਸਾਡੇ ਮੁਲਕ 'ਤੇ ਵੀ ਪੈ ਰਿਹਾ ਹੈ ਅਤੇ ਦੇਸ਼ ਦੇ ਕਈ ਹਿੱਸਿਆਂ ਵਿਚ ਕਿਤੇ-ਕਿਤੇ ਗੈਸ ਦੀ ਕਿੱਲਤ ਵੀ



ਦੇਖਣ ਨੂੰ ਮਿਲ ਰਹੀ ਹੈ ਪਰ ਭਾਰਤ ਦੇ ਮੁਕਾਬਲੇ ਕਈ ਹੋਰ ਦੇਸ਼ਾਂ ਦੀ ਸਥਿਤੀ ਕਿਤੇ ਵੱਧ ਗੰਭੀਰ ਹੈ। ਕਾਂਗਰਸ ਇਸ ਗੱਲ ਨੂੰ ਸਮਝਣ ਦੀ ਬਜਾਏ ਇਹ ਮਾਹੌਲ ਬਣਾ ਰਹੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਿਸੇ ਗਲਤੀ ਕਾਰਨ ਦੇਸ਼ ਵਿਚ ਗੈਸ ਦੀ ਭਾਰੀ ਕਿੱਲਤ ਪੈਦਾ ਹੋ ਗਈ ਹੈ ਅਤੇ ਕੇਂਦਰ ਸਰਕਾਰ ਹੱਥ 'ਤੇ ਹੱਥ ਧਰ ਕੇ ਬੈਠੀ ਹੋਈ ਹੈ। ਇਹ ਸਿਰਫ ਸਿਰੇ ਦੀ ਨਕਾਰਾਤਮਕਤਾ ਹੀ ਨਹੀਂ, ਕਿਸੇ ਵੀ ਮਸਲੇ ਅਤੇ ਇੱਥੋਂ ਤੱਕ ਕਿ ਭਾਰਤ ਦੀ ਵਿਦੇਸ਼ ਨੀਤੀ 'ਤੇ ਵੀ ਇਕਜੁਟਤਾ ਦਾ ਸਬੂਤ ਨਾ ਦੇਣ ਦੀ ਜਿੱਦ ਹੀ ਹੈ। ਲੱਗਦਾ ਹੈ ਕਿ ਕਾਂਗਰਸ ਦੇ ਸ਼ਬਦਕੋਸ਼ ਵਿਚ ਰਚਨਾਤਮਕ ਸਹਿਯੋਗ ਵਰਗਾ ਕੋਈ ਸ਼ਬਦ ਹੀ ਨਹੀਂ ਅਤੇ ਉਹ ਇਹ ਵੀ ਭੁੱਲ ਚੁੱਕੀ ਹੈ ਕਿ ਵਿਰੋਧੀ ਧਿਰ ਦਾ ਕੰਮ ਸਕਾਰਾਤਮਕ ਸੁਝਾਅ ਦੇਣੇ ਵੀ ਹੁੰਦਾ ਹੈ। ਕਾਂਗਰਸ ਇਹ ਦੇਖਣ ਲਈ ਤਿਆਰ ਹੀ ਨਹੀਂ ਹੈ ਕਿ ਭਾਰਤ ਸਰਕਾਰ ਊਰਜਾ ਸੰਕਟ ਡੂੰਘਾ ਨਾ ਹੋਣ ਦੇਣ ਲਈ ਪੁਰਜ਼ੋਰ ਯਤਨ ਕਰ ਰਹੀ ਹੈ ਅਤੇ ਹੁਣ ਪਹਿਲਾਂ ਨਾਲੋਂ ਵੱਧ ਦੇਸ਼ਾਂ ਨਾਲ ਤੇਲ ਤੇ ਗੈਸ ਖਰੀਦ ਦੇ ਸੌਦੇ ਕੀਤੇ ਜਾ ਰਹੇ ਹਨ। ਇਸ ਤੋਂ ਬਾਅਦ ਵੀ ਕਾਂਗਰਸ ਨੂੰ ਚੈਨ ਨਹੀਂ। ਉਹ ਇਹ ਦੇਖਣ ਤੋਂ ਇਨਕਾਰ ਕਰ ਰਹੀ ਹੈ ਕਿ ਈਰਾਨ ਵੱਲੋਂ ਹੋਰਮੁਜ ਸਮੁੰਦਰੀ ਮਾਰਗ ਬੰਦ ਕਰ ਲੈਣ ਦੇ ਬਾਵਜੂਦ ਭਾਰਤ ਦੇ ਤੇਲ ਤੇ ਗੈਸ ਟੈਂਕਰ ਉੱਥੋਂ ਨਿਕਲ ਰਹੇ ਹਨ। ਇਹ ਸਹੀ ਹੈ ਕਿ ਹੋਰਮੁਜ ਤੋਂ ਉਨ੍ਹਾਂ ਦੀ ਨਿਕਾਸੀ ਸੌਖੀ ਨਹੀਂ ਹੋ ਰਹੀ ਪਰ ਕੀ ਇਹ ਭਾਰਤੀ ਕੂਟਨੀਤੀ ਦੀ ਜਿੱਤ ਨਹੀਂ ਕਿ ਈਰਾਨ ਭਾਰਤ ਨੂੰ ਮਿੱਤਰ ਦੇਸ਼ ਕਹਿ ਕੇ ਉਸ ਦੇ ਜਹਾਜਾਂ ਨੂੰ ਨਿਕਲਣ ਦੇ ਰਿਹਾ ਹੈ?

ਕਾਂਗਰਸ ਨੂੰ ਇਹ ਵੀ ਬੁਰਾ ਲੱਗ ਗਿਆ ਕਿ ਅਮਰੀਕਾ ਤੇ ਈਰਾਨ ਵਿਚਾਲੇ ਪਾਕਿਸਤਾਨ ਦੀ ਕਥਿਤ ਵਿਚੋਲਗੀ ਨੂੰ ਲੈ ਕੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਇਹ ਕਹਿ ਦਿੱਤਾ ਕਿ ਭਾਰਤ ਪਾਕਿਸਤਾਨ ਦੀ ਤਰ੍ਹਾਂ ਦਲਾਲ ਦੇਸ਼ ਨਹੀਂ ਹੈ। ਦਰਅਸਲ, ਕਾਂਗਰਸ ਨੂੰ ਸਿਰਫ ਵਿਰੋਧ ਲਈ ਵਿਰੋਧ ਕਰਨ ਦੀ ਆਦਤ ਹੀ ਨਹੀਂ ਲੱਗ ਗਈ ਹੈ, ਉਹ ਮੋਦੀ ਸਰਕਾਰ ਦੀ ਆਲੋਚਨਾ-ਨਿਖੇਧੀ ਕਰਨ ਲਈ ਇਕ ਪਲ ਦੀ ਵੀ ਦੇਰੀ ਨਹੀਂ ਕਰਨੀ ਚਾਹੁੰਦੀ। ਉਸ ਦੇ ਤਰਜਮਾਨ ਨੇ ਇਹ ਜਾਣੇ-ਸਮਝੇ ਬਿਨਾਂ ਪਾਕਿਸਤਾਨ ਨੂੰ ਫਾਇਦੇ ਵਿਚ ਦੱਸ ਦਿੱਤਾ ਕਿ ਉਹ ਵਿਚੋਲਗੀ ਕਰਨ ਦੀ ਬਜਾਏ ਸੰਦੇਸ਼ਾਂ ਦਾ ਅਦਾਨ-ਪ੍ਰਦਾਨ ਕਰ ਰਿਹਾ ਹੈ। ਅਜਿਹੇ ਵਿਚ ਕਾਂਗਰਸ ਦੀ ਮੌਜੂਦਾ ਹਾਲਤ ਦਾ ਸਹਿਜੇ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ।

## ਸੰਪਾਦਕ ਦੀ ਕਲਮ ਤੋਂ

ਅਵਤਾਰ ਐਸ. ਸੰਘਾ

### ਪੱਛਮੀ ਸਿਡਨੀ ਲਈ ਨਵਾਂ ਅੰਤਰ ਰਾਸਟਰੀ ਹਵਾਈ ਅੱਡਾ



ਅੱਜ ਤੋਂ ਕੁਝ ਸਾਲ ਪਹਿਲਾਂ ਜਦੋਂ ਅਸੀਂ ਸਿਡਨੀ ਦੇ ਪੱਛਮ ਵਿੱਚ ਸਥਿੱਤ ਬੈਜਰੀਜ ਕਰੀਕ (Badgerys Creek) ਇਲਾਕੇ ਵਿੱਚੋਂ ਲਿਵਰਪੂਲ ਤੇ ਕੈਂਪਬੈੱਲ ਟਾਊਨ ਵਲ ਨੂੰ ਜਾਇਆ ਕਰਦੇ ਸਾਂ ਤਾਂ ਉਹ ਇਲਾਕਾ ਨਿਰਾ ਦਿਹਾਤ ਮਹਿਸੂਸ ਹੋਇਆ ਕਰਦਾ ਸੀ। ਉਸ ਇਲਾਕੇ ਵਿੱਚ ਲੋਕਾਂ ਦੇ ਫਾਰਮ ਹਾਊਸ ਸਨ ਜਾਂ ਟਾਂਵੇ ਟਾਂਵੇ ਘਰ ਹੋਇਆ ਕਰਦੇ ਸਨ। 10-12 ਸਾਲ ਪਹਿਲਾਂ ਮੋਟਰਵੇਅ 7 ਬਣ ਜਾਣ ਨਾਲ ਇਸ ਇਲਾਕੇ ਦਾ ਸਹਿਰੀਕਰਨ ਹੋਣਾ ਸੁਰੂ ਹੋ ਗਿਆ। ਹੁਣ ਇਸ ਇਲਾਕੇ ਵਿੱਚ ਹਵਾਈ ਅੱਡਾ ਤਕਰੀਬਨ ਪੂਰਾ ਹੋ ਗਿਆ ਏ। ਇਸ ਹਵਾਈ ਅੱਡੇ ਦਾ ਨਾਂ Nancy - Bird Walton ਹੈ। ਇਹ ਅਕਤੂਬਰ 2026 ਵਿੱਚ ਚਾਲੂ ਹੋ ਜਾਵੇਗਾ।

ਹਵਾਈ ਅੱਡੇ ਦਾ ਨਾਮ ਓਨੇ ਹੀ ਢੁੱਕਵੇਂ ਤਰੀਕੇ ਨਾਲ ਰੱਖਿਆ ਗਿਆ ਏ ਜਿਵੇਂ ਇਸ ਦੇਸ ਵਿੱਚ ਹੋਰ ਨਾਮ ਰੱਖੇ ਜਾਂਦੇ ਹਨ। Nancy Bird Walton ਇੱਕ ਐਸੀ ਪਾਇਲਟ ਹੋਈ ਹੈ ਜਿਹਨੇ ਉਸ ਸਮੇਂ ਇਹ ਕਿੱਤਾ ਚੁਣਿਆ ਸੀ ਜਦ ਇਸਤਰੀਆਂ ਇਸ ਕਿੱਤੇ ਵਿੱਚ ਨਾਂ ਦੇ ਬਰਾਬਰ ਸਨ। ਉਹ ਕੋਮਨ ਵੈਲਥ ਦੀ ਪਹਿਲੀ ਇਸਤਰੀ ਪਾਈਲਟ ਸੀ ਤੇ ਉਸਨੇ Australian Women Pilots Association ਦੀ ਸਥਾਪਨਾ ਕੀਤੀ ਸੀ। ਇਹ ਨਿਊ ਸਾਊਥ ਵੇਲਸ ਦੇ ਕਸਬੇ ਕਿਊ (Kew) ਵਿੱਚ 16 ਅਕਤੂਬਰ 1915 ਨੂੰ ਪੈਦਾ ਹੋਈ ਸੀ। 93 ਸਾਲ ਦੀ ਉਮਰ ਵਿੱਚ ਉਸਦੀ ਮੌਤ 13 ਜਨਵਰੀ 2019 ਨੂੰ ਸਿਡਨੀ ਦੇ ਮੋਸਮੈਨ (Mosman) ਦੇ ਇਲਾਕੇ ਵਿੱਚ ਹੋਈ। ਉਸਨੇ Brighten College Manly ਵਿਖੇ ਆਪਣੀ ਮੁਢਲੀ ਵਿੱਦਿਆ ਪ੍ਰਾਪਤ ਕੀਤੀ। ਉਡਾਨ ਕਿੱਤਾ ਉਸਦਾ ਜਨੂਨ ਸੀ। ਇਸ ਲਈ ਉਸਨੇ ਆਪਣੀ ਜੁਆਨੀ ਵਿੱਚ ਹੀ ਦਿਲਚਸਪੀ ਲੈਣੀ ਸੁਰੂ ਕਰ ਦਿੱਤੀ ਸੀ। Sir Charles Kingsford Smith ਨੇ 1933 ਦੇ ਕਰੀਬ ਸਿਡਨੀ ਦੇ ਨੇੜੇ ਇੱਕ ਫਲਾਇੰਗ ਸਕੂਲ ਖੋਲ੍ਹਿਆ ਸੀ। ਨੈਨਸੀ ਸਕੂਲ ਦਾਖਲ ਹੋਣ ਵਾਲੇ ਸਭ ਤੋਂ ਪਹਿਲੇ ਬੱਚਿਆਂ ਵਿੱਚੋਂ ਸੀ। ਖਾਸ ਗੱਲ ਇਹ ਸੀ ਕਿ ਬਾਕੀ ਕਈ ਇਸਤਰੀਆਂ ਨੇ ਫਲਾਇੰਗ ਮਨੋਰੰਜਨ ਖਾਤਰ ਸਿੱਖੀ ਪਰੰਤੂ ਨੈਨਸੀ ਇਸ ਕੰਮ ਪ੍ਰਤੀ ਇੰਨੀ ਗੰਭੀਰ ਹੋ ਗਈ। ਉਸਨੇ ਇਸਨੂੰ ਆਪਣੇ ਕੈਰੀਅਰ ਦੇ ਤੌਰ ਤੇ ਅਪਣਾ ਲਿਆ। ਇਸ ਤੋਂ ਪਹਿਲਾਂ ਕਦੀ ਕਿਸੇ ਹੋਰ ਇਸਤਰੀ ਨੇ ਇਸ ਕੰਮ ਨੂੰ ਕਦੇ ਕਿੱਤੇ ਦੇ ਤੌਰ ਤੇ ਨਹੀਂ ਅਪਣਾਇਆ ਸੀ। ਉਡਾਨ ਦੇ ਕੁਝ ਸਬਕ Sir Charles Kingsford Smith ਤੋਂ ਲੈਣ ਤੋਂ ਬਾਅਦ ਉਸਨੂੰ 1933 ਵਿੱਚ ਲਾਈਸੰਸ ਮਿਲ ਗਿਆ। ਇਸ ਤੋਂ ਸਾਲ ਕੁ ਬਾਅਦ ਉਸਨੂੰ ਕਮਰਸੀਅਲ ਲਾਈਸੰਸ ਮਿਲ ਗਿਆ। ਇਸ ਪ੍ਰਕਾਰ ਨੈਨਸੀ ਆਸਟਰੇਲੀਆ ਵਿੱਚ ਪਹਿਲੀ ਪਾਇਲਟ ਬਣ ਗਈ। ਉਹ ਬ੍ਰਿਟਿਸ ਸਾਮਰਾਜ ਵਿੱਚ ਸਭ ਤੋਂ ਘੱਟ ਉਮਰ ਦੀ ਪਹਿਲੀ ਪਾਇਲਟ ਵੀ ਸੀ।

ਦੂਜੀ ਵੱਡੀ ਲੜਾਈ ਸਮੇਂ Royal Australian Air Force ਦੀਆਂ ਇਸਤਰੀਆਂ ਨੂੰ ਵੱਧ ਚੜ ਕੇ ਸਿਖਲਾਈ ਦਿੱਤੀ। ਉਸਨੇ 1950 ਵਿੱਚ Royal Australian Air Force ਦੀ ਸਥਾਪਨਾ ਕੀਤੀ ਤੇ 1955 ਤੱਕ ਇਸਦੀ ਚੇਅਰਪਰਸਨ ਰਹੀ। ਉਸਨੇ 1950 ਵਿੱਚ ਆਪਣੀ ਡਾਇਰੀ Born to Fly ਛਪਵਾਈ। 1960 ਵਿੱਚ ਉਸਨੇ ਆਪਣੀ ਸਵੈ ਜੀਵਨੀ ਛਪਵਾਈ। ਆਪਣੇ ਸਾਰੇ ਜੀਵਨ ਕਾਲ ਵਿੱਚ ਨੈਨਸੀ ਨੇ ਜਰੂਰਤਮੰਦ ਲੋਕਾਂ ਦੀ ਸੇਵਾ ਕੀਤੀ। ਉਸਨੇ ਦਾਨ ਵੀ ਦਿੱਤਾ। ਸਿੱਟੇ ਵਜੋਂ ਉਸਨੂੰ Order of the British Empire (OBE) ਮਿਲਿਆ। 2009 ਵਿੱਚ ਨੈਨਸੀ ਪੂਰੀ ਹੋ ਗਈ ਸੀ। ਉਸ ਦੀ ਵਿਰਾਸਤ ਅਨੇਕਾਂ ਪਾਇਲਟਾਂ ਲਈ ਮਾਰਗ ਦਰਸਨ ਦਾ ਕੰਮ ਕਰ ਰਹੀ ਏ।

1937 ਵਿੱਚ ਨੈਨਸੀ Dutch East Indies Airline ਨੂੰ ਪ੍ਰੋਤਸਾਹਨ ਦੇਣ ਲਈ ਦੁਨੀਆਂ ਦੇ ਦੌਰੇ ਤੇ ਗਈ ਸੀ। ਅਮਰੀਕਾ ਤੋਂ ਵਾਪਸ ਆਉਂਦੀ ਹੋਈ ਨੂੰ ਇੱਕ ਗੋਰਾ Walton ਮਿਲਿਆ। ਇਹਨਾਂ ਦੋਹਾਂ ਨੇ 1939 ਵਿੱਚ ਸਾਦੀ ਕਰ ਲਈ ਸੀ। ਨੈਨਸੀ ਨੂੰ Angel of the Outback, 'born a bird without wings' ਤੇ 'a trailblazer in the sky' ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ। 1928 ਵਿੱਚ 13 ਸਾਲ ਦੀ ਉਮਰ ਵਿੱਚ de Havland Gypsy Moth ਵਿੱਚ ਪੈਰ ਧਰਨ ਤੋਂ ਬਾਅਦ ਉਹ 19 ਸਾਲ ਦੀ ਉਮਰ ਵਿੱਚ ਸਭ ਤੋਂ ਘੱਟ ਉਮਰ ਦੀ ਇਸਤਰੀ ਪਾਇਲਟ ਬਣ ਗਈ।

ਨਵਾਂ ਬਣਿਆ ਇਹ ਏਅਰਪੋਰਟ ਸੱਤੇ ਦਿਨ 24 ਘੰਟੇ ਕੰਮ ਕਰੇਗਾ। ਸੁਰੂ ਵਿੱਚ 3700 ਮੀਟਰ ਲੰਬਾ ਰਨਵੇਅ ਹੈ। ਇਸ ਦੇ ਭਵਿੱਖ ਵਿੱਚ ਵਧਾਉਣ ਲਈ ਗੁੰਜਾਇਸ ਵੀ ਹੈ। ਇਸ ਦੀ 10 ਮਿਲੀਅਨ ਯਾਤਰੂਆਂ ਨੂੰ ਐਡਜਸਟ ਕਰਨ ਦੀ ਸਮਰਥਾ ਹੋਵੇਗੀ। ਲੰਬੇ ਸਮੇਂ ਤੱਕ ਇਹ ਸਮਰਥਾ 80 ਮਿਲੀਅਨ ਯਾਤਰੂਆਂ ਤੱਕ ਵੱਧਾਏ ਜਾਣ ਦੇ ਪ੍ਰਬੰਧ ਵੀ ਹੁਣ ਤੋਂ ਹੀ ਸੁਰੂ ਕਰ ਦਿੱਤੇ ਗਏ ਹਨ। ਇਸ ਪ੍ਰਕਾਰ ਇਹ ਲੰਡਨ ਦੇ ਹੀਥਰੋ ਹਵਾਈ ਅੱਡੇ ਵਰਗਾ ਹੈ। ਇਸ ਨਾਲ ਅਨੇਕਾਂ ਲੋਕਾਂ ਨੂੰ ਰੁਜਗਾਰ ਮਿਲੇਗਾ।

## - ਮਿੱਟੀ ਦੀ ਮਹਿਕ -

## ਸੁਰਜੀਤ ਪਾਤਰ ਦੀ ਯਾਦ ਨੂੰ ਤਾਜਾ ਕਰਦਿਆਂ ਉਪਕਾਰ ਸਿੰਘ ਹੂੰਝਣ




ਉਪਕਾਰ ਸਿੰਘ ਹੂੰਝਣ ਸੰਗੀਤ ਦੀ ਦੁਨੀਆਂ ਵਿੱਚ ਇੱਕ ਜਾਣੀ ਪਹਿਚਾਣੀ ਸਖਸੀਅਤ ਹਨ ਜਿਨ੍ਹਾਂ ਨੇ ਕੀਨੀਆ ਵਿੱਚ ਰਹਿੰਦੇ ਹੋਏ ਹੋ ਤਕਰੀਬਨ ਹਰ ਸੰਗੀਤ ਪ੍ਰੇਮੀ ਦੇ ਦਿਲ ਵਿਚ ਖਾਸ ਜਗ੍ਹਾ ਬਣਾਈ ਹੈ। ਵੈਸੇ ਤਾਂ ਉਹ 1981 ਤੋਂ ਲੈਕੇ 1995 ਤਕ ਨੈਰੋਬੀ ਵਿੱਚ ਸਥਿਤ ਕੀਨੀਆਟਾ ਯੂਨੀਵਰਸਿਟੀ ਦੇ ਫਿਜਿਕਸ ਵਿਭਾਗ ਵਿੱਚ ਲੈਕਚਰਾਰ ਰਹੇ ਹਨ ਪਰ ਇਸ ਦੇ ਨਾਲ ਉਨ੍ਹਾਂ ਨੇ ਆਪਣੇ ਗਾਇਕੀ ਦੇ ਹੁਨਰ ਨੂੰ ਵੀ ਪ੍ਰਫੁੱਲਤ ਕੀਤਾ ਹੈ। ਉਨ੍ਹਾਂ ਦੇ ਦੱਸਣ ਮੁਤਾਬਿਕ ਉਨ੍ਹਾਂ ਨੇ ਕੀਨੀਆ ਵਿੱਚ ਰਹਿੰਦੇ ਹੋਏ ਉਸਤਾਦ ਬਸੀਰ ਬੱਟ ਤੋਂ ਸੰਗੀਤ ਦੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ ਅਤੇ ਕੀਨੀਆ ਵਿੱਚ ਹੋਣ ਵਾਲੇ ਤਕਰੀਬਨ ਹਰ ਫੰਕਸਨ ਵਿੱਚ ਗਜਲ, ਗੀਤ ਅਤੇ ਕਵਿਤਾ ਗਾਇਨ ਨਾਲ ਸਿਰਕਤ ਕਰਦੇ ਹੋਏ ਸਰੋਤਿਆਂ ਦਾ ਦਿਲ ਜਿੱਤਿਆ। ਇਸ ਦੇ ਨਾਲ ਉਨ੍ਹਾਂ ਨੇ ਆਪਣੇ ਪਿਤਾ ਜੀ ਤੋਂ ਵਿਰਾਸਤ ਵਿਚ ਮਿਲੀ ਕੀਰਤਨ ਦੀ ਵਿਦਿਆ ਨੂੰ ਹੋਰ ਪ੍ਰਫੁੱਲਤ ਕੀਤਾ ਅਤੇ ਕਾਫੀ ਲੰਮੇ ਅਰਸੇ ਤਕ ਨੈਰੋਬੀ ਕੀਨੀਆ ਦੇ ਗੁਰਦੁਆਰਿਆਂ ਵਿੱਚ ਕੀਰਤਨ ਦੀ ਨਿਸਕਾਮ ਸੇਵਾ ਨਿਭਾਉਂਦਿਆਂ ਹੋਇਆਂ ਸਮੂਹ ਸੰਗਤ ਦਾ ਪਿਆਰ ਹਾਸਲ ਕੀਤਾ ਹੈ। ਇਸ ਪ੍ਰੰਪਰਾ ਨੂੰ ਜਾਰੀ ਰੱਖਦਿਆਂ ਉਨ੍ਹਾਂ ਦੇ ਸਪੁੱਤਰ ਨੂੰ ਵੀ ਵਧੀਆ ਤਬਲਾ ਵਾਦਕ ਹੋਣ ਦਾ ਹੁਨਰ ਪ੍ਰਾਪਤ ਹੋਇਆ ਹੈ। ਉਨ੍ਹਾਂ ਦਾ ਸਪੁੱਤਰ ਅਜਕਲ ਬਰੈਂਪਟਨ ਕੈਨੇਡਾ ਵਿੱਚ ਰਹਿੰਦਾ ਹੈ। ਉਪਕਾਰ ਸਿੰਘ ਆਪਣਾ ਬਹੁਤਾ ਸਮਾਂ ਆਪਣੇ ਬੇਟੇ ਕੋਲ ਰਹਿੰਦੇ ਹਨ ਅਤੇ ਕੁਝ ਸਮਾਂ ਨੈਰੋਬੀ ਵਿੱਚ ਵਸਦੀ ਆਪਣੀ ਬੇਟੀ ਕੋਲ ਕਿਉਂਕਿ ਉਹ ਆਪਣੀ ਕਰਮ ਭੂਮੀ ਤੋਂ ਵੀ ਵਿਛੜਨਾ ਨਹੀਂ ਚਾਹੁੰਦੇ। ਭਾਰਤ ਤੇ ਪੰਜਾਬ ਵੀ ਅਕਸਰ ਆਉਂਦੇ ਜਾਂਦੇ ਰਹਿੰਦੇ ਹਨ ਕਿਉਂਕਿ ਉਹ ਪੰਜਾਬੀ ਦੇ ਮਸਹੂਰ ਕਵੀ ਅਤੇ ਸਾਹਿਤਕਾਰ ਡਾਕਟਰ ਸੁਰਜੀਤ ਸਿੰਘ ਪਾਤਰ ਦੇ ਛੋਟੇ ਭਰਾ ਹਨ ਅਤੇ ਇਸ ਕਰਕੇ ਉਨ੍ਹਾਂ ਦੇ ਪਰਿਵਾਰ ਦਾ ਇਕ ਹਿੱਸਾ ਪੰਜਾਬ ਵਿੱਚ ਰਹਿੰਦਾ ਹੈ ਜਿਸ ਵਿਚ ਉਨ੍ਹਾਂ ਦੀਆਂ ਭੈਣਾਂ ਅਤੇ ਉਨ੍ਹਾਂ ਦੇ ਪਰਿਵਾਰ ਵੀ ਸਾਮਲ ਹਨ।

ਉਨ੍ਹਾਂ ਦੇ ਪਿਤਾ ਜੀ ਆਪਣੇ ਪਰਿਵਾਰ ਨੂੰ ਇਕ ਸੁਖਾਵੀਂ ਤੇ ਵਧੀਆ ਜਿੰਦਗੀ ਦੇਣ ਲਈ ਕੀਨੀਆ ਵਿੱਚ ਪਰਵਾਸ ਕਰ ਗਏ ਅਤੇ ਬਾਕੀ ਸਾਰਾ ਪਰਿਵਾਰ ਪਿੱਛੇ ਜਲੰਧਰ ਜਿਲੇ ਦੇ ਪਿੰਡ ਪਾਤੜਾਂ ਵਿੱਚ ਰਹਿੰਦਾ ਰਿਹਾ। ਉਪਕਾਰ ਸਿੰਘ ਸੱਤਰ ਦੇ ਦਹਾਕੇ ਵਿੱਚ ਪੰਜਾਬੀ ਯੂਨੀਵਰਸਿਟੀ ਤੋਂ ਫਿਜੀਕਸ ਵਿੱਚ ਐਮ ਐਸ ਸੀ ਕਰਕੇ ਆਪਣੇ ਪਿਤਾ ਜੀ ਕੋਲ ਕੀਨੀਆ ਚਲੇ ਗਏ। ਉਨ੍ਹਾਂ ਦਿਨਾਂ ਵਿੱਚ ਪਰਦੇਸੀਆਂ ਦੀ ਸੁੱਖਸਾਂਦ ਅਤੇ ਖਬਰਸਾਰ ਦਾ ਜਰੀਆ ਚਿੱਠੀ ਪੱਤਰੀ ਰਾਹੀਂ ਹੀ ਹੁੰਦਾ ਸੀ ਜਿਹੜਾ ਕਿ ਸਾਡੇ ਸਬਰ ਦਾ ਇਮਤਿਹਾਨ ਵੀ ਹੁੰਦਾ ਸੀ। ਮੈਂ ਇਸ ਤੋਂ ਭਲੀਭਾਂਤ ਵਾਕਿਫ ਹਾਂ ਕਿਉਂਕਿ ਮੇਰੇ ਪਿਤਾ ਜੀ ਵੀ ਅਜਿਹੇ ਕਾਰਨਾਂ ਕਰਕੇ 1970 ਵਿੱਚ ਤਨਜਾਨੀਆ ਪਰਵਾਸ ਕਰ ਗਏ ਸਨ ਤੇ ਬਾਅਦ ਵਿਚ ਕੀਨੀਆ ਪਹੁੰਚ ਗਏ ਅਤੇ ਬਾਕੀ ਪਰਿਵਾਰ ਬਹੁਤ ਸਾਲ ਲੁਧਿਆਣਾ ਸਹਿਰ ਵਿਚ ਇੱਕਲੇ ਹੀ ਰਿਹਾ ਅਤੇ ਬਾਦ ਵਿੱਚ ਹੌਲੀ ਹੌਲੀ ਕੀਨੀਆ ਵਿੱਚ ਇਕੱਠਾ ਹੋ ਗਿਆ। ਮੈ ਵੀ 1986 ਵਿੱਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਦ ਆਪਣੇ ਪਰਿਵਾਰ ਨਾਲ ਜਾ ਮਿਲਿਆ ਅਤੇ ਮੈਨੂੰ 1986 ਤੋਂ 1993 ਤਕ ਕੀਨੀਆਟਾ ਯੂਨੀਵਰਸਿਟੀ ਦੇ ਜੁਆਲੋਜੀ ਵਿਭਾਗ ਵਿੱਚ ਸੀਨੀਅਰ ਲੈਕਚਰਾਰ ਦੇ ਤੌਰ ਤੇ ਕੰਮ ਕਰਦਿਆਂ ਉਪਕਾਰ ਸਿੰਘ ਨਾਲ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਸਮੇਂ ਵਿੱਚ ਸਾਡੀ ਨਿੱਜੀ ਤੇ ਪਰਿਵਾਰਕ ਸਾਂਝ ਬਣ ਗਈ।

ਉਪਕਾਰ ਸਿੰਘ ਅੱਜ ਕੱਲ ਆਪਣੇ ਰਿਸਤੇਦਾਰਾਂ, ਸੱਜਣਾਂ ਮਿੱਤਰਾਂ, ਸਾਹਿਤ ਅਤੇ ਕਲਾ ਪ੍ਰੇਮੀਆਂ ਨੂੰ ਮਿਲਣ ਦੀ ਖਾਹਿਸ ਨਾਲ ਆਸਟ੍ਰੇਲੀਆ ਅਤੇ ਕੁਝ ਹੋਰ ਦੇਸਾਂ ਦੀ ਫੇਰੀ ਉੱਤੇ ਹਨ। ਨਿਊਜੀਲੈਂਡ ਵਿੱਚ ਆਪਣੇ ਦੋਸਤ ਅਤੇ ਸਹਿਕਰਮੀ ਪ੍ਰੋਫੈਸਰ ਡੋਡ ਨਾਲ ਕੁਝ ਦਿਨ ਬਿਤਾ ਕੇ ਬ੍ਰਿਸਬੇਨ ਵਿਖੇ ਆਪਣੇ ਭਤੀਜੇ ਅਤੇ ਸੁਰਜੀਤ ਪਾਤਰ ਦੇ ਸਪੁੱਤਰ ਮਨਰਾਜ ਪਾਤਰ ਕੋਲ ਪਹੁੰਚੇ ਸਨ। ਇਸ ਸਮੇਂ ਦੌਰਾਨ ਉਪਕਾਰ ਸਿੰਘ ਨੂੰ 14 ਮਾਰਚ ਸਨਿਚਰਵਾਰ ਨੂੰ ਇੰਡੋ ਪੰਜਾਬੀ ਸਾਹਿਤ ਅਕਾਡਮੀ ਬ੍ਰਿਸਬੇਨ ਵਲੋਂ ਸੁਰਜੀਤ ਪਾਤਰ ਨੂੰ ਯਾਦ ਕਰਦਿਆਂ ਇਕ ਸੰਵਾਦ ਤੇ ਸਾਇਰੀ ਦਾ ਪ੍ਰੋਗਰਾਮ ਕੀਤਾ ਗਿਆ ਜਿਸ ਵਿਚ ਉਪਕਾਰ ਸਿੰਘ ਨੂੰ ਕੀਰਤਨ ਅਤੇ ਗਜਲ ਗਾਇਕੀ ਦੀ ਸੇਵਾ ਕਰਨ ਲਈ ਲਾਈਫ ਟਾਇਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਭ ਕੁਝ ਬ੍ਰਿਸਬੇਨ ਦੇ ਮਸਹੂਰ ਕਵੀ ਸਰਬਜੀਤ ਸਿੰਘ ਸੋਹੀ ਜਿਹੜੇ ਕਿ ਇੰਡੋ ਪੰਜਾਬੀ ਸਾਹਿਤ ਅਕਾਡਮੀ ਦੇ ਉੱਘੇ ਮੈਂਬਰ ਹਨ ਦੀ ਕੋਸਿਸ ਕਰਕੇ ਸੰਭਵ ਹੋ ਸਕਿਆ। ਉਪਕਾਰ ਸਿੰਘ ਨੇ 19 ਮਾਰਚ ਤੋਂ 23 ਮਾਰਚ ਤਕ ਆਪਣੀ ਸਿਡਨੀ ਫੇਰੀ ਵੇਲੇ ਸਾਡੇ ਪਰਿਵਾਰ ਨੂੰ ਮੇਜਮਾਨ ਬਣਨ ਦਾ ਮਾਣ ਬਖਸਿਆ। ਇਸ ਸਮੇਂ ਦੌਰਾਨ ਰਣਜੀਤ ਸਿੰਘ ਖੇੜਾ, ਸਤਨਾਮ ਸਿੰਘ ਬਾਜਵਾ ਅਤੇ ਕੁਲਵਿੰਦਰ ਸਿੰਘ ਬਾਜਵਾ ਦੇ ਸਹਿਯੋਗ ਨਾਲ ਪੋਂਡਜ ਸਿਡਨੀ ਵਿਖੇ ਪਾਰਕ ਰਨ ਟੀਮ ਨੂੰ ਮਿਲਣ ਦਾ ਅਵਸਰ ਮਿਲਿਆ ਅਤੇ ਟੀਮ ਮੈਂਬਰਾਂ ਦੀ ਮੰਗ ਉੱਤੇ ਉਪਕਾਰ ਸਿੰਘ ਨੇ ਪਾਤਰ ਸਾਹਿਬ ਦੀਆਂ ਕੁਝ ਰਚਨਾਵਾਂ ਗਾ ਕੇ ਸਾਂਝੀਆਂ ਕੀਤੀਆਂ ਜਿਨ੍ਹਾਂ ਵਿਚ ਇਕ ਮਸਹੂਰ ਰਚਨਾ "ਅੱਜ ਮੈਥੋਂ ਕੱਚ ਦਾ ਗਿਲਾਸ ਟੁੱਟਿਆ, ਮੈਨੂੰ ਅੰਮੜੀ ਨੇ ਦਿਤੀਆਂ ਲੱਖ ਝਿੜਕਾਂ" । ਉਨ੍ਹਾਂ ਨੇ ਇਸ ਦੇ ਸੰਬੰਧ ਵਿਚ ਇਕ ਦਿਲਚਸਪ ਕਿੱਸਾ ਵੀ ਸੁਣਾਇਆ। ਉਨ੍ਹਾਂ ਨੇ ਆਪਣੇ ਵੱਡੇ ਭਰਾ ਕੋਲੋਂ ਇਸ ਰਚਨਾ ਨੂੰ ਗਾਉਣ ਦੀ ਇਜਾਜਤ ਮੰਗਦਿਆਂ ਹੋਇਆਂ ਇਸ ਰਚਨਾ ਦੀ ਮੰਗ ਕੀਤੀ। ਪਰ ਪਾਤਰ ਸਾਹਿਬ ਨੇ ਕਿਹਾ ਕਿ ਉਹ ਕੋਈ ਹੋਰ ਰਚਨਾ ਲੈ ਲੈਣ ਕਿਉਕਿ ਇਸ ਦਾ ਵਾਅਦਾ ਉਨ੍ਹਾਂ ਦੇ ਚਚੇਰੇ ਭਰਾ ਦੀਦਾਰ ਸਿੰਘ ਪਰਦੇਸੀ ਨਾਲ ਕਰ ਚੁੱਕੇ ਹਨ। ਦੀਦਾਰ ਸਿੰਘ ਪਰਦੇਸੀ ਵੀ ਕੀਨੀਆ ਵਿੱਚ ਜੰਮੇ ਪਲੇ ਤੇ ਬਾਅਦ ਵਿੱਚ ਇੰਗਲੈਂਡ ਵਿੱਚ ਵਸੇ ਬਹੁਤ ਹੀ ਮਸਹੂਰ ਗਾਇਕ ਹੋਏ ਹਨ ਜਿਨ੍ਹਾਂ ਨੂੰ ਕੁਝ ਫਿਲਮਾਂ ਵਿੱਚ ਗਾਉਣ ਦਾ ਮੌਕਾ ਵੀ ਮਿਲਿਆ। ਦੀਦਾਰ ਸਿੰਘ ਪਰਦੇਸੀ ਦਾ ਇਕ ਬਹੁਤ ਹੀ ਮਸਹੂਰ ਗੀਤ ' ਸਲਮਾ' ਹੈ। ਉਪਕਾਰ ਸਿੰਘ ਨੇ ਸਾਡੇ ਪਰਿਵਾਰ ਨਾਲ ਇਕ ਸੁਰਮਈ ਸਾਮ ਵਿੱਚ ਕੁਝ ਗਜਲਾਂ ਤੇ ਗੀਤ ਗਾਏ ਜਿਸ ਦਾ ਅਨੰਦ 2 ਤੋਂ 7 ਸਾਲ ਦੇ ਬੱਚਿਆਂ ਨੇ ਵੀ ਉਨ੍ਹਾਂ ਦੀ ਤਾਲੀ ਦੀ ਤਾਲ ਵਿੱਚ ਤਾਲੀ ਵਜਾ ਕੇ ਉਠਾਇਆ।

ਭਾਵੇਂ ਪਰਵਾਸ ਬਾਰੇ ਲੋਕਾਂ ਦੀ ਵੱਖਰੀ ਵੱਖਰੀ ਰਾਏ ਹੈ ਪਰ ਇਸ ਦਾ ਅਸਰ ਸਭ ਉੱਤੇ ਜਰੂਰ ਪੈਂਦਾ ਹੈ ਅਤੇ ਹਰ ਕੋਈ ਆਪਣੇ ਆਪਣੇ ਤਰੀਕੇ ਨਾਲ ਇਸ ਦਾ ਪ੍ਰਗਟਾਵਾ ਕਰਦਾ ਹੈ। ਉਪਕਾਰ ਸਿੰਘ ਦੇ ਦੱਸਣ ਮੁਤਾਬਿਕ ਸੁਰਜੀਤ ਪਾਤਰ ਦੀਆਂ ਕਵਿਤਾਵਾਂ ਵਿੱਚ ਆਪਣੇ ਪਰਿਵਾਰਿਕ ਹਾਲਾਤਾਂ ਅਤੇ ਆਪਣੇ ਪਿਤਾ ਜੀ ਦੇ ਪ੍ਰਵਾਸੀ ਹੋਣ ਦਾ ਅਸਰ ਦੇਖਣ ਵਿੱਚ ਮਿਲਦਾ ਹੈ। ਇਕ ਕਵਿਤਾ ਦੀਆਂ ਕੁਝ ਲਾਈਨਾਂ ਇਸ ਤਰ੍ਹਾਂ ਹਨ ' ਤੰਗ ਜਿਹੀ ਗਲੀ ਇਕ ਛੋਟਾ ਜਿਹਾ ਘਰ ਸੀ ਤੇ ਉਸ ਦਾ ਇਕ ਬੋੜਾ ਜਿਹਾ ਦਰ ਸੀ'। ਉਪਕਾਰ ਸਿੰਘ ਦੀਆਂ ਭਾਵਨਾਵਾਂ ਅਨੁਸਾਰ ਇਨ੍ਹਾਂ ਲਾਈਨਾਂ ਵਿਚ ਲਫਜ ਬੋੜਾ ਬਹੁਤ ਮਹੱਤਵ ਪੂਰਨ ਹੈ। ਪਾਤਰ ਸਾਹਿਬ ਦੀ ਇਕ ਹੋਰ ਗਜਲ ਉਪਕਾਰ ਸਿੰਘ ਨੇ ਆਪਣੀ ਮਧੁਰ ਅਵਾਜ ਵਿਚ ਬਹੁਤ ਹੀ ਖੂਬਸੂਰਤ ਅੰਦਾਜ ਵਿਚ ਗਾਈ ਹੈ। " ਸੁਪਨਿਆਂ ਵਿੱਚ ਰੋਣ ਸੌ ਸਾਰੰਗੀਆਂ, ਐਸੀਆਂ ਨੀਂਦਾ ਤੋਂ ਮੌਤਾਂ ਚੰਗੀਆਂ, ਤੇਰੇ ਉੱਚੇ ਦਰ ਤੇ ਦੀਵੇ ਬਾਲਕੇ, ਤੇਰੀਆਂ ਹੀ ਖੈਰਾਂ ਅਸੀਂ ਮੰਗੀਆਂ '। ਇਹ ਬਹੁਤ ਹੀ ਭਾਵਨਾਤਮਕ ਸਤਰਾਂ ਹਨ ਜਿਹੜੀਆਂ ਕਿ ਪਾਤਰ ਸਹਿਬ ਨੇ ਸਾਕਾ ਨੀਲਾ ਤਾਰਾ ਤੋਂ ਬਾਦ ਅਕਾਲ ਤਖਤ ਸਾਹਿਬ ਦੀ ਦਸਾ ਤੋਂ ਦੁਖੀ ਹੋ ਕੇ ਲਿਖੀਆਂ ਸਨ। ਉਪਕਾਰ ਸਿੰਘ ਦਾ ਮੰਨਣਾ ਹੈ ਕਿ ਕਿਸੇ ਵੀ ਕਲਾਕਾਰ ਅਤੇ ਉਸ ਦੀ ਕਲਾ ਉੱਤੇ ਉਸ ਦੇ ਨਿੱਜੀ ਪਰਿਵਾਰ ਨਾਲੋਂ ਉਸ ਦੇ ਚਾਹਵਾਨ ਅਤੇ ਪ੍ਰਸੰਸਕਾਂ ਦਾ ਹੱਕ ਜਿਆਦਾ ਹੁੰਦਾ ਹੈ। ਇਸ ਧਾਰਨਾ ਕਰਕੇ ਉਹ ਆਪਣੇ ਆਪ ਨੂੰ ਸੁਰਜੀਤ ਪਾਤਰ ਦੇ ਛੋਟੇ ਭਰਾ ਦੀ ਥਾਂ ਉਸ ਦੇ ਪ੍ਰਸੰਸਕ ਵਜੋਂ ਤੁਆਰਫ ਕਰਾਉਣ ਨੂੰ ਜਿਆਦਾ ਤਰਜੀਹ ਦਿੰਦੇ ਹਨ। ਉਪਕਾਰ ਸਿੰਘ ਹੁਣ ਤਕ ਦਹਿਲੀਜ, ਚਾਨਣ ਦੀ ਫੁਲਕਾਰੀ, ਦਿਲ ਦਾ ਸਾਜ ਅਤੇ ਸਰਾਂਗਲੀ ਨਾਮ ਹੇਠ ਚਾਰ ਐਲਬਮ ਰਿਲੀਜ ਕਰ ਚੁੱਕੇ ਹਨ ਤੇ 27 ਮਾਰਚ ਨੂੰ ਪਰਥ ਪਹੁੰਚ ਗਏ ਹਨ ਜਿੱਥੇ 4 ਅਪ੍ਰੈਲ ਨੂੰ ਕਾਰਮਾਰ ਕਮਿਊਨਿਟੀ ਸੈਂਟਰ ਵਿੱਚ ਕੀਨੀਆ ਦੀ ਯਾਦ ਤਾਜਾ ਕਰਦਿਆਂ ਗਜਲਾਂ ਦੀ ਸਾਮ ਪੇਸ ਕਰ ਰਹੇ ਹਨ । ਕੀਨੀਆ ਤੋਂ ਆਸਟ੍ਰੇਲੀਆ ਵਿਚ ਪਰਵਾਸ ਕੀਤੇ ਉਪਕਾਰ ਸਿੰਘ ਦੇ ਕੁਝ ਦੋਸਤ ਇਹ ਸਾਮ ਆਯੋਜਿਤ ਕਰ ਰਹੇ ਹਨ। ਇਸ ਸਾਮ ਲਈ ਉਪਕਾਰ ਸਿੰਘ ਨੂੰ ਸਾਡੇ ਵਲੋਂ ਸੁਭ ਕਾਮਨਾਵਾਂ।

ਡਾ ਦਵਿੰਦਰ ਸਿੰਘ ਜੀਤਲਾ



# ਸੰਪਾਦਕ ਅਵਤਾਰ ਐਸ. ਸੰਘਾ ਦੀ ਪੁਸਤਕਾਂ ਤੇ ਹੋਰ ਰਚਨਾਵਾਂ ਤੇ ਪ੍ਰਾਪਤੀਆਂ ਦੀ ਸੂਚੀ

1). **ਸਿਡਨੀ ਦੀਆਂ ਰੇਲ ਗੱਡੀਆਂ** (ਕਹਾਣੀ-ਨੁਮਾ ਲੇਖ ਅਤੇ ਲੇਖ-ਨੁਮਾ ਕਹਾਣੀਆਂ) ਸਿੰਘ ਬ੍ਰਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ
2). **ਦਿਲਹੁ ਮੁਹੱਬਤ ਜਿਨ** (ਨਾਵਲ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2011)
3). **ਖਿਲੌਰੀ ਅੱਖਾਂ** (ਕਹਾਣੀ ਸੰਗ੍ਰਹਿ), ਪੰਜ ਆਬ ਪ੍ਰਕਾਸ਼ਨ, ਜਲੰਧਰ (2013)
4). **ਘੋੜਾ ਡਾਕਟਰ** (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2019)
5). .........**'ਤੇ ਪ੍ਰੀਖਿਆ ਚਲਦੀ ਰਹੀ** (ਨਾਵਲ) (2021) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
6). **5 ਪਰਵਾਸੀ ਕਹਾਣੀਕਾਰ** (ਸੰਪਾਦਿਤ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ(2021)
7). ਸੰਨ 2026 ਦੇ ਅੰਤ ਤੱਕ ਡਾ: ਅਵਤਾਰ ਐਸ. ਸੰਘਾ ਦੀਆਂ ਦੋ ਕਹਾਣੀ ਸੰਗ੍ਰਿਹ ਛਪ ਕੇ ਬਾਜ਼ਾਰ ਵਿੱਚ ਆ ਰਹੇ ਹਨ। (1) **ਮਹਿਲੇ ਮਾਜਰਾ ਤੇ ਹੋਰ ਕਹਾਣੀਆਂ** (2) **Free Train Ride and other stories (English)**
8). **ਮੰਗਵੇਂ ਕੋਟ ਦਾ ਨਿੱਘ** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2023)
9). **ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** (ਵਾਰਤਕ) (2025) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
10). ਲੇਖਕ ਦਾ ਨਵਾਂ ਕਹਾਣੀ ਸੰਗ੍ਰਹਿ **'ਕੁੜੀ ਕਹਾਣੀ ਬਣਦੀ ਗਈ'** ਛਪ ਕੇ ਬਾਜ਼ਾਰ ਵਿੱਚ ਆ ਗਿਆ ਹੈ।
11). **'ਦਾ ਪੰਜਾਬ ਹੈਰਲਡ'** (ਦੋ ਭਾਸ਼ੀ ਮਾਸਿਕ ਪਰਚਾ) 2014 ਸ਼ੁਰੂ ਤੋਂ ਚਲਦਾ ਆ ਰਿਹਾ ਹੈ।
12). **ਵਿਚਾਰਾ ਵਿਲੀਅਮ ਤੇ ਓਵਰਟਾਈਮ** (ਦੋ ਲਘੂ ਨਾਟਕ) (2022) ਮੀਡੀਆ ਪੰਜਾਬ, ਜਰਮਨੀ ਤੇ ਪੜ੍ਹੋ
13). 5 Essays in English
14). ਲੇਖਕ ਦੀ ਪੁਸਤਕ **'ਮੰਗਵੇਂ ਕੋਟ ਦਾ ਨਿੱਘ'** ਦਾ Suhaviaudiobooks.com ਵਲੋਂ ਆਡੀਓ ਬਣਾਇਆ ਗਿਆ ਹੈ।
15). Keerti, Kalicharan, and Karla--a short story in English fiction book-- 'Tales of Our Times: An Elixir for the Wise'--edited by Dr. Sushminderjeet Kaur, Head, Post-graduate Deptt.of English, GGN Khalsa College, Ludhiana
16). Essay--Ageing Cautiously and Conscientiously--in the book--'Life after 65'--edited by Dr. M. L. Sood, retd. Professor PAU, Ludhiana.
17). ਚੰਦ ਰਿਸਰਚ ਲੇਖ ਅੰਗਰੇਜ਼ੀ ਵਿੱਚ ਜਿਵੇਂ Entropic Vision of Thomas Pynchon ਤੇ Another Contem porary Novelist in hiding.
18). The Tribune, Chandigarh ਨੇ 1983 ਤੋਂ 1986 ਤੱਕ ਲੇਖਕ ਦੀਆਂ 6 ਕਹਾਣੀਆਂ ਅੰਗਰੇਜ਼ੀ ਵਿੱਚ ਛਾਪੀਆਂ। ਬਾਅਦ ਵਿੱਚ ਇਹ 6 ਤੇ 5 ਹੋਰ ਹੈਦਰਾਬਾਦ ਦੇ Vipula ਰਸਾਲੇ ਨੇ ਤੇਲਗੂ ਵਿੱਚ ਅਨੁਵਾਦ ਕਰਕੇ ਛਾਪੀਆਂ।
19). ਲੇਖਕ ਦੀਆਂ 22 ਕਹਾਣੀਆਂ ਪੰਜਾਬੀ ਟ੍ਰਿਬਿਊਨ, 6 ਪ੍ਰੀਤ ਲੜੀ, 4 ਪੰਜ ਦਰਿਆ (UK), 13 Likhari.net, 3 ਡੇਲੀ ਆਸ਼ਿਆਨਾ (ਪਟਿਆਲਾ), 2 ਪੰਜਾਬ ਟਾਈਮਜ਼ (USA), 4 ਟ੍ਰਿਬਿਊਨ, 4 'ਸਰੋਕਾਰ' ਯੂ. ਐਸ. ਵਿੱਚ, 2 'ਪਰਵਾਸ' ਲੁਧਿਆਣਾ ਵਿੱਚ, 1 ਲੇਖ 'ਅਜੀਤ' ਜਲੰਧਰ ਵਿੱਚ, 3 ਰੋਜ਼ਾਨਾ ਸਪੋਕਸਮੈਨ ਮੋਹਾਲੀ ਵਿੱਚ ਅਤੇ 15 ਕੁ ਕਹਾਣੀਆਂ ਕੈਨੇਡਾ ਤੇ ਅਮਰੀਕਾ ਦੇ ਹੋਰ ਅਖਬਾਰਾਂ ਵਿੱਚ ਛਪ ਚੁੱਕੀਆਂ ਹਨ।
20). ਲੇਖਕ ਦੀ ਅੰਗਰੇਜੀ ਦੀਆਂ ਕਹਾਣੀਆਂ ਦੀ ਪੁਸਤਕ **'Storm in a Teacup and other stories'** ਉੱਪਰ ਜੀ. ਜੀ. ਐਨ. ਖਾਲਸਾ ਕਾਲਜ ਲੁਧਿਆਣਾ ਦੀ ਅੰਗਰੇਜ਼ੀ ਦੀ ਪੋਸਟ ਗ੍ਰੈਜੂਏਟ ਜਮਾਤਾਂ ਦੀ ਹੈਡ ਡਾ: ਸੁਸ਼ਮਿੰਦਰਜੀਤ ਕੌਰ ਵਲੋਂ 1 ਮਈ 2025 ਨੂੰ ਬਰਧਮਾਨ ਯੂਨੀਵਰਸਿਟੀ ਪੱਛਮੀ ਬੰਗਾਲ ਵਿਖੇ ਪਰਚਾ ਪੜ੍ਹਿਆ ਗਿਆ।
21). ਲੇਖਕ ਦੀਆਂ ਰਚਨਾਵਾਂ ਤੇ ਉੱਤਰੀ ਭਾਰਤ ਦੀ ਇੱਕ ਯੂਨੀਵਰਸਿਟੀ ਵਿੱਚ ਇੱਕ ਖੋਜਾਰਥੀ ਲੜਕੀ ਵਲੋਂ ਪੀ. ਐਚ. ਡੀ. ਕੀਤੀ ਜਾ ਰਹੀ ਏ।
22). ਲੇਖਕ ਦੀ ਕਹਾਣੀ 'ਚੋਰ ਅੱਖ' ਐਸ.ਡੀ ਕਾਲਜ ਪਠਾਨਕੋਟ ਦੀ ਪ੍ਰੋ: (ਅੰਗਰੇਜ਼ੀ) ਛਾਇਆ ਸ਼ਰਮਾ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਤੇ ਛਪਵਾਈ।
23). ਲੇਖਕ ਦੀਆਂ ਤਿੰਨ ਪੁਸਤਕਾਂ **ਮੰਗਵੇਂ ਕੋਟ ਦਾ ਨਿੱਘ, ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** ਅਤੇ **Storm in a Tea Cup & Other Stories** ਪੰਜਾਬ ਭਵਨ ਸਰੀ (ਕੈਨੇਡਾ) ਵਿਖੇ 8 ਸਤੰਬਰ 2024 ਨੂੰ ਲੋਕ ਅਰਪਣ ਕੀਤੀਆਂ ਗਈਆਂ। ਇਸ ਸਮੇਂ ਲੇਖਕ ਨੂੰ ਸਨਮਾਨਿਤ ਵੀ ਕੀਤਾ ਗਿਆ।
24). ਲੇਖਕ ਨੂੰ 15 ਸਤੰਬਰ 2024 ਨੂੰ ਸੈਕਰਾਮੈਂਟੋ (ਯੂ. ਐਸ.) ਗਦਰੀ ਬਾਬਿਆਂ ਦੇ ਮੇਲੇ ਸਮੇਂ ਵੀ ਮੇਲਾ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।
25). ਅਵਤਾਰ ਸੰਘਾ ਯੂ-ਟਿਊਬ ਚੈਨਲ ਵੀ ਸ਼ੁਰੂ ਹੋ ਚੁੱਕਾ ਹੈ।
26). ਲੇਖਕ ਦੀਆਂ ਪੁਸਤਕਾਂ '**ਸਿਡਨੀ ਦੀਆਂ ਰੇਲ ਗੱਡੀਆਂ**' ਅਤੇ '**ਸੇਵਾਮੁਕਤ ਸੈਲਾਨੀ ਤੇ ਹੋਰ ਲੇਖ**' ਦੀਆਂ ਆਡੀਓ ਵੀ ਸੁਹਾਵੀ ਡਾਟ ਕਾਮ ਤੇ ਉਪਲੱਬਧ ਹੋ ਗਈਆਂ ਹਨ।
27). ਲੇਖਕ ਦੀਆਂ 3 ਪੁਸਤਕਾਂ '**ਮੰਗਵੇਂ ਕੋਟ ਦਾ ਨਿੱਘ**', '.....**'ਤੇ ਪ੍ਰੀਖਿਆ ਚਲਦੀ ਰਹੀ**' ਅਤੇ '**ਸੇਵਾਮੁਕਤ ਸੈਲਾਨੀ ਤੇ ਹੋਰ ਲੇਖ**' ਪ੍ਰੋ: ਸੁਖਵੰਤ ਸਿੰਘ ਗਿੱਲ ਨੇ ਆਪਣੀ ਸੰਪਾਦਿਤ ਪੁਸਤਕ 'ਕਿਤਾਬਾਂ ਬੋਲਦੀਆਂ' ਵਿੱਚ ਦਰਜ ਕੀਤੀਆਂ ਹਨ।
28). 15 ਨਵੰਬਰ 2025 ਨੂੰ ਅਕਾਲ ਚੈਨਲ ਟੀ. ਵੀ. ਚੈਨਲ ਤੇ ਡਾ: ਸੰਘਾ ਦੇ ਗਲਪ ਨਿੱਕੀ ਹੁਨਰੀ ਕਹਾਣੀ ਬਾਰੇ ਵਿਚਾਰ ਪੇਸ਼ ਕੀਤੇ।

ਆਜ਼ਾਦ ਬੁੱਕ ਡੀਪੋ, ਹਾਲ ਬਜ਼ਾਰ, ਅੰਮ੍ਰਿਤਸਰ (ਪੰਜਾਬ) ਸੰਪਰਕ 0183-2292513, ਮੋਬਾ: 94631-70369

# ਨਸ਼ਾ ਤਸਕਰੀ ਕੇਸ: ਇੰਦਰਾ ਗਾਂਧੀ ਦੇ ਕਾਤਲ ਸਤਵੰਤ ਸਿੰਘ ਦੇ ਭਤੀਜੇ ਬਲਤੇਜ ਦਾ ਨਾਮ ਪਹਿਲੀ ਵਾਰ ਜਨਤਕ



ਨਿਊਜੀਲੈਂਡ ਦੀ ਪ੍ਰਮੁੱਖ ਖ਼ਬਰ ਸੰਸਥਾ 'ਸਟੱਫ' ਨੇ ਪਹਿਲੀ ਵਾਰ ਬਲਤੇਜ ਸਿੰਘ ਦਾ ਨਾਮ ਜਨਤਕ ਕੀਤਾ ਹੈ, ਜੋ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਤਲ ਸਤਵੰਤ ਸਿੰਘ ਦਾ ਭਤੀਜਾ ਹੈ। ਬਲਤੇਜ 'ਤੇ ਨਿਊਜੀਲੈਂਡ ਦੇ ਇਤਿਹਾਸ ਦੀ ਸਭ ਤੋਂ ਵੱਡੀ ਮੈਥਾਮਫੇਟਾਮਾਈਨ (ਨਸ਼ੀਲੇ ਪਦਾਰਥ) ਦੀ ਤਸਕਰੀ ਦਾ ਮਾਸਟਰਮਾਈਂਡ ਹੋਣ ਦਾ ਇਲਜਾਮ ਹੈ। ਹਾਲਾਂਕਿ ਭਾਰਤੀ ਅਤੇ ਕੌਮਾਂਤਰੀ ਮੀਡੀਆ ਨੇ ਪਹਿਲਾਂ ਹੀ ਉਸਦਾ ਨਾਮ ਪ੍ਰਕਾਸਿਤ ਕਰ ਦਿੱਤਾ ਸੀ, ਪਰ ਨਿਊਜੀਲੈਂਡ ਦੀ ਅਦਾਲਤ ਵੱਲੋਂ ਲਗਾਈ ਗਈ ਪਾਬੰਦੀ ਕਾਰਨ ਉੱਥੋਂ ਦਾ ਸਥਾਨਕ ਮੀਡੀਆ ਹੁਣ ਤੱਕ ਉਸਦੀ ਪਛਾਣ ਗੁਪਤ ਰੱਖਣ ਲਈ ਮਜਬੂਰ ਸੀ।

ਬਲਤੇਜ ਨੇ ਹੁਣ ਖੁਦ ਹੀ ਆਪਣਾ ਨਾਮ ਗੁਪਤ ਰੱਖਣ ਦੀ ਕਾਨੂੰਨੀ ਲੜਾਈ ਵਾਪਸ ਲੈ ਲਈ ਹੈ। ਇਹ ਮਾਮਲਾ ਸਾਲ 2023 ਵਿੱਚ ਇੱਕ 21 ਸਾਲਾ ਨੌਜਵਾਨ ਦੀ ਮੌਤ ਤੋਂ ਬਾਅਦ ਸਾਹਮਣੇ ਆਇਆ ਸੀ, ਜਿਸ ਨੇ ਗਲਤੀ ਨਾਲ ਨਸ਼ੇ ਵਾਲੀ ਬੀਅਰ ਪੀ ਲਈ ਸੀ। ਪੁਲੀਸ ਨੇ ਜਾਂਚ ਦੌਰਾਨ ਕੈਨੇਡਾ ਤੋਂ ਆਏ ਜੂਸ ਅਤੇ ਬੀਅਰ ਦੇ ਡੱਬਿਆਂ ਵਿੱਚ ਲੁਕਾਇਆ ਹੋਇਆ ਲਗਭਗ 700 ਕਿਲੋ ਨਸ਼ਾ ਬਰਾਮਦ ਕੀਤਾ ਸੀ।

ਕੌਣ ਹੈ ਬਲਤੇਜ ਸਿੰਘ ?

ਬਲਤੇਜ ਸਿੰਘ ਨੂੰ ਨਸ਼ਾ ਤਸਕਰੀ ਦੇ ਦੋਸ਼ ਵਿੱਚ 22 ਸਾਲ ਦੀ ਸਜਾ ਸੁਣਾਈ ਗਈ ਹੈ ਅਤੇ ਉਸਦੀ 36 ਮਿਲੀਅਨ ਡਾਲਰ ਦੀ ਜਾਇਦਾਦ ਵੀ ਜਬਤ ਕੀਤੀ ਗਈ ਹੈ। ਭਾਰਤੀ ਸੁਰੱਖਿਆ ਏਜੰਸੀਆਂ ਮੁਤਾਬਕ ਬਲਤੇਜ ਸਿੰਘ ਦਾ ਪਿਛੋਕੜ 1984 ਦੀਆਂ ਇਤਿਹਾਸਕ ਘਟਨਾਵਾਂ ਨਾਲ ਜੁੜਿਆ ਹੋਇਆ ਹੈ। ਉਹ ਸਰਵਣ ਸਿੰਘ ਅਗਵਾਨ ਦਾ ਪੁੱਤਰ ਹੈ, ਜਿਸਦਾ ਭਰਾ ਸਤਵੰਤ ਸਿੰਘ ਉਨ੍ਹਾਂ ਦੇ ਸਿੱਖ ਅੰਗ ਰੱਖਿਅਕਾਂ ਵਿੱਚੋਂ ਇੱਕ ਸੀ, ਜਿਨ੍ਹਾਂ ਨੇ ਅਕਤੂਬਰ 1984 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਕੀਤਾ ਸੀ। ਇਹ ਕਤਲ ਸ੍ਰੀ ਹਰਿਮੰਦਰ ਸਾਹਿਬ ਵਿੱਚ ਚਲਾਏ ਗਏ ਫੌਜੀ 'ਅਪਰੇਸ਼ਨ ਬਲੂ ਸਟਾਰ' ਦੇ ਬਦਲੇ ਵਜੋਂ ਕੀਤਾ ਗਿਆ ਸੀ। ਇਸ ਘਟਨਾ ਤੋਂ ਬਾਅਦ 1980 ਦੇ ਦਹਾਕੇ ਵਿੱਚ ਸਤਵੰਤ ਸਿੰਘ ਦਾ ਪਰਿਵਾਰ ਨਿਊਜੀਲੈਂਡ ਚਲਾ ਗਿਆ ਸੀ। ਉੱਥੇ ਉਨ੍ਹਾਂ ਨੇ ਪਹਿਲਾਂ ਇੱਕ ਛੋਟੀ ਕਰਿਆਨੇ ਦੀ ਦੁਕਾਨ ਸ਼ੁਰੂ ਕੀਤੀ, ਪਰ ਬਾਅਦ ਵਿੱਚ ਰੀਅਲ ਅਸਟੇਟ ਦੇ ਕਾਰੋਬਾਰ ਰਾਹੀਂ ਉਹ ਕਾਫੀ ਅਮੀਰ ਹੋ ਗਏ। ਰਿਪੋਰਟਾਂ ਅਨੁਸਾਰ ਬਲਤੇਜ ਸਿੰਘ ਦੇ ਪਿਤਾ ਨੇ ਉੱਥੇ 100 ਕਰੋੜ ਰੁਪਏ ਤੋਂ ਵੱਧ ਦੀ ਕੀਮਤ ਦਾ ਘਰ ਵੀ ਖਰੀਦਿਆ ਸੀ।

# ਸਰਹੱਦੀ ਪਿੰਡ ਵਿੱਚ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ



ਅੰਮ੍ਰਿਤਸਰ ਦੇ ਸਰਹੱਦੀ ਪਿੰਡ ਰਾਜਤਾਲ ਵਿੱਚ ਸੋਮਵਾਰ ਸਵੇਰੇ ਅਣਪਛਾਤੇ ਹਮਲਾਵਰਾਂ ਵੱਲੋਂ ਇੱਕ 35 ਸਾਲਾ ਵਿਅਕਤੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ।

ਮ੍ਰਿਤਕ ਦੀ ਪਛਾਣ ਸੋਹਣਾ ਸਿੰਘ ਵਜੋਂ ਹੋਈ ਹੈ, ਜੋ ਭਾਰਤ-ਪਾਕਿ ਸਰਹੱਦ ਨੇੜਲੇ ਪਿੰਡ ਰਾਜਾਤਾਲ ਦਾ ਰਹਿਣ ਵਾਲਾ ਸੀ। ਰਾਜਾਤਾਲ ਤੋਂ ਖੋੜਾ ਵੱਲ ਜਾਂਦੇ ਹੋਏ ਉਸ ਨੂੰ ਹਮਲਾਵਰਾਂ ਨੇ ਰਸਤੇ ਵਿੱਚ ਘੇਰ ਲਿਆ ਅਤੇ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੂਚਨਾ ਮਿਲਣ ਤੋਂ ਤੁਰੰਤ ਬਾਅਦ ਐਡੀਸਨਲ ਐੱਸ ਐੱਚ ਓ ਜਸਦੀਪ ਸਿੰਘ ਦੀ ਅਗਵਾਈ ਵਿੱਚ ਘਰਿੰਡਾ ਥਾਣੇ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲੀਸ ਨੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਹੈ ਅਤੇ ਮੌਕੇ ਤੋਂ ਸਬੂਤ ਇੱਕਠੇ ਕੀਤੇ ਜਾ ਰਹੇ ਹਨ।

ਪੁਲੀਸ ਵੱਲੋਂ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਅਤੇ ਲਾਸ ਨੂੰ ਕਬਜੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪਰਿਵਾਰਕ ਮੈਂਬਰਾਂ ਅਨੁਸਾਰ ਗਲੀ ਵਿੱਚ ਪਾਣੀ ਦੀ ਨਿਕਾਸੀ ਨੂੰ ਲੈ ਕੇ ਗੁਆਂਢੀਆਂ ਨਾਲ ਚੱਲ ਰਿਹਾ ਨਿੱਜੀ ਝਗੜਾ ਇਸ ਕਤਲ ਦਾ ਸੰਭਾਵੀ ਕਾਰਨ ਹੋ ਸਕਦਾ ਹੈ। ਹਾਲਾਂਕਿ ਪੁਲੀਸ ਦਾ ਕਹਿਣਾ ਹੈ ਕਿ ਅਸਲ ਕਾਰਨਾਂ ਦਾ ਪਤਾ ਲਗਾਉਣ ਅਤੇ ਕਤਲ ਵਿੱਚ ਸਾਮਲ ਵਿਅਕਤੀਆਂ ਦੀ ਪਛਾਣ ਕਰਨ ਲਈ ਸਾਰੇ ਪਹਿਲੂਆਂ ਤੋਂ ਜਾਂਚ ਕੀਤੀ ਜਾ ਰਹੀ ਹੈ।

# ਡੀਜੇ ਬੰਦ ਕਰਾਉਣ ਕਾਰਨ ਹੋਈ ਲੜਾਈ 'ਚ ਦੋ ਜਖਮੀ



ਪਿੰਡ ਰਤਨਪੁਰ ਮੰਡ ਵਿਖੇ ਇੱਕ ਵਿਆਹ ਸਮਾਗਮ ਦੌਰਾਨ ਡੀਜੇ ਬੰਦ ਕਰਾਉਣ ਦੀ ਰੰਜਿਸ ਕਾਰਨ ਹੋਈ ਲੜਾਈ ਵਿਚ ਅੱਧੀ ਦਰਜਨ ਤੋਂ ਵੱਧ ਨੌਜਵਾਨਾਂ ਵੱਲੋਂ ਤੇਜਧਾਰ ਹਥਿਆਰਾਂ ਨਾਲ ਕੀਤੇ ਹਮਲੇ ਦੌਰਾਨ ਲਾੜੇ ਦਾ ਭਰਾ ਤੇ ਭੂਆ ਦਾ ਲੜਕਾ ਗੰਭੀਰ ਰੂਪ ਵਿਚ ਜਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ਼ ਲਈ ਸਰਕਾਰੀ ਹਸਪਤਾਲ ਰੂਪਨਗਰ ਵਿਖੇ ਭਰਤੀ ਕਰਵਾਇਆ ਗਿਆ ।ਪੁਲੀਸ ਚੌਂਕੀ ਬੇਲਾ ਦੇ ਇੰਚਾਰਜ਼ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਗੁਰਲਾਲ ਸਿੰਘ ਪਿੰਡ ਦਾਤਾ ਥਾਣਾ ਮਹਿਲਪੁਰ ਨੇ ਪੁਲੀਸ ਨੂੰ ਲਿਖਵਾਏ ਬਿਆਨ ਵਿਚ ਦੱਸਿਆ ਕਿ 23 ਮਾਰਚ ਨੂੰ ਉਸ ਦੇ ਮਾਮੇ ਬਲਵਿੰਦਰ ਸਿੰਘ ਦੇ ਪੁੱਤਰ ਗੁਰਬਾਜ ਸਿੰਘ ਦੀ ਸਾਦੀ ਸੀ ਜਿਸ ਕਾਰਨ ਉਹ ਪਿੰਡ ਰਤਨਪੁਰ ਮੰਡ ਵਿੱਚ ਆਇਆ ਹੋਇਆ ਸੀ। ਉਸ ਨੇ ਦੱਸਿਆ ਕਿ 23 ਮਾਰਚ ਨੂੰ ਗੁਰਬਾਜ ਸਿੰਘ ਦੀ ਬਰਾਤ ਬਲਾਚੌਰ ਭੱਦੀ ਰੋਡ ਵਿਖੇ ਸੈਣੀ ਪੈਲੇਸ ਵਿਚ ਗਈ ਸੀ,ਜਿੱਥੇ ਸਵੇਰ ਤੋਂ ਹੀ ਡੀਜੇ ਚੱਲ ਰਿਹਾ ਸੀ, ਆਨੰਦ ਕਾਰਜ ਦੀ ਰਸਮ ਉਪਰੰਤ ਲਾੜਾ ਲਾੜੀ ਦੇ ਪੈਲੇਸ ਵਿਚ ਵਾਪਸ ਆਉਣ ਤੇ ਸ਼ਗਨ ਦੀ ਰਸਮ ਪੂਰੀ ਹੋਣ ਤੇ ਉਸ ਵੱਲੋ 5.15 ਵਜੇ ਪੈਲੇਸ ਵਿਚ ਡੀਜੇ ਬੰਦ ਕਰਵਾ ਦਿੱਤਾ ਗਿਆ। ਡੀਜੇ ਬੰਦ ਕਰਾਉਣ ਦਾ ਪੈਲੇਸ ਵਿਚ ਹੀ ਲਾੜੇ ਗੁਰਬਾਜ ਸਿੰਘ ਦੀ ਮਾਸੀ ਦੇ ਲੜਕੇ ਗੁਰਚਰਨ ਸਿੰਘ ਪਿੰਡ ਸੰਭੂ ( ਪਟਿਆਲਾ ) ਅਤੇ ਉਸ ਦੇ ਚਾਚੇ ਦੇ ਪੁੱਤਰ ਜਸਨ ਨੇ ਵਿਰੋਧ ਕੀਤਾ ਅਤੇ ਉਹ, ਉਸ ਨਾਲ ਗਾਲੀ ਗਲੋਚ ਤੇ ਧੱਕਾ-ਮੁੱਕੀ ਕਰਦਿਆਂ ਧਮਕੀਆਂ ਦਿੰਦੇ ਹੋਏ ਪੈਲੇਸ ਤੋਂ ਬਾਹਰ ਚਲੇ ਗਏ। ਉਸ ਨੇ ਦੱਸਿਆ ਕਿ 26 ਮਾਰਚ ਨੂੰ ਉਹ ਆਪਣੇ ਮਾਮੇ ਦੇ ਛੋਟੇ ਲੜਕੇ ਮਿੱਤਰਪਾਲ ਸਿੰਘ ਨਾਲ ਮੋਟਰਸਾਈਕਲ ਨੰਬਰ ਪੀਬੀ- 12 ਏ ਕੇ- 5433 ਰਾਂਹੀ ਕਿਸੇ ਘਰੇਲੂ ਕੰਮ ਲਈ ਰੂਪਨਗਰ ਜਾ ਰਿਹਾ ਸੀ ਤਾਂ ਗੁਰਚਰਨ ਸਿੰਘ ਤੇ ਜਸਨ ਸਮੇਤ ਪੰਜ ਛੇ ਹੋਰ ਅਣਪਛਾਤੇ ਨੌਜਵਾਨ ਦੋ ਕਾਰਾਂ ਵਿਚ ਆਏ, ਕਾਰ ਸਵਾਰਾਂ ਨੇ ਉਨ੍ਹਾਂ ਦੇ ਮੋਟਰਸਾਈਕਲ ਵਿਚ ਟੱਕਰ ਮਾਰੀ, ਜਿਸ ਕਾਰਨ ਉਹ ਮੋਟਰਸਾਈਕਲ ਸਮੇਤ ਡਿੱਗ ਪਏ,ਜਿੱਥੇ ਗੁਰਚਰਨ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਉਸ ਦੀ ਅਤੇ ਮਿੱਤਰਪਾਲ ਸਿੰਘ ਦੀ ਤੇਜਧਾਰ ਹਥਿਆਰਾਂ ਨਾਲ ਕੁੱਟਮਾਰ ਕੀਤੀ ਗਈ, ਜਿਸ ਕਾਰਨ ਉਨਾਂ ਦੇ ਕਾਫੀ ਗੰਭੀਰ ਸੱਟਾਂ ਲੱਗੀਆਂ ਅਤੇ ਉਹ ਸਿਵਲ ਹਸਪਤਾਲ ਰੂਪਨਗਰ ਵਿਖੇ ਜੇਰੇ ਇਲਾਜ਼ ਹਨ ।ਪੁਲੀਸ ਨੇ ਗੁਰਚਰਨ ਸਿੰਘ, ਜਸਨ ਅਤੇ 5-6 ਅਣਪਛਾਤੇ ਹਮਲਾਵਰਾਂ ਖਿਲਾਫ਼ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ।

# ਪੰਜਾਬ ਸਰਕਾਰ ਗੁਜਰਾਤ ਦੀ 'ਪੇਟ ਪੂਜਾ' ਐਪ ਵਿਰੁੱਧ ਕਰੇਗੀ ਫੌਜਦਾਰੀ ਕਾਰਵਾਈ : ਹਰਪਾਲ ਚੀਮਾ




ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਪੇਟ ਪੂਜਾ ਐਪ ਰਾਹੀਂ ਟੈਕਸ ਚੋਰੀ ਕਰਨ ਦੇ ਮਾਮਲੇ ਦਾ ਸਖਤ ਨੋਟਿਸ ਲੈਂਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗੁਜਰਾਤ ਦੀ ਪੇਟ ਪੂਜਾ ਐਪ ਵਿਰੁੱਧ ਫੌਜਦਾਰੀ ਕਾਰਵਾਈ ਕੀਤੀ ਜਾਵੇਗੀ ।

ਉਨ੍ਹਾਂ ਕਿਹਾ ਕਿ ਇਸ ਐਪ ਦੀ ਵਰਤੋਂ ਕਰਕੇ ਪੰਜਾਬ ਦੇ ਹੋਟਲਾਂ ਤੇ ਰੈਸਤਰਾਂ ਵਾਲਿਆਂ ਨੇ ਜੀ ਐੱਸ ਟੀ ਦੀ ਚੋਰੀ ਕੀਤੀ ਹੈ ।ਹੁਣ ਤੱਕ 500 ਕਰੋੜ ਦੀ ਟਰਨਓਵਰ ਛੁਪਾਉਣ ਦਾ ਮਾਮਲਾ ਸਾਹਮਣੇ ਆਇਆ ਹੈ ।ਉਨ੍ਹਾਂ ਦੱਸਿਆ ਕਿ ਹੁਣ ਤੱਕ 239 ਕੇਸਾਂ ਦੀ ਜਾਂਚ ਦੌਰਾਨ 2.54 ਕਰੋੜ ਦੀ ਚੋਰੀ ਫੜ੍ਹੀ ਗਈ ਹੈ ਜਿਸ ਵਿੱਚੋਂ 2.02 ਕਰੋੜ ਦੀ ਵਸੂਲੀ ਕੀਤੀ ਜਾ ਚੁੱਕੀ ਹੈ ।ਚੀਮਾ ਨੇ ਕਿਹਾ ਕਿ ਪੰਜਾਬ 'ਚ 882 ਅਦਾਰੇ ਪੇਟ ਪੂਜਾ ਐਪ ਦੀ ਵਰਤੋਂ ਕਰ ਰਹੇ ਸਨ ।

ਕਾਬਲੇਗੌਰ ਹੈ ਕਿ ਦੇਸ਼ ਵਿੱਚ ਕਰੀਬ 70 ਹਜ਼ਾਰ ਕਰੋੜ ਰੁਪਏ ਦੇ ਹੋਏ 'ਪੇਟ ਪੂਜਾ ਜੀ ਐੱਸ ਟੀ' ਘੁਟਾਲੇ ਦਾ ਸੇਕ ਪੰਜਾਬ ਨੂੰ ਵੀ ਲੱਗਿਆ ਹੈ। ਵੇਰਵਿਆਂ ਮੁਤਾਬਕ ਮੁੱਢਲੇ ਪੜਾਅ 'ਤੇ 'ਪੇਟ ਪੂਜਾ' ਐਪ ਜ਼ਰੀਏ ਕਰੋੜਾਂ ਰੁਪਏ ਜੀ ਐੱਸ ਟੀ ਚੋਰੀ ਦੀ ਪੁਸ਼ਟੀ ਹੋਈ ਹੈ। ਕਰ ਵਿਭਾਗ ਪੰਜਾਬ ਨੇ ਸੂਬੇ ਦੇ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿੱਚ ਇਸ ਐਪ ਨਾਲ ਕਰੋੜਾਂ ਰੁਪਏ ਜੀ ਐੱਸ ਟੀ ਚੋਰੀ ਦੀ ਪੈੜ ਨੱਪੀ ਹੈ।ਹੁਣ ਤੱਕ ਪੰਜਾਬ 'ਚ ਸੈਂਕੜੇ ਢਾਬੇ/ਰੈਸਟੋਰੈਂਟਾਂ ਅਤੇ ਹੋਟਲਾਂ ਦੀ ਚੈਕਿੰਗ ਹੋ ਚੁੱਕੀ ਹੈ।

# ਬਠਿੰਡਾ 'ਚ ਤਿੰਨ ਦੁਖਦ ਘਟਨਾਵਾਂ; ਦੋ ਨੇ ਕੀਤੀ ਖ਼ੁਦਕੁਸ਼ੀ, ਝੀਲ 'ਚ ਕੁੱਦੇ ਨੌਜਵਾਨ ਦੀ ਲਾਸ਼ 50 ਘੰਟੇ ਬਾਅਦ ਮਿਲੀ



ਸ਼ਹਿਰ ਅੰਦਰ ਇਕ ਔਰਤ ਸਮੇਤ ਤਿੰਨ ਵਿਅਕਤੀਆਂ ਨੇ ਆਤਮ ਹੱਤਿਆ ਕਰ ਲਈ। ਆਤਮ ਹੱਤਿਆ ਦਾ ਕਾਰਨ ਮਾਨਸਿਕ ਤਨਾਅ ਦੱਸਿਆ ਜਾ ਰਿਹਾ ਹੈ। ਸਥਾਨਕ ਸੁਖਪੀਰ ਰੋਡ ਗਲੀ ਨੰਬਰ 33 ਵਿੱਚ ਇਕ 40 ਸਾਲਾ ਵਿਅਕਤੀ ਵੱਲੋਂ ਫਾਹਾ ਲਗਾ ਕੇ ਆਤਮ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਵਿਅਕਤੀ ਨੇ ਘਰ ਵਿੱਚ ਹੀ ਚੁੰਨੀ ਦੇ ਸਹਾਰਾ ਘਰ ਵਿਚ ਲੱਗੇ ਪੱਖੇ ਦੇ ਹੁੱਕ ਨਾਲ ਲਟਕ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਘਟਨਾ ਦੀ ਸੂਚਨਾ ਮਿਲਦੇ ਹੀ ਸਹਾਰਾ ਜਨ ਸੇਵਾ ਦੀ ਲਾਈਫ ਸੇਵਿੰਗ ਬ੍ਰਿਗੇਡ ਹੈਲਪਲਾਈਨ ਟੀਮ ਦੇ ਮੈਂਬਰ ਵਿੱਕੀ ਕੁਮਾਰ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨੂੰ ਹੇਠਾਂ ਉਤਾਰਿਆ ਗਿਆ।

ਘਟਨਾ ਸਥਾਨ 'ਤੇ ਥਾਣਾ ਕੈਨਾਲ ਦੀ ਪੁਲਿਸ ਵੀ ਮੌਜੂਦ ਰਹੀ, ਜਿਸ ਨੇ ਮੌਕੇ ਦਾ ਜਾਇਜਾ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪਰਿਵਾਰਕ ਮੈਂਬਰਾਂ ਅਨੁਸਾਰ ਮ੍ਰਿਤਕ ਮਾਨਸਿਕ ਤੌਰ 'ਤੇ ਪਰੇਸਾਨ ਸੀ ਅਤੇ ਉਸ ਦਾ ਇਲਾਜ ਵੀ ਚੱਲ ਰਿਹਾ ਸੀ। ਮ੍ਰਿਤਕ ਦੀ ਪਛਾਣ ਲਕਸ਼ਮਣ ਪੁੱਤਰ ਓਮ ਪ੍ਰਕਾਸ ਵਜੋਂ ਹੋਈ ਹੈ, ਜੋ ਸੁਰਖਪੀਰ ਰੋਡ ਦਾ ਰਹਿਣ ਵਾਲਾ ਸੀ। ਪੁਲਿਸ ਕਾਰਵਾਈ ਤੋਂ ਬਾਅਦ ਸਹਾਰਾ ਟੀਮ ਨੇ ਲਾਸ਼ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਦੀ ਮੋਰਚਰੀ ਵਿੱਚ ਭੇਜ ਦਿੱਤਾ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਘਟਨਾ ਨਾਲ ਇਲਾਕੇ ਵਿੱਚ ਸੋਗ ਦਾ ਮਾਹੌਲ ਹੈ।

ਮਹਿਲਾ ਨੇ ਜਹਿਰੀਲਾ ਪਦਾਰਥ ਖਾ ਕੇ ਕੀਤੀ ਆਤਮ ਹੱਤਿਆ

ਸਥਾਨਕ ਪਰਸਰਾਮ ਨਗਰ ਗਲੀ ਨੰਬਰ 7/4 ਵਿੱਚ ਇਕ ਮਹਿਲਾ ਵੱਲੋਂ ਜਹਿਰੀਲਾ ਪਦਾਰਥ ਖਾ ਕੇ ਆਤਮ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਇਲਾਕੇ ਵਿੱਚ ਸਨਸਨੀ ਫੈਲ ਗਈ। ਸੂਚਨਾ ਮਿਲਣ 'ਤੇ ਸਹਾਰਾ ਜਨ ਸੇਵਾ ਦੀ ਲਾਈਫ ਸੇਵਿੰਗ ਬ੍ਰਿਗੇਡ ਹੈਲਪਲਾਈਨ ਟੀਮ ਦੇ ਮੈਂਬਰ ਵਿੱਕੀ ਕੁਮਾਰ ਐਂਬੂਲੈਂਸ ਸਮੇਤ ਮੌਕੇ 'ਤੇ ਪਹੁੰਚੇ। ਘਟਨਾ ਸਥਾਨ 'ਤੇ ਥਾਣਾ ਕੈਨਾਲ ਦੀ ਪੁਲਿਸ ਪਹਿਲਾਂ ਹੀ ਮੌਜੂਦ ਸੀ ਅਤੇ ਮਾਮਲੇ ਦੀ ਜਾਂਚ ਕਰ ਰਹੀ ਸੀ।

ਜਾਣਕਾਰੀ ਅਨੁਸਾਰ ਪਰਿਵਾਰਕ ਵਿਵਾਦ ਦੇ ਚਲਦਿਆਂ ਮਹਿਲਾ ਨੇ ਇਹ ਕਦਮ ਚੁੱਕਿਆ। ਜਹਿਰੀਲਾ ਪਦਾਰਥ ਖਾਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਪਰਮਿੰਦਰ ਕੌਰ ਪਤਨੀ ਰਣਜੀਤ ਸਿੰਘ ਵਜੋਂ ਹੋਈ ਹੈ, ਜੋ ਪਰਸਰਾਮ ਨਗਰ ਦੀ ਰਹਿਣ ਵਾਲੀ ਸੀ। ਪੁਲਿਸ ਨੇ ਲਾਜਮੀ ਕਾਰਵਾਈ ਤੋਂ ਬਾਅਦ ਲਾਸ਼ ਨੂੰ ਪੋਸਟਮਾਰਟਮ ਲਈ ਹਸਪਤਾਲ ਦੀ ਮੋਰਚਰੀ ਵਿੱਚ ਭੇਜ ਦਿੱਤਾ ਹੈ। ਫਿਲਹਾਲ ਪੁਲਿਸ ਮਾਮਲੇ ਦੀ ਗਹਿਰਾਈ ਨਾਲ ਜਾਂਚ ਕਰ ਰਹੀ ਹੈ।

ਝੀਲ 'ਚ ਛਾਲ ਮਾਰਣ ਵਾਲੇ ਨੌਜਵਾਨ ਦੀ ਲਾਸ਼ ਬਰਾਮਦ

ਥਰਮਲ ਪਲਾਂਟ ਸਥਿਤ ਝੀਲ ਨੰਬਰ-2 ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰਨ ਵਾਲੇ ਨੌਜਵਾਨ ਦੀ ਲਾਸ਼ ਕਰੀਬ 50 ਘੰਟਿਆਂ ਬਾਅਦ ਬਰਾਮਦ ਕਰ ਲਈ ਗਈ ਹੈ। ਨੌਜਵਾਨ ਥਾਰ ਗੱਡੀ ਵਿੱਚ ਝੀਲ 'ਤੇ ਪਹੁੰਚਿਆ ਸੀ ਅਤੇ ਝੀਲ ਵਿੱਚ ਛਾਲ ਮਾਰ ਦਿੱਤੀ ਸੀ। ਘਟਨਾ ਤੋਂ ਬਾਅਦ ਐਨਡੀਆਰਐਫ, ਪੁਲਿਸ ਅਤੇ ਸਹਾਰਾ ਜਨ ਸੇਵਾ ਦੀਆਂ ਟੀਮਾਂ ਉਸ ਦੀ ਭਾਲ ਵਿੱਚ ਜੁਟੀਆਂ ਹੋਈਆਂ ਸਨ। ਤਲਾਸ ਅਭਿਆਨ ਦੌਰਾਨ ਗੋਤਾਖੋਰ ਪ੍ਰਗਟ ਸਿੰਘ ਅਤੇ ਬਿੰਨੀ ਸਿੰਘ ਵੀ ਬਠਿੰਡਾ ਪਹੁੰਚੇ ਸਨ, ਜੋ ਲਗਾਤਾਰ ਝੀਲ ਵਿੱਚ ਨੌਜਵਾਨ ਦੀ ਭਾਲ ਕਰ ਰਹੇ ਸਨ।

# ਇਰਾਨ ਵੱਲੋਂ ਯੂਨੀਵਰਸਿਟੀਆਂ 'ਤੇ ਹਮਲੇ ਦੀ ਚਿਤਾਵਨੀ

ਹੂਤੀ ਬਾਗੀਆਂ ਦੇ ਪੱਛਮੀ ਏਸ਼ੀਆ ਜੰਗ 'ਚ ਦਾਖਲੇ ਨਾਲ ਆਲਮੀ ਪੱਧਰ 'ਤੇ ਜਹਾਜਾਂ ਦੀ ਆਵਾਜਾਈ ਲਈ ਖਤਰਾ ਹੋਰ ਵਧ ਸਕਦਾ ਹੈ। ਅਮਰੀਕਾ ਵੱਲੋਂ ਖਿੱਤੇ 'ਚ ਕਰੀਬ 2500 ਮੈਰੀਨਜ ਭੇਜੇ ਜਾਣ ਮਗਰੋਂ ਇਰਾਨ ਨੇ ਐਤਵਾਰ ਨੂੰ ਪਹਿਲੀ ਵਾਰ ਧਮਕੀ ਦਿੱਤੀ ਹੈ ਕਿ ਉਹ ਖਿੱਤੇ 'ਚ ਇਜਰਾਇਲੀ ਤੇ ਅਮਰੀਕੀ ਯੂਨੀਵਰਸਿਟੀਆਂ ਨੂੰ ਨਿਸ਼ਾਨਾ ਬਣਾਉਣਗੇ। ਉਨ੍ਹਾਂ ਅਮਰੀਕਾ ਨੂੰ ਇਰਾਨੀ ਯੂਨੀਵਰਸਿਟੀਆਂ 'ਤੇ ਹਮਲਿਆਂ ਦੀ ਨਿਖੇਧੀ ਕਰਨ ਦਾ ਅਲਟੀਮੇਟਮ ਦਿੱਤਾ ਹੈ। ਇਰਾਨ ਨੇ ਇਜਰਾਈਲ ਅਤੇ ਖਾੜੀ ਮੁਲਕਾਂ 'ਤੇ ਮਿਜਾਈਲਾਂ ਅਤੇ ਡਰੋਨ ਵੀ ਦਾਗੇ ਜਿਨ੍ਹਾਂ ਨੂੰ ਹਵਾ 'ਚ ਹੀ ਫੁੰਡ ਦਿੱਤਾ ਗਿਆ। ਇਜਰਾਈਲ ਵੱਲੋਂ ਵੀ ਇਰਾਨ 'ਤੇ ਹਮਲੇ ਕੀਤੇ ਜਾ ਰਹੇ ਹਨ। ਇਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਗੇਰ ਕਾਲੀਬਾਫ ਨੇ ਅਮਰੀਕਾ ਨੂੰ ਧਮਕੀ ਦਿੱਤੀ ਕਿ ਜੇ ਉਸ ਨੇ ਜਮੀਨੀ ਹਮਲੇ ਦੀ ਹਿਮਾਕਤ ਕੀਤੀ ਤਾਂ ਸਖਤ ਜਵਾਬੀ ਕਾਰਵਾਈਕੀਤੀ ਜਾਵੇਗੀ।

ਹੂਤੀ ਬਾਗੀਆਂ ਵੱਲੋਂ ਸ਼ਨਿਚਰਵਾਰ ਨੂੰ ਇਜਰਾਈਲ 'ਤੇ ਦੋ ਮਿਜਾਈਲਾਂ ਦਾਗਣ ਮਗਰੋਂ ਇਹ ਖਤਰਾ ਪੈਦਾ ਹੋ ਗਿਆ ਹੈ ਕਿ ਉਹ ਲਾਲ ਸਾਗਰ 'ਚ ਬਾਬ ਅਲ-ਮਨਦੇਬ ਜਲ ਮਾਰਗ 'ਚ ਜਹਾਜਾਂ ਉੱਤੇ ਮੁੜ ਹਮਲੇ ਸ਼ੁਰੂ ਕਰ ਸਕਦੇ ਹਨ, ਜਿਥੋਂ ਦੁਨੀਆ ਦਾ ਕਰੀਬ 12 ਫੀਸਦ ਕਾਰੋਬਾਰ ਹੁੰਦਾ ਹੈ। ਜੰਗ 'ਚ ਹੂਤੀ ਬਾਗੀਆਂ ਦੀ ਸ਼ਮੂਲੀਅਤ ਨਾਲ ਯੂ ਐੱਸ ਐੱਸ ਗੇਰਾਲਡ ਆਰ ਫੋਰਡ ਬੇੜੇ ਦੀ ਤਾਇਨਾਤੀ ਮੁਸ਼ਕਲ 'ਚ ਪੈ ਸਕਦੀ ਹੈ। ਹੂਤੀਆਂ ਨੇ ਇਜਰਾਈਲ-ਹਮਾਸ ਜੰਗ ਦੌਰਾਨ ਗਾਜਾ 'ਚ ਫਲਸਤੀਨੀਆਂ ਦਾ ਸਾਥ ਦਿੰਦਿਆਂ ਨਵੰਬਰ 2023 ਤੋਂ ਜਨਵਰੀ 2025 ਦਰਮਿਆਨ 100 ਤੋਂ ਵਧ ਵਪਾਰਕ ਬੇੜਿਆਂ 'ਤੇ ਮਿਜਾਈਲਾਂ ਅਤੇ ਡਰੋਨਾਂ ਨਾਲ ਹਮਲੇ ਕੀਤੇ ਸਨ ਅਤੇ ਦੋ ਬੇੜੇ ਵੀ ਡੋਬ ਦਿੱਤੇ ਸਨ। ਇਰਾਨ ਦੇ ਸਰਕਾਰੀ ਮੀਡੀਆ ਨੇ ਕਿਹਾ ਕਿ ਰੈਵੋਲਿਊਸ਼ਨਰੀ ਗਾਰਡ ਨੇ ਬਿਆਨ ਜਾਰੀ ਕਰ ਕੇ ਚਿਤਾਵਨੀ ਦਿੱਤੀ ਕਿ ਜੇ ਇਰਾਨੀ ਯੂਨੀਵਰਸਿਟੀਆਂ ਨੂੰ ਸੁਰੱਖਿਆ ਦਾ ਭਰੋਸਾ ਨਾ ਦਿੱਤਾ ਗਿਆ ਤਾਂ ਉਹ



ਇਜਰਾਇਲੀ ਯੂਨੀਵਰਸਿਟੀਆਂ ਅਤੇ ਖਿੱਤੇ ਵਿੱਚ ਅਮਰੀਕੀ ਯੂਨੀਵਰਸਿਟੀਆਂ ਦੀਆਂ ਸ਼ਾਖਾਵਾਂ ਨੂੰ ਨਿਸ਼ਾਨਾ ਬਣਾਉਣਗੇ। ਬਿਆਨ ਵਿੱਚ ਕਿਹਾ ਗਿਆ ਕਿ ਜੇ ਅਮਰੀਕੀ ਸਰਕਾਰ ਚਾਹੁੰਦੀ ਹੈ ਕਿ ਖਿੱਤੇ ਵਿੱਚ ਉਨ੍ਹਾਂ ਦੀਆਂ ਯੂਨੀਵਰਸਿਟੀਆਂ ਨੂੰ ਬਖਸ਼ ਦਿੱਤਾ ਜਾਵੇ ਤਾਂ ਉਸ ਨੂੰ ਇਰਾਨੀ ਯੂਨੀਵਰਸਿਟੀਆਂ 'ਤੇ ਬੰਬਾਰੀ ਦੀ ਸੋਮਵਾਰ ਦੁਪਹਿਰ 12 ਵਜੇ ਤੱਕ ਨਿਖੇਧੀ ਕਰਨੀ ਚਾਹੀਦੀ ਹੈ। ਰੈਵੋਲਿਉਸਨਰੀ ਗਾਰਡ ਨੇ ਅਮਰੀਕਾ ਤੋਂ ਇਹ ਵੀ ਮੰਗ ਕੀਤੀ ਕਿ ਉਹ ਇਜਰਾਈਲ ਨੂੰ ਇਰਾਨ ਦੀਆਂ ਯੂਨੀਵਰਸਿਟੀਆਂ ਅਤੇ ਖੋਜ ਕੇਂਦਰਾਂ 'ਤੇ ਹਮਲੇ ਕਰਨ ਤੋਂ ਰੋਕੇ। ਇਸ ਦੌਰਾਨ ਇਜਰਾਇਲੀ ਫੌਜ ਨੇ ਦੱਸਿਆ ਕਿ ਲਿਬਨਾਨ 'ਚ ਅਮਰੀਕੀ-ਇਜਰਾਇਲੀ ਸੈਨਿਕ ਮਾਰਿਆ ਗਿਆ ਅਤੇ ਤਿੰਨ ਹੋਰ ਜਖਮੀ ਹੋ ਗਏ। ਹਿਜਬੁੱਲਾ ਨਾਲ ਜੰਗ ਵਿੱਚ ਇਜਰਾਇਲੀ ਫੌਜ ਦੇ ਹੁਣ ਤੱਕ ਪੰਜ ਜਵਾਨ ਮਾਰੇ ਜਾ ਚੁੱਕੇ ਹਨ। ਇਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਗੇਰ ਕਾਲੀਬਾਫ ਨੇ ਕਿਹਾ ਕਿ ਮੁਲਕ ਦੀ ਫੌਜ ਅਮਰੀਕੀ ਸੈਨਿਕਾਂ ਦੇ ਆਉਣ ਦਾ ਇੰਤਜਾਰ ਕਰ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਮਾਰ ਮੁਕਾਇਆ ਜਾ ਸਕੇ ਅਤੇ ਉਨ੍ਹਾਂ ਦੇ ਖੇਤਰੀ ਭਾਈਵਾਲਾਂ ਨੂੰ ਹਮੇਸਾ ਲਈ ਸਜਾ ਦਿੱਤੀ ਜਾ ਸਕੇ। ਕਾਲੀਬਾਫ ਨੇ ਕਿਹਾ, "ਸਾਡੀ ਗੋਲਾਬਾਰੀ ਜਾਰੀ ਹੈ। ਸਾਡੀਆਂ ਮਿਜਾਈਲਾਂ ਤਿਆਰ ਹਨ। ਸਾਡਾ ਇਰਾਦਾ ਅਤੇ ਵਿਸਵਾਸ ਹੋਰ ਵਧ ਗਿਆ ਹੈ।" ਇਰਾਨ ਦੇ ਸਰਕਾਰੀ ਮੀਡੀਆ ਮੁਤਾਬਕ ਸਪੀਕਰ ਨੇ ਅਮਰੀਕਾ ਨੂੰ ਜਮੀਨੀ ਹਮਲੇ ਵਿਰੁੱਧ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਅਮਰੀਕਾ ਨੇ ਹਿਮਾਕਤ ਕੀਤੀ ਤਾਂ ਸਖਤ ਜਵਾਬੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ 15 ਨੁਕਾਤੀ ਯੋਜਨਾ ਨੂੰ 'ਅਮਰੀਕਾ ਦੀ ਆਪਣੀ ਇੱਛਾ' ਕਰਾਰ ਦਿੱਤਾ ਅਤੇ ਕਿਹਾ ਕਿ ਟਰੰਪ ਪ੍ਰਸਾਸਨ ਇਸ ਯੋਜਨਾ ਰਾਹੀਂ ਉਹ ਕੁਝ ਹਾਸਲ ਕਰਨ ਦੀ ਕੋਸਿਸ ਕਰ ਰਿਹਾ ਹੈ ਜੋ ਉਹ ਤਾਕਤ ਰਾਹੀਂ ਹਾਸਲ ਕਰਨ ਵਿੱਚ ਨਾਕਾਮ ਰਿਹਾ ਹੈ। -

ਪੱਛਮੀ ਏਸ਼ੀਆ ਜੰਗ ਦਾ ਅਸਰ ਘਟਾ ਰਹੇ ਹਾਂ: ਮੋਦੀ

ਪਲੱਕੜ (ਕੇਰਲਾ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਪੱਛਮੀ ਏਸ਼ੀਆ 'ਚ ਜੰਗ ਕਾਰਨ ਮੁਲਕ 'ਤੇ ਪੈ ਰਹੇ ਅਸਰ ਨੂੰ ਘਟਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਕਾਂਗਰਸ 'ਤੇ ਖਤਰਨਾਕ ਬਿਆਨ ਦੇਣ ਦੇ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਬਿਆਨਾਂ ਨਾਲ ਖਾੜੀ ਮੁਲਕਾਂ 'ਚ ਫਸੇ ਭਾਰਤੀਆਂ ਦੀਆਂ ਜਾਨਾਂ ਖਤਰੇ 'ਚ ਪੈ ਸਕਦੀਆਂ ਹਨ।

ਪਲੱਕੜ 'ਚ ਐੱਨ ਡੀ ਏ ਦੀ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਕੇਰਲਾ ਦੇ ਕਈ ਲੋਕ ਜੰਗ ਦੀ ਮਾਰ ਹੇਠ ਆਏ ਮੁਲਕਾਂ 'ਚ ਕੰਮ ਕਰਦੇ ਹਨ। ਉਨ੍ਹਾਂ ਜੋਰ ਦਿੱਤਾ ਕਿ ਉਨ੍ਹਾਂ ਦੀ ਸੁਰੱਖਿਆ ਸਰਕਾਰ ਦੀ ਸਿਖਰਲੀ ਤਰਜੀਹ ਹੈ। ਚੱਲ ਰਹੀਆਂ ਕੂਟਨੀਤਕ ਕੋਸ਼ਿਸ਼ਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਜੰਗ ਸ਼ੁਰੂ ਹੋਣ ਮਗਰੋਂ ਉਹ ਇਨ੍ਹਾਂ ਸਾਰੇ ਮੁਲਕਾਂ ਦੇ ਮੁਖੀਆਂ ਦੇ ਲਗਾਤਾਰ ਸੰਪਰਕ 'ਚ ਹਨ।

# 8 ਭਾਰਤੀਆਂ ਦੀ ਮੌਤ; ਲਗਪਗ 5.5 ਲੱਖ ਭਾਰਤ ਪਰਤੇ

ਪੱਛਮੀ ਏਸੀਆ ਸੰਘਰਸ ਦੇ ਵਿਚਕਾਰ ਵਿਦੇਸ ਮੰਤਰਾਲੇ ਨੇ ਕਿਹਾ ਕਿ ਖੇਤਰ ਵਿੱਚ "ਵੱਖ-ਵੱਖ ਘਟਨਾਵਾਂ" ਵਿੱਚ ਅੱਠ ਭਾਰਤੀ ਨਾਗਰਿਕਾਂ ਦੀ ਜਾਨ ਚਲੀ ਗਈ ਹੈ ਜਦੋਂ ਕਿ ਇੱਕ ਲਾਪਤਾ ਹੈ। ਪੱਛਮੀ ਏਸੀਆ ਦੀ ਸਥਿਤੀ 'ਤੇ ਇੱਥੇ ਇੱਕ ਅੰਤਰ-ਮੰਤਰਾਲਾ ਬ੍ਰੀਫਿੰਗ ਵਿੱਚ ਵਿਦੇਸ ਮੰਤਰਾਲੇ ਦੇ ਵਧੀਕ ਸਕੱਤਰ (ਖਾੜੀ), ਅਸੀਮ ਆਰ ਮਹਾਜਨ ਨੇ ਇਹ ਵੀ ਕਿਹਾ, "ਕੱਲ੍ਹ, ਕੁਵੈਤ ਵਿੱਚ ਇੱਕ ਹਮਲੇ ਵਿੱਚ ਇੱਕ ਭਾਰਤੀ ਨਾਗਰਿਕ ਦੀ ਮੰਦਭਾਗੀ ਮੌਤ ਹੋ ਗਈ ਸੀ।"

ਹਾਲਾਂਕਿ ਉਨ੍ਹਾਂ ਨੇ ਇਸ ਮੌਤ ਦੇ ਹਾਲਾਤਾਂ ਬਾਰੇ ਵਿਸਥਾਰ ਵਿੱਚ ਨਹੀਂ ਦੱਸਿਆ। ਉਨ੍ਹਾਂ ਕਿਹਾ, "ਅਸੀਂ ਮ੍ਰਿਤਕ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੇ ਹਾਂ। ਕੁਵੈਤ ਵਿੱਚ ਸਾਡਾ ਮਿਸਨ ਮ੍ਰਿਤਕ ਦੇ ਪਰਿਵਾਰ ਦੇ ਸੰਪਰਕ ਵਿੱਚ ਹੈ ਅਤੇ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਨ ਅਤੇ ਉਸਦੀ ਮ੍ਰਿਤਕ ਦੇਹ ਨੂੰ ਜਲਦੀ ਭਾਰਤ ਵਾਪਸ ਭੇਜਣ ਲਈ ਸਥਾਨਕ ਅਧਿਕਾਰੀਆਂ ਨਾਲ ਨਜਦੀਕੀ ਤਾਲਮੇਲ ਕਰ ਰਿਹਾ ਹੈ।"




20 ਮਾਰਚ ਨੂੰ ਪੱਛਮੀ ਏਸੀਆ ਦੀ ਸਥਿਤੀ 'ਤੇ ਅੰਤਰ-ਮੰਤਰਾਲਾ ਬ੍ਰੀਫਿੰਗ ਦੌਰਾਨ ਮਹਾਜਨ ਨੇ ਪੱਤਰਕਾਰਾਂ ਨੂੰ ਦੱਸਿਆ ਸੀ ਕਿ "ਵੱਖ-ਵੱਖ ਘਟਨਾਵਾਂ" ਵਿੱਚ ਛੇ ਭਾਰਤੀ ਨਾਗਰਿਕਾਂ ਦੀ ਜਾਨ ਗਈ ਸੀ ਜਦੋਂ ਕਿ ਇੱਕ ਲਾਪਤਾ ਸੀ। ਸੋਮਵਾਰ ਨੂੰ ਉਨ੍ਹਾਂ ਨੇ ਤਾਜਾ ਜਾਣਕਾਰੀ ਸਾਂਝੀ ਕਰਦਿਆਂ ਕਿਹਾ, "ਮੰਦਭਾਗੀ ਗੱਲ ਹੈ ਕਿ ਅੱਠ ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ ਹੈ ਅਤੇ ਵੱਖ-ਵੱਖ ਘਟਨਾਵਾਂ ਵਿੱਚ ਇੱਕ ਭਾਰਤੀ ਨਾਗਰਿਕ ਲਾਪਤਾ ਹੈ।"

ਸਊਦੀ ਅਰਬ ਸਥਿਤ ਭਾਰਤੀ ਦੂਤਾਵਾਸ ਨੇ ਹਾਲ ਹੀ ਵਿੱਚ ਕਿਹਾ ਸੀ ਕਿ 18 ਮਾਰਚ ਦੀਆਂ ਤਾਜਾ ਘਟਨਾਵਾਂ ਕਾਰਨ ਰਿਆਦ ਵਿੱਚ ਇੱਕ ਭਾਰਤੀ ਨਾਗਰਿਕ ਮਾਰਿਆ ਗਿਆ ਸੀ। ਮੰਤਰਾਲੇ ਨੇ ਇਹ ਵੀ ਸਾਂਝਾ ਕੀਤਾ ਕਿ 28 ਫਰਵਰੀ ਤੋਂ ਹੁਣ ਤੱਕ ਖੇਤਰ ਤੋਂ ਲਗਪਗ 5.5 ਲੱਖ ਯਾਤਰੀ ਭਾਰਤ ਵਾਪਸ ਆਏ ਹਨ। ਵਿਦੇਸ ਮੰਤਰਾਲੇ ਨੇ ਸੋਮਵਾਰ ਨੂੰ ਦੁਹਰਾਇਆ ਕਿ ਉਹ ਖਾੜੀ ਅਤੇ ਪੱਛਮੀ ਏਸੀਆ ਖੇਤਰ ਵਿੱਚ ਬਦਲਦੀ ਸਥਿਤੀ ਦੀ ਨੇੜਿਓਂ ਨਿਗਰਾਨੀ ਕਰਨਾ ਜਾਰੀ ਰੱਖ ਰਿਹਾ ਹੈ। ਵਿਦੇਸ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਅਸੀਂ ਸੰਜਮ ਵਰਤਣ ਅਤੇ ਤਣਾਅ ਘਟਾਉਣ ਦੀ ਅਪੀਲ ਜਾਰੀ ਰੱਖਦੇ ਹਾਂ,ਅਤੇ ਨਾਲ ਹੀ ਸੰਘਰਸ ਨੂੰ ਜਲਦੀ ਖਤਮ ਕਰਨ ਦੇ ਸਾਧਨ ਵਜੋਂ ਗੱਲਬਾਤ ਅਤੇ ਕੂਟਨੀਤੀ 'ਤੇ ਜੋਰ ਦਿੰਦੇ ਹਾਂ।"

# ਵਿਆਹੁਤਾ ਜਲ ਸੈਨਾ ਕਰਮੀ ਮਹਿਲਾ ਦੋਸਤ ਦਾ ਕਤਲ, ਫਰਿੱਜ 'ਚੋਂ ਮਿਲੇ ਲਾਸ ਦੇ ਟੁਕੜੇ



ਭਾਰਤੀ ਜਲ ਸੈਨਾ ਦੇ ਇੱਕ ਕਰਮਚਾਰੀ ਨੇ ਕਥਿਤ ਤੌਰ 'ਤੇ ਇੱਕ 28 ਸਾਲਾ ਔਰਤ ਦਾ ਕਤਲ ਕਰ ਦਿੱਤਾ। ਇਸ ਉਪਰੰਤ ਉਸ ਦੀ ਲਾਸ ਦੇ ਟੁਕੜੇ ਕਰ ਦਿੱਤੇ ਅਤੇ ਇੱਥੋਂ ਦੇ ਗਜੂਵਾਕਾ ਇਲਾਕੇ ਵਿੱਚ ਸਬੂਤ ਨਸਟ ਕਰਨ ਦੀ ਕੋਸਿਸ ਕੀਤੀ। ਪੁਲੀਸ ਅਨੁਸਾਰ ਮੁਲਜਮ ਨੇ ਆਨਲਾਈਨ ਚਾਕੂ ਖਰੀਦਿਆ ਅਤੇ ਲਾਸ ਦੇ ਟੁਕੜੇ ਕਰਕੇ ਕੁੱਝ ਹਿੱਸੇ ਫਰਿੱਜ ਵਿੱਚ ਰੱਖ ਦਿੱਤੇ। ਇਸ ਦੌਰਾਨ ਐਤਵਾਰ ਨੂੰ ਅਦਾਵੀਵਰਮ ਨੇੜੇ ਇੱਕ ਖਾਲੀ ਥਾਂ 'ਤੇ ਸਿਰ ਅਤੇ ਹੱਥ ਸਾੜ ਦਿੱਤੇ।

ਪੁਲੀਸ ਨੇ ਦੱਸਿਆ ਕਿ ਆਈ ਐੱਨ ਐੱਸ ਡੇਗਾ ਵਿੱਚ ਤਾਇਨਾਤ ਚਿੰਤਦਾ ਰਵਿੰਦਰ ਵਜੋਂ ਪਛਾਣੇ ਗਏ ਮੁਲਜਮ ਨੇ ਮ੍ਰਿਤਕ ਪੋਲੀਪੱਲੀ ਮੌਨਿਕਾ ਨਾਲ 2021 ਤੋਂ ਇੱਕ ਡੇਟਿੰਗ ਐਪਲੀਕੇਸਨ ਰਾਹੀਂ ਮਿਲਣ ਤੋਂ ਬਾਅਦ ਸੰਪਰਕ ਬਣਾਇਆ ਹੋਇਆ ਸੀ। ਅਧਿਕਾਰੀ ਨੇ ਦੱਸਿਆ, "ਨੇਵੀ ਸਟਾਫ (ਰਵਿੰਦਰ) ਨੇ ਐਤਵਾਰ ਨੂੰ ਮੌਨਿਕਾ ਦਾ ਆਪਣੇ ਘਰ ਵਿੱਚ ਹੋਈ ਤਕਰਾਰ ਤੋਂ ਬਾਅਦ ਕਤਲ ਕਰ ਦਿੱਤਾ ਅਤੇ ਬਾਅਦ ਵਿੱਚ ਲਾਸ ਦੇ ਟੁਕੜੇ ਕਰਕੇ ਵੱਖ-ਵੱਖ ਥਾਵਾਂ 'ਤੇ ਸੁੱਟ ਦਿੱਤੇ।"

ਪੁਲੀਸ ਨੇ ਦੱਸਿਆ ਕਿ ਸਮੇਂ ਦੇ ਨਾਲ ਦੋਵਾਂ ਵਿਚਾਲੇ ਸਬੰਧ ਬਣ ਗਏ ਅਤੇ ਉਹ ਅਕਸਰ ਵਿਸਾਖਾਪਟਨਮ ਦੇ ਵੱਖ-ਵੱਖ ਸਥਾਨਾਂ ਜਿਵੇਂ ਕਿ ਪਾਰਕਾਂ ਅਤੇ ਥੀਏਟਰਾਂ ਵਿੱਚ ਮਿਲਦੇ ਸਨ। ਅਧਿਕਾਰੀ ਨੇ ਦੱਸਿਆ ਕਿ ਮੁਲਜਮ ਦੇ ਅਨੁਸਾਰ ਔਰਤ ਨੇ ਕਥਿਤ ਤੌਰ 'ਤੇ ਉਸ ਤੋਂ 3.5 ਲੱਖ ਰੁਪਏ ਲਏ ਸਨ ਅਤੇ ਉਨ੍ਹਾਂ ਦੇ ਸਬੰਧਾਂ ਬਾਰੇ ਉਸ ਦੀ ਪਤਨੀ ਨੂੰ ਦੱਸਣ ਦੀ ਧਮਕੀ ਦਿੱਤੀ ਸੀ, ਜਿਸ ਕਾਰਨ ਉਨ੍ਹਾਂ ਵਿਚਕਾਰ ਅਕਸਰ ਝਗੜਾ ਰਹਿੰਦਾ ਸੀ। ਅਧਿਕਾਰੀ ਨੇ ਅੱਗੇ ਦੱਸਿਆ ਕਿ ਘਟਨਾ ਵਾਲੇ ਦਿਨ ਮੁਲਜਮ ਨੇ ਕਥਿਤ ਤੌਰ 'ਤੇ ਉਸ ਨੂੰ ਆਪਣੇ ਫਲੈਟ 'ਤੇ ਬੁਲਾਇਆ ਸੀ, ਜਿੱਥੇ ਉਨ੍ਹਾਂ ਵਿਚਕਾਰ ਤਿੱਖੀ ਬਹਿਸ ਹੋਈ ਅਤੇ ਫਿਰ ਉਸ ਨੇ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ।

# ਰੇਗਿਸਤਾਨ ਦਾ ਜਹਾਜ ਬਣਿਆ ਤਸਕਰਾਂ ਦੀ ਸਵਾਰੀ; ਇੱਕ ਗ੍ਰਿਫਤਾਰ



ਗੈਰ-ਕਾਨੂੰਨੀ ਤਸਕਰੀ ਦੇ ਤਰੀਕਿਆਂ ਵਿੱਚ ਇੱਕ ਅਜੀਬ ਮੋੜ ਸਾਹਮਣੇ ਆਇਆ ਜਦੋਂ ਦੱਖਣੀ ਦਿੱਲੀ ਵਿੱਚ "ਰੇਗਿਸਤਾਨ ਦੇ ਜਹਾਜ" ਨੂੰ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸਾਮਲ ਕੀਤਾ ਗਿਆ। ਅਧਿਕਾਰੀਆਂ ਨੇ ਸੋਮਵਾਰ ਨੂੰ ਦੱਸਿਆ ਕਿ ਪੁਲੀਸ ਨੇ ਸਰਾਬ ਤਸਕਰੀ ਦੇ ਇੱਕ ਅਜਿਹੇ ਰੈਕੇਟ ਦਾ ਪਰਦਾਫਾਸ ਕੀਤਾ ਹੈ ਜੋ ਚੈੱਕ ਪੁਆਇੰਟਾਂ ਅਤੇ ਸੜਕੀ ਨਿਗਰਾਨੀ ਤੋਂ ਬਚਣ ਲਈ ਜੰਗਲੀ ਰਸਤਿਆਂ ਰਾਹੀਂ ਵਰਜਿਤ ਸਾਮਾਨ ਲਿਜਾਣ ਲਈ ਊਠਾਂ ਦੀ ਵਰਤੋਂ ਕਰਦਾ ਸੀ।

ਇਹ ਕਾਰਵਾਈ ਦੱਖਣੀ ਜਿਲ੍ਹੇ ਦੇ ਸਪੈਸਲ ਸਟਾਫ ਵੱਲੋਂ 29 ਅਤੇ 30 ਮਾਰਚ ਦੀ ਦਰਮਿਆਨੀ ਰਾਤ ਨੂੰ ਕੀਤੀ ਗਈ। ਇਹ ਕਾਰਵਾਈ ਫਰੀਦਾਬਾਦ ਤੋਂ ਸੰਗਮ ਵਿਹਾਰ ਦੇ ਜੰਗਲੀ ਇਲਾਕਿਆਂ ਰਾਹੀਂ ਦਿੱਲੀ ਵਿੱਚ ਨਜਾਇਜ ਸਰਾਬ ਲਿਆਂਦੇ ਜਾਣ ਦੀ ਖਾਸ ਖੁਫੀਆ ਜਾਣਕਾਰੀ ਮਿਲਣ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ।

ਪੁਲੀਸ ਟੀਮ ਨੇ ਤੇਜੀ ਨਾਲ ਕਾਰਵਾਈ ਕਰਦੇ ਹੋਏ ਸੰਘਣੇ ਜੰਗਲੀ ਇਲਾਕੇ ਵਿੱਚ ਜਾਲ ਵਿਛਾਇਆ। ਇੱਕ ਅਧਿਕਾਰੀ ਨੇ ਦੱਸਿਆ ਕਿ ਫਰੀਦਾਬਾਦ ਦੇ ਆਨੰਦਪੁਰ ਪਿੰਡ ਦੇ ਰਹਿਣ ਵਾਲੇ ਮੁਲਜਮ ਵਿਨੋਦ ਭਡਾਨਾ (48) ਨੂੰ ਉਸ ਸਮੇਂ ਕਾਬੂ ਕੀਤਾ ਗਿਆ ਜਦੋਂ ਉਹ ਦੋ ਊਠਾਂ ਦੀ ਵਰਤੋਂ ਕਰਕੇ ਸਰਾਬ ਦੀ ਖੇਪ ਲੈ ਕੇ ਜਾ ਰਿਹਾ ਸੀ। ਉਸ ਦੇ ਕਬਜੇ ਵਿੱਚੋਂ ਨਜਾਇਜ ਸਰਾਬ ਦੇ ਕੁੱਲ 39 ਡੱਬੇ ਬਰਾਮਦ ਕੀਤੇ ਗਏ, ਜਿਨ੍ਹਾਂ ਵਿੱਚ 1,938 ਅਧੀਏ (ਕੁਆਰਟਰ) ਸਨ।

ਪੁਲੀਸ ਅਧਿਕਾਰੀਆਂ ਅਨੁਸਾਰ ਮੁਲਜਮ ਨੇ ਦਿੱਲੀ ਅਤੇ ਫਰੀਦਾਬਾਦ ਨੂੰ ਜੋੜਨ ਵਾਲੇ ਮੁੱਖ ਮਾਰਗਾਂ 'ਤੇ ਸਖਤ ਵਾਹਨ ਚੈਕਿੰਗ ਤੋਂ ਬਚਣ ਲਈ ਇਹ ਗੈਰ-ਰਵਾਇਤੀ ਤਰੀਕਾ ਅਪਣਾਇਆ ਸੀ। ਪੁਲੀਸ ਕਰਮਚਾਰੀ ਨੇ ਅੱਗੇ ਦੱਸਿਆ ਕਿ ਜੰਗਲੀ ਰਸਤਿਆਂ ਰਾਹੀਂ ਊਠਾਂ 'ਤੇ ਸਵਾਰ ਹੋ ਕੇ ਉਹ ਨਾਕਾਬੰਦੀ ਅਤੇ ਨਿਗਰਾਨੀ ਪ੍ਰਣਾਲੀਆਂ ਨੂੰ ਚਕਮਾ ਦੇਣ ਵਿੱਚ ਕਾਮਯਾਬ ਰਿਹਾ। ਅਧਿਕਾਰੀ ਨੇ ਦੱਸਿਆ ਕਿ ਇਸ ਕਾਰਵਾਈ ਵਿੱਚ ਵਰਤੇ ਗਏ ਊਠਾਂ ਨੂੰ ਬਚਾ ਕੇ ਸਬੰਧਤ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ ਹੈ, ਜਦੋਂ ਕਿ ਮੁਲਜਮ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

# ਸੋਸਲ ਮੀਡੀਆ ਕੰਪਨੀਆਂ ਨੂੰ ਪੰਜ ਕਰੋੜ ਜੁਰਮਾਨੇ ਦੇ ਚਿਤਾਵਨੀ ਨੋਟਿਸ




ਆਸਟਰੇਲੀਆ ਦੇ ਈ-ਸੇਫਟੀ ਕਮਿਸਨਰ ਨੇ ਸੋਸਲ ਮੀਡੀਆ ਪਲੈਟਫਾਰਮਾਂ ਖਿਲਾਫ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਪੰਜ ਕਰੋੜ ਡਾਲਰ ਤੱਕ ਦੇ ਜੁਰਮਾਨੇ ਦੇ ਚਿਤਾਵਨੀ ਨੋਟਿਸ ਦਿੱਤੇ ਹਨ। ਆਸਟਰੇਲੀਆ ਨੇ ਦਸੰਬਰ 2025 ਵਿੱਚ ਕਾਨੂੰਨ ਲਾਗੂ ਕੀਤਾ ਸੀ, ਜਿਸ ਤਹਿਤ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸਲ ਮੀਡੀਆ ਅਕਾਊਂਟ ਬਣਾਉਣ ਤੋਂ ਰੋਕਿਆ ਗਿਆ ਹੈ। ਇਸ ਕਾਨੂੰਨ ਮੁਤਾਬਕ ਸੋਸ਼ਲ ਮੀਡੀਆ ਅਕਾਊਂਟ ਨਾ ਬਣਾਉਣ ਦੀ ਜਿੰਮੇਵਾਰੀ ਮਾਪਿਆਂ ਜਾਂ ਬੱਚਿਆਂ ਦੀ ਨਹੀਂ ਸਗੋਂ ਸੋਸਲ ਮੀਡੀਆ ਪਲੈਟਫਾਰਮਾਂ ਦੀ ਹੈ ਕਿ ਉਹ ਉਮਰ ਦੀ ਪੱਕੀ ਜਾਂਚ ਕਰ ਕੇ ਬੱਚਿਆਂ ਨੂੰ ਪਲੈਟਫਾਰਮ ਤੋਂ ਦੂਰ ਰੱਖਣ, ਜੇ ਉਹ ਅਸਫਲ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਜੁਰਮਾਨਾ ਭਰਨਾ ਪਵੇਗਾ।

ਰਿਪੋਰਟਾਂ ਮੁਤਾਬਕ ਬੱਚੇ ਆਸਾਨੀ ਨਾਲ ਗਲਤ ਜਨਮ ਮਿਤੀ ਦਰਜ ਕਰ ਕੇ ਜਾਂ ਕਮਜੋਰ ਵੈਰੀਫਿਕੇਸਨ ਸਿਸਟਮਾਂ ਰਾਹੀਂ ਪਾਬੰਦੀ ਤੋਂ ਬਚ ਰਹੇ ਹਨ, ਜਿਸ ਨਾਲ ਉਹ ਖਤਰਨਾਕ ਸਮੱਗਰੀ ਤੱਕ ਪਹੁੰਚ ਕਰ ਰਹੇ ਹਨ।

**ਇੰਡੋਨੇਸ਼ੀਆ 'ਚ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਦਾ ਅਮਲ ਸ਼ੁਰੂ**

ਜਕਾਰਤਾ: ਇੰਡੋਨੇਸੀਆ ਨੇ ਅੱਜ ਉਸ ਨਵੇਂ ਸਰਕਾਰੀ ਨਿਯਮ ਨੂੰ ਲਾਗੂ ਕਰਨਾ ਸੁਰੂ ਕਰ ਦਿੱਤਾ ਹੈ, ਜਿਸ ਨੂੰ ਇਸ ਮਹੀਨੇ ਦੇ ਸੁਰੂ ਵਿੱਚ ਮਨਜੂਰੀ ਦਿੱਤੀ ਗਈ ਸੀ। ਇਹ ਨਿਯਮ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਅਜਿਹੇ ਡਿਜੀਟਲ ਪਲੈਟਫਾਰਮਾਂ ਤੱਕ ਪਹੁੰਚਣ ਤੋਂ ਰੋਕਦਾ ਹੈ, ਜੋ ਉਨ੍ਹਾਂ ਨੂੰ ਅਸਲੀਲਤਾ, ਸਾਈਬਰ ਅਪਰਾਧ, ਔਨਲਾਈਨ ਠੱਗੀ ਅਤੇ ਮੋਬਾਈਲ ਫੋਨ ਦੇ ਝੱਸ ਦੀ ਲਪੇਟ ਵਿੱਚ ਲਿਆ ਸਕਦੇ ਹਨ। ਇਸ ਕਦਮ ਨਾਲ ਇੰਡੋਨੇਸ਼ੀਆ ਦੱਖਣੀ-ਪੂਰਬੀ ਏਸ਼ੀਆ ਦਾ ਅਜਿਹਾ ਪਹਿਲਾ ਮੁਲਕ ਬਣ ਗਿਆ ਹੈ, ਜਿਸ ਨੇ ਬੱਚਿਆਂ ਦੇ ਯੂਟਿਊਬ, ਟਿਕਟੌਕ, ਫੇਸਬੁੱਕ, ਇੰਸਟਾਗ੍ਰਾਮ, ਥਰੈੱਡ, ਐਕਸ, ਬਿਗੋ ਲਾਈਵ ਅਤੇ ਰੋਬਲੌਕਸ 'ਤੇ ਅਕਾਊਂਟ ਬਣਾਉਣ ਉੱਤੇ ਪਾਬੰਦੀ ਲਗਾਈ ਹੈ। ਇੰਡੋਨੇਸ਼ਿਆਈ ਸਰਕਾਰ ਦਾ ਇਹ ਫੈਸਲਾ ਆਸਟਰੇਲੀਆ ਵੱਲੋਂ ਪਿਛਲੇ ਸਾਲ ਚੁੱਕੇ ਅਜਿਹੇ ਹੀ ਕਦਮਾਂ ਤੋਂ ਬਾਅਦ ਆਇਆ ਹੈ।

# ਰੂਸ ਨੇ ਯੂਕਰੇਨ 'ਤੇ 270 ਡਰੋਨ ਦਾਗੇ, 5 ਹਲਾਕ



ਰੂਸ ਨੇ ਯੂਕਰੇਨ ਦੇ ਵੱਖ-ਵੱਖ ਇਲਾਕਿਆਂ 'ਚ 270 ਡਰੋਨਾਂ ਨਾਲ ਹਮਲਾ ਕੀਤਾ ਜਿਸ ਕਾਰਨ ਪੰਜ ਜਣਿਆਂ ਦੀ ਮੌਤ ਹੋ ਗਈ। ਇਹ ਹਮਲੇ ਉਦੋਂ ਹੋਏ ਹਨ ਜਦੋਂ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜੇਲੈਂਸਕੀ ਯੂ ਏ ਈ ਦੇ ਦੌਰੇ 'ਤੇ ਹਨ ਤਾਂ ਕਿ ਅਰਬ ਮੁਲਕਾਂ ਨੂੰ ਇਰਾਨ ਦੇ ਹਮਲਿਆਂ ਤੋਂ ਬਚਾਅ ਲਈ ਮੁਲਕ ਦੀ ਡਰੋਨ ਰੱਖਿਆ ਪ੍ਰਣਾਲੀ ਦਿੱਤੀ ਜਾ ਸਕੇ। ਓਡੇਸਾ 'ਚ ਬੀਤੀ ਰਾਤ ਹੋਏ ਡਰੋਨ ਹਮਲੇ 'ਚ ਦੋ ਲੋਕ ਮਾਰੇ ਗਏ ਅਤੇ 11 ਹੋਰ ਜਖਮੀ ਹੋ ਗਏ। ਬੰਦਰਗਾਹ ਸ਼ਹਿਰ 'ਚ ਹਮਲੇ ਦੌਰਾਨ ਜੱਚਾ-ਬੱਚਾ ਹਸਪਤਾਲ ਅਤੇ ਕਈ ਘਰ ਨੁਕਸਾਨੇ ਗਏ। ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜੇਲੈਂਸਕੀ ਨੇ 'ਐਕਸ' 'ਤੇ ਕਿਹਾ ਕਿ ਰੂਸ ਨੇ ਆਮ ਲੋਕਾਂ 'ਚ ਦਹਿਸ਼ਤ ਫੈਲਾਉਣ ਲਈ ਇਹ ਹਮਲੇ ਕੀਤੇ ਹਨ। ਜੇਲੈਂਸਕੀ ਦੇ ਜੱਦੀ ਸ਼ਹਿਰ ਕ੍ਰਿਵੀ ਰੀਹ 'ਚ ਹਮਲੇ ਦੌਰਾਨ ਦੋ ਜਣੇ ਮਾਰੇ ਗਏ ਅਤੇ ਦੋ ਹੋਰ ਜਖਮੀ ਹੋ ਗਏ। ਪੋਲਤਾਵਾ ਖਿੱਤੇ 'ਚ ਸਨਅਤੀ ਟਿਕਾਣੇ 'ਤੇ ਹਮਲੇ 'ਚ ਇਕ ਸ਼ਖਸ ਮਾਰਿਆ ਗਿਆ। ਯੂਕਰੇਨ ਦੀ ਹਵਾਈ ਫੌਜ ਮੁਤਾਬਕ ਰੂਸ ਨੇ ਬੀਤੀ ਰਾਤ 273 ਡਰੋਨ ਦਾਗੇ ਸਨ ਜਿਨ੍ਹਾਂ 'ਚੋਂ 252 ਨੂੰ ਡੇਗ ਦਿੱਤਾ ਗਿਆ।

# ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਓਲੀ ਤੇ ਗ੍ਰਹਿ ਮੰਤਰੀ ਗ੍ਰਿਫਤਾਰ



ਨੇਪਾਲ 'ਚ ਪਿਛਲੇ ਸਾਲ ਸਤੰਬਰ 'ਚ ਹੋਏ ਨੌਜਵਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਖਿਲਾਫ ਕਾਰਵਾਈ ਕਰਨ ਦੇ ਮਾਮਲੇ 'ਚ ਅੱਜ ਸਾਬਕਾ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਅਤੇ ਸਾਬਕਾ ਗ੍ਰਹਿ ਮੰਤਰੀ ਤੇ ਨੇਪਾਲੀ ਕਾਂਗਰਸ ਆਗੂ ਰਮੇਸ਼ ਲੇਖਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਬਾਲੇਂਦਰ ਸ਼ਾਹ ਦੀ ਅਗਵਾਈ ਹੇਠ ਬਣੀ ਨਵੀਂ ਸਰਕਾਰ ਨੇ ਜਾਂਚ ਕਮਿਸ਼ਨ ਦੀ ਰਿਪੋਰਟ ਲਾਗੂ ਕਰਦਿਆਂ ਇਹ ਕਾਰਵਾਈ ਕੀਤੀ ਹੈ। ਜਾਂਚ ਕਮਿਸ਼ਨ ਨੇ ਓਲੀ ਅਤੇ ਲੇਖਕ ਖਿਲਾਫ ਕਾਨੂੰਨੀ ਕਾਰਵਾਈ ਦੀ ਸਿਫਾਰਸ਼ ਕੀਤੀ ਸੀ। ਇਸੇ ਦੌਰਾਨ ਓਲੀ ਅਤੇ ਲੇਖਕ ਦੀ ਗ੍ਰਿਫਤਾਰੀ ਵਿਰੁੱਧ ਸੀ ਪੀ ਐੱਨ (ਯੂ ਐੱਮ ਐੱਲ) ਨੇ ਬਾਲੇਨ ਸਰਕਾਰ ਖਿਲਾਫ ਪ੍ਰਦਰਸ਼ਨ ਕੀਤਾ ਅਤੇ ਜਾਂਚ ਰਿਪੋਰਟ ਦੀਆਂ ਕਾਪੀਆਂ ਸਾੜੀਆਂ।

ਪਿਛਲੇ ਸਾਲ 8 ਅਤੇ 9 ਸਤੰਬਰ ਨੂੰ 'ਜੈੱਨ ਜ਼ੀ' ਅੰਦੋਲਨ ਨੂੰ ਦਬਾਉਣ ਲਈ ਓਲੀ ਦੀ ਅਗਵਾਈ ਹੇਠਲੀ ਸਰਕਾਰ ਨੇ ਕਾਰਵਾਈ ਕੀਤੀ ਸੀ ਜਿਸ 'ਚ ਕਰੀਬ ਦੋ ਦਰਜਨ ਨੌਜਵਾਨਾਂ ਸਮੇਤ 76 ਵਿਅਕਤੀ ਮਾਰੇ ਗਏ ਸਨ।

ਬਾਲੇਂਦਰ ਸ਼ਾਹ ਦੀ ਅਗਵਾਈ ਹੇਠਲੀ ਨਵੀਂ ਸਰਕਾਰ ਨੇ ਸ਼ੁੱਕਰਵਾਰ ਨੂੰ ਪਹਿਲੀ ਕੈਬਨਿਟ ਮੀਟਿੰਗ ਦੌਰਾਨ ਜਾਂਚ ਕਮਿਸ਼ਨ ਵੱਲੋਂ ਕੀਤੀਆਂ ਸਿਫਾਰਸ਼ਾਂ ਤੁਰੰਤ ਲਾਗੂ ਕਰਨ ਦਾ ਫੈਸਲਾ ਕੀਤਾ। ਓਲੀ ਦੀ ਗ੍ਰਿਫਤਾਰੀ ਮਗਰੋਂ ਗ੍ਰਹਿ ਮੰਤਰੀ ਸੁਦਨ ਗੁਰੰਗ ਨੇ ਸੋਸ਼ਲ ਮੀਡੀਆ ਪੋਸਟ 'ਚ ਲਿਖਿਆ, "ਕੋਈ ਵੀ ਕਾਨੂੰਨ ਤੋਂ ਉਪਰ ਨਹੀਂ ਹੈ।" ਉਨ੍ਹਾਂ ਕਿਹਾ ਕਿ ਇਹ ਕਿਸੇ ਖਿਲਾਫ ਬਦਲਾਖੋਰੀ ਨਹੀਂ ਸਗੋਂ ਇਨਸਾਫ ਦੀ ਸ਼ੁਰੂਆਤ ਹੈ। ਹੁਣ ਮੁਲਕ ਨਵੀਂ ਦਿਸ਼ਾ ਵੱਲ ਵਧੇਗਾ। ਅੱਜ ਛੁੱਟੀ ਹੋਣ ਕਾਰਨ ਦੋਵੇਂ ਆਗੂਆਂ ਨੂੰ ਐਤਵਾਰ ਨੂੰ ਕਾਠਮੰਡੂ ਜਿਲ੍ਹਾ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਜਾਂਚ ਕਮਿਸ਼ਨ ਨੇ ਤਿੰਨ ਤੋਂ 10 ਸਾਲ ਸਜਾ ਦੀ ਸਿਫਾਰਸ਼ ਕੀਤੀ ਹੈ।

# ਅਮਰੀਕਾ ਤੇ ਯੂਰੋਪ 'ਚ ਤਾਨਾਸ਼ਾਹੀ ਵਿਰੋਧੀ ਰੈਲੀਆਂ



ਅਮਰੀਕਾ ਤੇ ਯੂਰੋਪ ਦੇ ਇਲਾਕਿਆਂ 'ਚ ਅੱਜ ਤਾਨਾਸ਼ਾਹੀ ਵਿਰੋਧੀ ਰੈਲੀਆਂ 'ਚ ਵੱਡੀ ਗਿਣਤੀ ਲੋਕਾਂ ਨੇ ਹਿੱਸਾ ਲੈ ਕੇ ਇਰਾਨ ਜੰਗ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਖਿਲਾਫ ਰੋਸ ਵਿਖਾਵਾ ਕੀਤਾ। ਅਮਰੀਕਾ ਦਾ ਮਿਨੇਸੋਟਾ ਸੂਬਾ ਇਸ ਸੰਘਰਸ਼ ਦਾ ਮੁੱਖ ਕੇਂਦਰ ਬਣ ਕੇ ਉਭਰਿਆ ਹੈ, ਜਿੱਥੇ ਹਜਾਰਾਂ ਲੋਕਾਂ ਨੇ ਇਕਜੁੱਟਤਾ ਦਿਖਾਉਂਦਿਆਂ ਟਰੰਪ ਦੀਆਂ ਸਖਤ ਪਰਵਾਸ ਨੀਤੀਆਂ ਖਿਲਾਫ ਆਵਾਜ ਬੁਲੰਦ ਕੀਤੀ।

ਸੇਂਟ ਪੌਲ ਦੇ ਕੈਪੀਟਲ ਲਾਅਨ 'ਚ ਕੀਤੀ ਮੁੱਖ ਰੈਲੀ ਵਿੱਚ ਮਸ਼ਹੂਰ ਗਾਇਕ ਬਰੂਸ ਸਪ੍ਰਿੰਗਸਟੀਨ ਵੀ ਸ਼ਾਮਲ ਹੋਏ। ਬਰੂਸ ਤੇ ਹੋਰ ਬੁਲਾਰਿਆਂ ਨੇ ਕੜਾਕੇ ਦੀ ਠੰਢ ਦੇ ਬਾਵਜੂਦ ਸੜਕਾਂ 'ਤੇ ਉਤਰ ਕੇ ਅਮਰੀਕੀ ਪਰਵਾਸ ਏਜੰਸੀ ਦੀ ਕਾਰਵਾਈ ਦਾ ਵਿਰੋਧ ਕਰਨ ਲਈ ਸੂਬੇ ਦੇ ਲੋਕਾਂ ਦੀ ਸ਼ਲਾਘਾ ਕੀਤੀ। ਬਰੂਸ ਸਪ੍ਰਿੰਗਸਟੀਨ ਨੇ ਫੈਡਰਲ ਏਜੰਟਾਂ ਦੀ ਗੋਲੀਬਾਰੀ 'ਚ ਰਿਨੀ ਗੁੱਡ ਅਤੇ ਐਲੇਕਸ ਪ੍ਰੈੱਟੀ ਦੀ ਮੌਤ 'ਤੇ ਰੋਸ ਜਾਹਿਰ ਕਰਦਿਆਂ ਆਪਣਾ ਗੀਤ 'ਸਟ੍ਰੀਟਸ ਆਫ ਮਿਨੇਪੋਲਿਸ' ਗਾਇਆ।

ਉਨ੍ਹਾਂ ਲੋਕਾਂ ਨੂੰ ਕਿਹਾ, "ਤੁਹਾਡੀ ਤਾਕਤ ਤੇ ਪ੍ਰਤੀਬੱਧਤਾ ਨੇ ਸਾਨੂੰ ਅਹਿਸਾਸ ਕਰਵਾਇਆ ਹੈ ਕਿ ਇਹ ਹੁਣ ਵੀ ਉਹੀ ਦੇਸ਼ ਹੈ ਅਤੇ ਭਿਆਨਕ ਰੂੜ੍ਹੀਵਾਦੀ ਦੌਰ ਤੇ ਅਮਰੀਕੀ ਸ਼ਹਿਰਾਂ 'ਚ ਅਜਿਹੀ ਕਾਰਵਾਈ ਜਿਆਦਾ ਸਮੇਂ ਤੱਕ ਨਹੀਂ ਚੱਲੇਗੀ।" 85 ਲੱਖ ਦੀ ਅਬਾਦੀ ਵਾਲੇ ਨਿਊਯਾਰਕ ਸ਼ਹਿਰ ਤੋਂ ਲੈ ਕੇ ਦੋ ਹਜਾਰ ਤੋਂ ਵੀ ਘੱਟ ਆਬਾਦੀ ਬਾਰੇ ਡ੍ਰਿਗਜ ਕਸਬੇ ਤੱਕ ਲੋਕ ਸੜਕਾਂ 'ਤੇ ਉਤਰ ਆਏ। ਵਾਸ਼ਿੰਗਟਨ 'ਚ ਹਜਾਰਾਂ ਲੋਕਾਂ ਨੇ ਲਿੰਕਨ ਮੈਮੋਰੀਅਲ ਤੇ ਨੈਸ਼ਨਲ ਮਾਲ ਰੋਡ ਤੱਕ ਰੋਸ ਮਾਰਚ ਕੀਤੇ।

ਅਮਰੀਕਾ ਤੋਂ ਇਲਾਵਾ ਯੂਰੋਪ, ਲਾਤੀਨੀ ਅਮਰੀਕਾ, ਲੰਡਨ ਅਤੇ ਆਸਟਰੇਲੀਆ ਸਮੇਤ ਘੱਟੋ-ਘੱਟ 12 ਮੁਲਕਾਂ 'ਚ ਵੀ ਰੋਸ ਮੁਜਾਹਰੇ ਹੋਏ। ਇਨ੍ਹਾਂ ਰੋਸ ਮੁਜਾਹਰਿਆਂ ਦੀ ਅਗਵਾਈ ਕਰ ਰਹੀ ਜਥੇਬੰਦੀ 'ਇੰਡੀਵਿਜੀਬਲ' ਦੇ ਸਹਿ-ਕਾਰਜਕਾਰੀ ਨਿਰਦੇਸ਼ਕ ਐਜਰਾ ਲੈਵਿਨ ਅਨੁਸਾਰ ਜਮਹੂਰੀ ਮੁਲਕਾਂ 'ਚ ਲੋਕ ਇਨ੍ਹਾਂ ਪ੍ਰਦਰਸ਼ਨਾਂ ਨੂੰ 'ਕੋਈ ਤਾਨਾਸ਼ਾਹ ਨਹੀਂ' ਦੇ ਨਾਂ ਨਾਲ ਜਾਣਦੇ ਹਨ। ਰੋਮ 'ਚ ਹਜਾਰਾਂ ਲੋਕ ਸੜਕਾਂ 'ਤੇ ਉਤਰੇ ਅਤੇ ਉਨ੍ਹਾਂ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ ਖਿਲਾਫ ਨਾਅਰੇਬਾਜੀ ਕੀਤੀ। ਇਹ ਮੁਜਾਹਰੇ ਹਾਲਾਂਕਿ ਸ਼ਾਂਤਮਈ ਰਹੇ ਪਰ ਪੁਲੀਸ ਨੇ ਭੀੜ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਵੀ ਕੀਤੀ ਹੈ। ਉੱਧਰ, ਵ੍ਹਾਈਟ ਹਾਊਸ ਦੇ ਬੁਲਾਰੇ ਅਬੀਗਾਇਲ ਜੈਕਸਨ ਨੇ ਇਨ੍ਹਾਂ ਰੋਸ ਵਿਖਾਵਿਆਂ ਨੂੰ 'ਖੱਬੇ ਪੱਖੀਆਂ ਤੋਂ ਫੰਡ ਪ੍ਰਾਪਤ' ਗਤੀਵਿਧੀ ਕਰਾਰ ਦਿੱਤਾ ਹੈ।

# ਚੰਡੀਗੜ੍ਹ ਦੇ ਵਾਸੀ ਤੇ ਰੈਲੀ ਡਰਾਈਵਰ ਹਰੀ ਸਿੰਘ ਦੀ ਭਾਲ ਬੰਦ



ਭਾਰਤ ਦੇ ਰੈਲੀ ਡਰਾਈਵਰ ਹਰੀ ਸਿੰਘ ਦੀ ਭਾਲ ਲਈ ਮਾਲਦੀਵ ਦੇ ਅਧਿਕਾਰੀਆਂ ਵੱਲੋਂ ਚਲਾਇਆ ਜਾ ਰਿਹਾ ਸਰਚ ਅਪਰੇਸਨ ਬੀਤੀ ਰਾਤ ਖਤਮ ਕਰ ਦਿੱਤਾ ਗਿਆ ਹੈ। ਹਰੀ ਸਿੰਘ 19 ਮਾਰਚ ਨੂੰ ਮਾਲਦੀਵ ਦੇ ਫੈਲੀਧੂ ਟਾਪੂ ਨੇੜੇ ਇੱਕ ਤੇਜ ਰਫਤਾਰ ਕਿਸਤੀ ਪਲਟਣ ਕਾਰਨ ਲਾਪਤਾ ਹੋ ਗਏ ਸਨ। ਇਸ ਹਾਦਸੇ ਵਿੱਚ ਉਨ੍ਹਾਂ ਨਾਲ ਭਾਰਤੀ ਜਲ ਸੈਨਾ ਦੇ ਸਾਬਕਾ ਅਧਿਕਾਰੀ ਕਮਾਂਡਰ ਮਹੇਸ ਰਾਮਚੰਦਰਨ ਵੀ ਲਾਪਤਾ ਸਨ। ਆਮ ਤੌਰ 'ਤੇ ਅਜਿਹੀ ਭਾਲ 72 ਘੰਟੇ ਚੱਲਦੀ ਹੈ ਪਰ ਇਹ ਮੁਹਿੰਮ ਅੱਠ ਦਿਨਾਂ ਤੱਕ ਜਾਰੀ ਰੱਖੀ ਗਈ ਸੀ। ਇਸ ਕੰਮ ਲਈ ਡਰੋਨਾਂ, ਹਲਕੇ ਜਹਾਜਾਂ ਅਤੇ ਭਾਰਤ ਸਰਕਾਰ ਵੱਲੋਂ ਭੇਜੇ ਗਏ ਖਾਸ ਨਿਗਰਾਨੀ ਜਹਾਜਾਂ ਦੀ ਮਦਦ ਲਈ ਗਈ ਸੀ ਪਰ ਸਮੁੰਦਰ ਵਿੱਚੋਂ ਉਨ੍ਹਾਂ ਦਾ ਕੋਈ ਵੀ ਸੁਰਾਗ ਨਹੀਂ ਮਿਲ ਸਕਿਆ।

ਹਰੀ ਸਿੰਘ ਦੇ ਪਰਿਵਾਰ ਨੇ ਹੁਣ ਉਨ੍ਹਾਂ ਦੀ ਯਾਦ ਵਿੱਚ 30 ਮਾਰਚ ਨੂੰ ਚੰਡੀਗੜ੍ਹ ਦੇ ਸੈਕਟਰ 8 ਸਥਿਤ ਗੁਰਦੁਆਰਾ ਸਾਹਿਬ ਪਾਤਸਾਹੀ ਦਸਵੀਂ ਵਿਖੇ ਭੋਗ ਦੀ ਰਸਮ ਅਤੇ ਅੰਤਿਮ ਅਰਦਾਸ ਕਰਵਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੇ ਕਰੀਬੀ ਦੋਸਤਾਂ ਅਤੇ ਚੰਡੀਗੜ੍ਹ ਮੋਟਰਸਪੋਰਟ ਐਸੋਸੀਏਸਨ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਇੰਨੀ ਵੱਡੀ ਪੱਧਰ 'ਤੇ ਚਲਾਈ ਗਈ ਮੁਹਿੰਮ ਦੇ ਬਾਵਜੂਦ ਹਰੀ ਸਿੰਘ ਨਾਲ ਜੁੜੀ ਇੱਕ ਵੀ ਚੀਜ ਬਰਾਮਦ ਨਹੀਂ ਹੋਈ। ਹੁਣ ਉਨ੍ਹਾਂ ਦੀ ਭਾਲ ਵਿੱਚ ਜੁਟੇ ਦੋਸਤ ਵੀ ਵਾਪਸ ਭਾਰਤ ਪਰਤ ਰਹੇ ਹਨ।

**ਭਾਰਤੀ ਰੈਲੀ ਜਗਤ ਵਿੱਚ ਹਰੀ ਸਿੰਘ ਦਾ ਸਾਨਦਾਰ ਸਫਰ**

ਹਰੀ ਸਿੰਘ ਭਾਰਤੀ ਮੋਟਰਸਪੋਰਟਸ ਦੇ ਸਭ ਤੋਂ ਵੱਡੇ ਨਾਵਾਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ 90 ਦੇ ਦਹਾਕੇ ਵਿੱਚ ਲਗਾਤਾਰ ਪੰਜ ਵਾਰ ਇੰਡੀਅਨ ਨੈਸਨਲ ਰੈਲੀ ਚੈਂਪੀਅਨਸਿਪ ਜਿੱਤ ਕੇ ਆਪਣਾ ਲੋਹਾ ਮਨਵਾਇਆ ਸੀ। ਉਹ ਪਹਿਲੇ ਭਾਰਤੀ ਡਰਾਈਵਰਾਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ ਏਸੀਆ ਜੋਨ ਰੈਲੀ ਚੈਂਪੀਅਨਸਿਪ ਜਿੱਤ ਕੇ ਅੰਤਰਰਾਸਟਰੀ ਪੱਧਰ 'ਤੇ ਪ੍ਰਸਿੱਧੀ ਹਾਸਲ ਕੀਤੀ। ਰੇਸਿੰਗ ਤੋਂ ਦੂਰ ਹੋਣ ਤੋਂ ਬਾਅਦ ਵੀ ਉਹ ਜੇ.ਕੇ. ਟਾਇਰ ਮੋਟਰਸਪੋਰਟ ਵਿੱਚ ਮੁਖੀ ਵਜੋਂ ਸੇਵਾਵਾਂ ਨਿਭਾ ਰਹੇ ਸਨ ਅਤੇ ਮਰਸਡੀਜ-ਬੈਂਜ ਇੰਡੀਆ ਦੇ ਮੁੱਖ ਇੰਸਟਰਕਟਰ ਸਨ। ਉਨ੍ਹਾਂ ਦੀ ਮੌਤ ਨਾਲ ਭਾਰਤੀ ਖੇਡ ਜਗਤ ਨੇ ਇੱਕ ਬੇਹੱਦ ਪ੍ਰਤਿਭਾਸਾਲੀ ਅਤੇ ਨਿਡਰ ਇਨਸਾਨ ਗੁਆ ਦਿੱਤਾ ਹੈ।

# ਬਕਲੀ, ਬੱਡ ਤੇ ਬੂਟਾ



William Buckley



Bud Singh

ਆਸਟਰੇਲੀਆ, ਇੰਗਲੈਂਡ ਅਤੇ ਭਾਰਤ ਦੇ ਇਤਿਹਾਸ ਦੇ ਰਹੱਸਮਈ ਖਿੱਤੇ ਦੇ ਵਰਕੇ ਫਰੋਲਦਿਆਂ ਮੇਰੇ ਸੰਪਰਕ ਵਿੱਚ ਤਿੰਨ ਅਜੀਬ ਜਿਹੇ ਸਖਸ਼ ਆਏ ਜਿਨ੍ਹਾਂ ਦਾ ਜੀਵਨ ਖਾਨਾਬਦੋਸ਼ ਹੁੰਦਾ ਹੋਇਆ ਇੱਕ ਦੂਜੇ ਦੇ ਨਾਲ ਮੇਲ ਖਾਂਦਾ ਹੈ। ਅਸਲ ਵਿੱਚ ਮੈਂ ਬੋਲੀ ਦੀਆਂ ਪਰਤਾਂ ਫਰੋਲਦਾ ਹੋਇਆ ਅਪਬੋਲੀ (Slang) ਤੇ ਕੇਂਦਰਤ ਸਾਂ। ਅਪਬੋਲੀ ਦੇ ਤਰ੍ਹਾਂ ਤਰ੍ਹਾਂ ਦੇ ਸ਼ਬਦਾਂ ਤੇ ਝਾਤ ਮਾਰਦਾ ਹੋਇਆ ਮੈਂ ਐਸੇ ਸ਼ਬਦਾਂ ਦੇ ਮੱਕੜ ਜਾਲ ਵਿੱਚ ਫਸ ਗਿਆ ਜਿਹੜੇ ਮੈਨੂੰ ਪ੍ਰਭਾਵਿਤ ਵੀ ਕਰੀ ਜਾਣ ਤੇ ਹੈਰਾਨ ਵੀ ਕਰੀ ਜਾਣ। ਮਿਸਾਲ ਦੇ ਤੌਰ ਤੇ ਆਸਟਰੇਲੀਆ ਦੇ ਸੌ ਡਾਲਰ ਦੇ ਕਰੰਸੀ ਨੋਟ ਨੂੰ ਵਾਟਰ ਮੈਲਨ (ਤਰਬੂਜ਼) ਕਿਹਾ ਜਾਂਦਾ ਹੈ ਕਿਉਂਕਿ ਦੋਹਾਂ ਦਾ ਰੰਗ ਗੂੜ੍ਹਾ ਹਰਾ ਹੈ। ਇਸੇ ਪ੍ਰਕਾਰ ਆਸਟਰੇਲੀਆ ਦੇ ਪੰਜਾਹ ਡਾਲਰ ਦੇ ਕਰੰਸੀ ਨੋਟ ਨੂੰ ਪਾਈਨ ਐਪਲ (Pineapple) ਕਿਹਾ ਜਾਂਦਾ ਹੈ ਕਿਉਂਕਿ ਦੋਹਾਂ ਦਾ ਰੰਗ ਪਲੱਤਣ ਵਿੱਚ ਹੈ। 143 ਦੇ ਅੰਕੜੇ ਦਾ ਮਤਲਬ ਹੈ ਆਈ ਲਵ ਯੂ (I Love You) ਕਿਉਂਕਿ ਇਹ ਤਿੰਨ ਸ਼ਬਦ ਕ੍ਰਮਵਾਰ ਇੱਕ ਅੰਕੜੇ, ਚਾਰ ਅੰਕੜਿਆਂ ਤੇ ਤਿੰਨ ਅੰਕੜਿਆਂ ਦੇ ਜੋੜ ਨਾਲ ਬਣਦੇ ਹਨ। 'I' ਇੱਕ ਅੱਖਰ ਹੈ, 'Love' ਚਾਰ ਅੱਖਰ ਹਨ ਤੇ 'You' ਤਿੰਨ ਅੱਖਰ ਹਨ। ਅਪਬੋਲੀ ਦੀ ਸੂਚੀ ਤੇ ਧਿਆਨ ਮਾਰਦੇ ਹੋਏ ਮੇਰੀ ਨਜ਼ਰ ਇੱਕ ਪ੍ਰਗਟਾਵੇ ਤੇ ਪਈ ਜਿਹੜਾ ਸੀ - ਬਕਲੀਜ਼ ਚਾਂਸ (Buckly's Chance) । ਇਸ ਦਾ ਮਤਲਬ ਹੁੰਦਾ ਹੈ ਕੋਈ ਚਾਂਸ ਨਹੀਂ, ਅਸੰਭਵ ਜਾਂ ਬਹੁਤ ਘੱਟ ਸੰਭਵ। ਮੈਂ ਸੋਚਣ ਲੱਗ ਪਿਆ ਕਿ ਇਹ ਸਲੈਂਗ ਬਣਿਆ ਕਿਵੇਂ ਹੋਊ, ਇਸ ਦਾ ਇਤਿਹਾਸ ਕੀ ਹੋਊ ? ਜਦ ਮੈਂ ਇਸ ਦੀਆਂ ਪਰਤਾਂ ਫੋਲੀਆਂ ਤਾਂ ਇਸ ਸਲੈਂਗ ਦੇ ਹੋਂਦ ਵਿੱਚ ਆਉਣ ਦੇ ਪਿੱਛੇ ਇੱਕ ਬੜਾ ਰਹੱਸਮਈ ਇਤਿਹਾਸ ਨਜ਼ਰ ਆਇਆ। ਇਹ ਇਤਿਹਾਸ ਇੱਕ ਗੋਰੇ ਵਿਲੀਅਮ ਬਕਲੀ (William Buckley) ਨਾਲ ਜੁੜਿਆ ਹੋਇਆ ਏ।

ਵਿਲੀਅਮ ਬਕਲੀ 1776 ਵਿੱਚ ਇੰਗਲੈਂਡ ਵਿੱਚ ਚੈਸ਼ਾਇਰ (Cheshire) ਦੇ ਮੈਕਲੀਜ਼ਫੀਲਡ (Macclesfield) ਇਲਾਕੇ ਦੇ ਪਿੰਡ ਮਾਰਟਨ (Merton) ਵਿਖੇ ਪੈਦਾ ਹੋਇਆ ਸੀ। ਛੋਟੇ ਹੁੰਦੇ ਨੂੰ ਇਹਨੂੰ ਇਹਦੇ ਨਾਨੇ ਨੇ ਪਾਲਿਆ ਸੀ। ਇਹ ਇੱਕ ਰਾਜ ਮਿਸਤਰੀ ਦੇ ਤੌਰ ਤੇ ਕੰਮ ਕਰਨ ਲੱਗਾ। ਇਸ ਦਾ ਕੱਦ ਛੇ ਫੁੱਟ ਛੇ ਇੰਚ ਸੀ, ਵਾਲ ਆਲੇ ਦੁਆਲੇ ਨੂੰ ਵਧਵੇਂ ਕਾਲੇ ਸਨ, ਛੋਟਾ ਮੱਥਾ ਸੀ, ਵਧਵੇਂ ਭਰਵੱਟੇ ਅੱਖਾਂ ਉੱਪਰ ਨੂੰ ਲਟਕਦੇ ਰਹਿੰਦੇ ਸਨ। ਛੋਟੇ ਆਕਾਰ ਦਾ ਚਪਟਾ ਜਿਹਾ ਨੱਕ ਸੀ ਤੇ ਚਿਹਰੇ ਤੇ ਮਾਤਾ ਦੇ ਭਾਰੇ ਭਾਰੇ ਦਾਗ ਸਨ। ਦੇਖਣ ਨੂੰ ਇਹ ਨਿਰਾ ਡਾਕੂ ਤੇ ਕਾਤਲ ਲਗਦਾ ਸੀ। ਉਸਦੀ ਡਰਾਉਣੀ, ਬੇਢਵੀ ਸ਼ਕਲ ਨੇ ਉਸਨੂੰ 19 ਸਾਲ ਦੀ ਉਮਰ ਵਿੱਚ ਇੰਗਲੈਂਡ ਦੀ ਫੌਜ ਵਿੱਚ ਭਰਤੀ ਹੋਣ ਵਿੱਚ ਮਦਦ ਕੀਤੀ ਕਿਉਂਕਿ ਫੌਜ ਵਿੱਚ ਡਰਾਉਣੀ ਸ਼ਕਲ ਵਾਲੇ ਸ਼ਖਸ਼ਾਂ ਦੀ ਉਦੋਂ ਜ਼ਰੂਰਤ ਸੀ। 1799 ਵਿੱਚ ਫੌਜ ਨੈਪੋਲੀਅਨ ਬੋਨਾਪਾਰਟ ਦੇ ਖਿਲਾਫ ਲੜਨ ਲਈ ਨੀਦਰਲੈਂਡ ਗਈ ਸੀ। ਲੜਾਈ ਦੌਰਾਨ ਉਸ ਦੀ ਸੱਜੀ ਬਾਂਹ ਤੇ ਗੰਭੀਰ ਸੱਟ ਲੱਗ ਗਈ ਸੀ। ਫੌਜ ਵਿੱਚ ਉਹ ਕੁਝ ਮਾੜੇ ਸਿਪਾਹੀਆਂ ਦੀ ਸੰਗਤ ਦੇ ਵਿੱਚ ਵੀ ਪੈ ਗਿਆ ਸੀ। ਉਸਦੇ ਦੱਸਣ ਮੁਤਾਬਿਕ ਉਸ ਨੂੰ ਇੱਕ ਇਸਤਰੀ ਨੇ ਕੱਪੜੇ ਦਾ ਇੱਕ ਥਾਨ ਇੱਕ ਥਾਂ ਤੋਂ ਦੂਜੀ ਥਾਂ ਲਿਜਾ ਕੇ ਕਿਸੇ ਨੂੰ ਦੇਣ ਲਈ ਕਿਹਾ। ਬਾਅਦ ਵਿੱਚ ਪਤਾ ਲੱਗਾ ਕਿ ਉਹ ਥਾਨ ਚੋਰੀ ਦਾ ਸੀ। ਚੋਰੀ ਦੇ ਦੋਸ਼ ਕਰਕੇ ਉਸਨੂੰ 14 ਸਾਲ ਦੀ ਕੈਦ ਹੋ ਗਈ ।ਕਾਰ ਉਸ ਸਮੇਂ ਇੰਗਲੈਂਡ ਦੇ ਅਪਰਾਧੀ ਆਸਟਰੇਲੀਆ ਵਿੱਚ ਨੂੰ ਸਜ਼ਾ ਕੱਟਣ ਲਈ ਭੇਜੇ ਜਾਂਦੇ ਸਨ। 1803 ਵਿੱਚ ਬਕਲੀ ਨੂੰ ਫੌਜ ਨੇ ਇੱਕ ਪਾਣੀ ਵਾਲੇ ਜਹਾਜ਼ ਵਿੱਚ ਸੁੱਟ ਕੇ ਪੋਰਟ ਫਿਲਿਪ ਬੇਅ (Port Phillip Bay) ਨੂੰ ਭੇਜ ਦਿੱਤਾ। ਇਸ ਬੇਅ ਤੇ ਚੰਗੇ ਭੋਜਨ ਤੇ ਤਾਜੇ ਪਾਣੀ ਦੀ ਘਾਟ ਸੀ। ਕਾਫੀ ਗਿਣਤੀ ਵਿੱਚ ਕੈਦੀ ਇਥੇ ਝੌਂਪੜੀਆਂ ਬਣਾ ਕੇ ਰਹਿੰਦੇ ਸਨ। ਕੁਝ ਮਹੀਨਿਆਂ ਦਾ ਘਟੀਆ ਜੀਵਨ ਬਿਤਾ ਕੇ ਕੁਝ ਅਪਰਾਧੀ ਤਸਮਾਨੀਆ ਸੂਬੇ ਨੇੜੇ ਵੈਨ ਡੇਮੀਅਨਜ਼ ਲੈਂਡ (Van Damien's Land) ਵਿਖੇ ਪਹੁੰਚੇ। ਬਕਲੀ ਤੇ ਪੰਜ ਹੋਰ ਕੈਦੀ ਚੁਸਤੀ ਨਾਲ ਬਾਕੀਆਂ ਤੋਂ ਅਲੱਗ ਹੋ ਕੇ ਸਿਡਨੀ ਵੱਲ ਦੇ ਪਾਸੇ ਨੂੰ ਆ ਗਏ। ਇਹਨਾਂ ਵਿੱਚ ਤਿੰਨ ਆਪਣੇ ਅਫਸਰਾਂ ਦੀਆਂ ਗੋਲੀਆਂ ਨਾਲ ਉਸ ਵੇਲੇ ਮਾਰੇ ਗਏ ਜਦ ਉਹ ਉਹਨਾਂ ਦੀ ਚੁੰਗਲ ਚੋਂ ਨਿਕਲਣ ਦੀ ਕੋਸ਼ਿਸ਼ ਕਰ ਰਹੇ ਸਨ। ਬਕਲੀ ਤੇ ਇਸਦੇ ਦੋ ਹੋਰ ਸਾਥੀਆਂ ਨੇ ਉਸ ਭੋਜਨ ਨਾਲ ਗੁਜ਼ਾਰਾ ਕੀਤਾ ਜਿਹੜਾ ਉਹ ਨਾਲ ਲਿਆਏ ਸਨ। ਇਸ ਦੇ ਨਾਲ ਇਹਨਾਂ ਨੂੰ ਸਮੁੰਦਰੀ ਭੋਜਨ (Sea food) ਵੀ ਪ੍ਰਾਪਤ ਹੋ ਗਿਆ। ਇਹਨਾਂ ਜੰਜੀਰਿਆਂ ਉੱਪਰੋਂ ਜਿੱਧਰ ਨੂੰ ਵੀ ਇਹ ਜਾਣ ਦੀ ਕੋਸ਼ਿਸ਼ ਕਰਦੇ ਸਨ ਇਹਨਾਂ ਨੂੰ ਹਮੇਸ਼ਾ ਆਦਿਵਾਸੀਆਂ ਦਾ ਡਰ ਸਤਾਉਂਦਾ ਰਹਿੰਦਾ ਸੀ। ਆਦਿਵਾਸੀ ਇਹਨਾਂ ਗੋਰਿਆਂ ਤੇ ਹਮਲੇ ਕਰਦੇ ਸਨ। ਬਚਨ ਬਚਾਉਣ ਦੀ ਦੌੜ ਵਿੱਚ ਬਕਲੀ ਇਕੱਲਾ ਰਹਿ ਗਿਆ। ਭੋਜਨ ਪਾਣੀ ਠੀਕ ਨਾ ਮਿਲਣ ਕਾਰਨ ਬਿਮਾਰ ਹੋ ਗਿਆ। ਉਹ ਮੁਸ਼ਕਿਲ ਨਾਲ ਮਰਨ ਤੋਂ ਬਚਿਆ। ਫਿਰ ਇਹ ਸਮੁੰਦਰ ਵਿੱਚ ਅੰਤਾਂ ਦੀਆਂ ਮੁਸ਼ਕਿਲਾਂ ਝੱਲਦਾ ਹੋਇਆ ਵਿਕਟੋਰੀਆ ਸੂਬੇ ਦੇ ਨੇੜੇ ਤਿੰਨ ਐਸੇ ਆਦਿਵਾਸੀਆਂ ਨੂੰ ਮਿਲਿਆ ਜਿਹਨਾਂ ਪਾਸ ਵੱਡੇ ਆਕਾਰ ਦੇ ਨੇਜੇ ਸਨ। ਉਹਨਾਂ ਨੇ ਬਕਲੀ ਨੂੰ ਆਪਣੇ ਵਡੇਰਿਆਂ ਦੀ ਰੂਹ ਸਮਝ ਲਿਆ। ਉਹਨਾਂ ਨੂੰ ਮਹਿਸੂਸ ਹੋਇਆ ਕਿ ਉਹ ਇੱਕ ਆਦਿਵਾਸੀ ਹੀ ਹੈ। ਆਦਿਵਾਸੀਆਂ ਨੇ ਉਸਦਾ ਨਾਮ ਮੁਰਨਗਰਕ (Murrangurk) ਰੱਖ ਦਿੱਤਾ। ਉਹ ਨਾਮ ਕਿਸੇ ਵੇਲੇ ਉਹਨਾਂ ਦੇ ਕਬੀਲੇ ਦੇ ਮੁਖੀ ਦਾ ਹੁੰਦਾ ਸੀ। ਇਸ ਸ਼ਬਦ ਦਾ ਆਦਿਵਾਸੀ ਭਾਸ਼ਾ ਵਿੱਚ ਅਰਥ ਹੁੰਦਾ ਏ:- ਉਹ ਵਿਅਕਤੀ ਜਿਹੜਾ ਮਰ ਕੇ ਦੁਬਾਰਾ ਜਿਉਂਦਾ ਹੋ ਜਾਵੇ। ਕਬੀਲੇ ਨੇ ਅੰਤਾਂ ਦੀਆਂ ਖੁਸ਼ੀਆਂ ਮਨਾਈਆਂ, ਸੱਭਿਆਚਾਰਕ ਪ੍ਰੋਗਰਾਮ ਕੀਤਾ, ਇਹ ਜ਼ਾਹਿਰ ਕਰਨ ਲਈ ਕਿ ਕਬੀਲੇ ਦਾ ਮੁਖੀ ਮੁੜ ਜੀਵਤ ਹੋ ਗਿਆ ਹੈ। ਇਸ ਵਾਲਾਰੰਗਾ ਕਬੀਲੇ (Wallaranga Tribe) ਨੇ ਬਕਲੀ ਨੂੰ ਬਹੁਤ ਆਦਰ ਮਾਣ ਸਤਿਕਾਰ ਦਿੱਤਾ। ਇਸ ਨੇ ਬਕਲੀ ਨੂੰ ਆਪਣੀ ਬੋਲੀ ਵੀ ਸਿਖਾ ਦਿੱਤੀ। ਆਪਣੇ ਰਸਮ ਰਿਵਾਜ ਅਤੇ ਜੀਵਨ ਜਾਚ ਦੇ ਤਰੀਕਿਆਂ ਤੋਂ ਜਾਣੂ ਕਰਵਾ ਦਿੱਤਾ। ਬਕਲੀ ਕਬੀਲੇ ਦੇ ਲੋਕਾਂ ਨਾਲ ਮਿਲ ਕੇ ਮੱਛੀਆਂ ਫੜਦਾ, ਭੋਜਨ ਬਣਾਉਂਦਾ, ਪਹਿਨਣ ਲਈ ਖੱਲਾਂ ਤਿਆਰ ਕਰਵਾਉਂਦਾ ਤੇ ਸ਼ਿਕਾਰ ਤੇ ਵੀ ਜਾਂਦਾ। ਇੱਥੇ ਰਹਿ ਕੇ ਬਕਲੀ ਨੂੰ ਖਾਣ ਪੀਣ ਦੀ ਪੂਰੀ ਮੌਜ ਲੱਗੀ ਰਹੀ। ਉਸਦੀ ਸਿਹਤ ਵੀ ਸੋਹਣੀ ਬਣ ਗਈ। ਆਦਿ ਵਾਸੀਆਂ ਨਾਲ ਬਕਲੀ 32 ਸਾਲ ਰਿਹਾ। ਇਹ ਲੋਕ ਬਾਰਵਿਨ ਦਰਿਆ (Barwin River) ਦੇ ਨੇੜੇ ਰਹੇ। ਨੇੜੇ ਕਈ ਜਹਾਜ਼ ਹਾਦਸਾ ਗ੍ਰਸਤ ਹੋਏ ਮਿਲ ਜਾਂਦੇ ਸਨ। ਇਹਨਾਂ ਵਿੱਚੋਂ ਇਹ ਲੋਕ ਕਈ ਪ੍ਰਕਾਰ ਦੇ ਪੁਰਜੇ, ਕੰਬਲ ਤੇ ਹੋਰ ਚੀਜ਼ਾਂ ਕੱਢ ਲਿਆਉਂਦੇ ਸਨ। ਇਸ ਕਬੀਲੇ ਵਿੱਚ ਰਹਿੰਦਿਆਂ ਬਕਲੀ ਦੇ ਹੱਥ ਇੱਕ ਤੀਵੀਂ ਵੀ ਲੱਗ ਗਈ। ਇਹਦੇ ਪਾਸ ਇਹ ਲੜਕੀ ਸੀ। ਇਹ ਤੀਵੀਂ ਬਕਲੀ ਤੋਂ 15 ਸਾਲ ਵੱਡੀ ਵੀ ਸੀ। ਕੁਝ ਦੇਰ ਬਾਅਦ ਇਹ ਤੀਵੀਂ ਇਸਤੋਂ ਖੋਹ ਲਈ ਗਈ। ਇਸਦਾ ਨਾਮ ਰਸੂਖ ਕਬੀਲੇ ਵਿੱਚ ਫਿਰ ਵੀ ਬਣਿਆ ਰਿਹਾ। ਜਦੋਂ ਕੋਈ ਗੋਰੇ ਲੋਕ ਇਸ ਨੂੰ ਮਿਲਦੇ ਤਾਂ ਇਹ ਉਹਨਾਂ ਨੂੰ ਮਿਲਣ ਤੋਂ ਗੁਰੇਜ਼ ਕਰਦਾ ਕਿਉਂਕਿ ਆਦਿਵਾਸੀ ਗੋਰਿਆਂ ਨੂੰ ਆਪਣਾ ਦੁਸ਼ਮਣ ਸਮਝਦੇ ਸਨ। 1835 ਈਸਵੀ ਵਿੱਚ ਇੱਕ ਗੋਰੇ ਅਪਰਾਧੀਆਂ ਦਾ ਜਹਾਜ਼




ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033


ਇਡੈਂਟਡ ਹੈੱਡ (Indented Head) ਵਿਖੇ ਪਹੁੰਚਿਆ। ਬਕਲੀ ਨੂੰ ਪਤਾ ਲੱਗਾ ਕਿ ਆਦਿਵਾਸੀ ਇਸ ਜਹਾਜ਼ ਵਿੱਚਲੇ ਗੋਰਿਆਂ ਦਾ ਕਤਲ ਕਰਕੇ ਉਹਨਾਂ ਨੂੰ ਲੁੱਟਣਾ ਚਾਹੁੰਦੇ ਸਨ। 6 ਜੁਲਾਈ 1835 ਨੂੰ ਬਕਲੀ ਤੇ ਇਸ ਦੇ ਆਦਿਵਾਸੀ ਸਾਥੀ ਕੰਗਾਰੂ ਦੀਆਂ ਖੱਲਾਂ ਪਹਿਨਕੇ, ਮਾਰੂ ਹਥਿਆਰ ਲੈ ਕੇ ਜੌਹਨ ਵੈੱਜ (John Wedge) ਦੀ ਅਗਵਾਈ ਵਿੱਚ ਗੋਰੇ ਅਪਰਾਧੀਆਂ ਦੇ ਕੈਂਪ ਵਿੱਚ ਪਹੁੰਚੇ। ਗੋਰੇ ਅਪਰਾਧੀਆਂ ਦਾ ਨੇਤਾ ਵਿਲੀਅਮ ਟੌਡ ਦੇਖਦਾ ਹੈ ਕਿ ਉਸਨੇ ਬਕਲੀ ਦੀ ਬਾਂਹ ਤੇ ਖੁਣਿਆ ਹੋਇਆ 'WB' ਦੇਖ ਲਿਆ ਤੇ ਉਹ ਜਾਣ ਗਿਆ ਕਿ ਇਹ ਤਾਂ ਉਹੀ ਬਕਲੀ ਹੈ ਜਿਹੜਾ ਪਿਛਲੇ ਲੰਬੇ ਸਮੇਂ ਤੋਂ ਆਦਿਵਾਸੀਆਂ ਨਾਲ ਰਹਿ ਰਿਹਾ ਸੀ। ਆਦਿਵਾਸੀ ਭਾਸ਼ਾ ਵੱਧ ਬੋਲਦਾ ਸੀ ਤੇ ਅੰਗਰੇਜ਼ੀ ਥੋੜ੍ਹੀ ਥੋੜ੍ਹੀ। ਇਹ ਉਹੀ ਬਕਲੀ ਸੀ ਜਿਹਦੇ ਬਾਰੇ ਆਮ ਚਰਚਾ ਸੀ ਕਿ ਉਹ ਮਰ ਚੁੱਕਾ ਸੀ। ਕਾਨੂੰਨੀ ਤੌਰ ਤੇ ਉਹ ਅਜੇ ਵੀ ਅਪਰਾਧੀ ਸੀ ਤੇ ਉਸ ਨੂੰ ਕਿਸੇ ਵੀ ਸਮੇਂ ਗ੍ਰਿਫਤਾਰ ਕੀਤਾ ਜਾ ਸਕਦਾ ਸੀ। ਵੱਡੀ ਗੱਲ ਇਹ ਸੀ ਕਿ ਬਕਲੀ ਨੇ ਆਦਿਵਾਸੀਆਂ ਦਾ ਚਹੇਤਾ ਹੋਣ ਦੇ ਬਾਵਜੂਦ ਵੀ ਉਸਨੇ ਉਨ੍ਹਾਂ ਨੂੰ ਗੋਰਿਆਂ ਦਾ ਕਤਲ ਕਰਨ ਤੋਂ ਰੋਕਿਆ। ਦੋਹਾਂ ਪਾਸਿਆਂ ਨੇ ਦੁਸ਼ਮਣੀ ਮਿਟਾ ਕੇ ਇੱਕ ਦੂਜੇ ਨਾਲ ਦੋਸਤੀ ਦਾ ਹੱਥ ਵਧਾਇਆ ਸੀ।

ਇਸ ਤੋਂ ਬਾਅਦ ਗੋਰੇ ਸਿਆਸੀ ਬੰਦਿਆਂ ਨੇ ਉਸਨੂੰ ਗੋਰਿਆਂ ਤੇ ਆਦਿਵਾਸੀਆਂ ਵਿੱਚ ਦੋ ਭਾਸ਼ੀਏ ਦੀ ਨੌਕਰੀ ਦੇ ਦਿੱਤੀ। ਮੈਲਬੌਰਨ ਵਿੱਚ ਘਰ ਵੀ ਦੇ ਦਿੱਤਾ। ਬਾਅਦ ਵਿੱਚ ਬਕਲੀ ਨੇ ਗੋਰਿਆਂ ਤੇ ਆਦਿਵਾਸੀਆਂ ਵਿੱਚ ਨੇੜਤਾ ਲਿਆਉਣ ਲਈ ਬੜੇ ਵਧੀਆ ਕੰਮ ਕੀਤੇ। ਉਹ ਦੋਹਾਂ ਵਿਚਕਾਰ ਇੱਕ ਨਰੋਈ ਕੜੀ ਬਣ ਗਿਆ। ਆਖਰ ਵਿੱਚ 1817 ਵਿੱਚ ਬਕਲੀ ਫਿਰ ਵਾਪਸ ਤਸਮਾਨੀਆ ਨੇੜੇ ਵੈਨ ਡੇਮੀਅਮ ਲੈਂਡ (Van Damiem Land) ਵਿਖੇ ਚਲਾ ਗਿਆ ਸੀ। ਉਥੇ 27 ਜੂਨ 1840 ਨੂੰ ਉਸਦਾ ਵਿਆਹ ਜੂਲੀਆ ਹਿਗਨਸ (Julia Huggins) ਨਾਲ ਹੋਇਆ। ਉਹ ਕੱਦ ਦੀ ਬਹੁਤ ਛੋਟੀ ਸੀ। ਬਕਲੀ ਬਹੁਤ ਜਿਆਦਾ ਲੰਬਾ ਸੀ। ਜੂਲੀਆ ਦਾ ਵਿਆਹ ਪਹਿਲਾਂ ਵੀ ਹੋਇਆ ਸੀ ਪਰ ਉਸਦਾ ਪਤੀ ਕਤਲ ਕੀਤਾ ਜਾ ਚੁੱਕਾ ਸੀ। 1856 ਵਿੱਚ ਬਕਲੀ ਸੱਟ ਲੱਗਣ ਨਾਲ ਜ਼ਖਮੀ ਹੋ ਗਿਆ ਸੀ ਉਦੋਂ ਹੀ ਉਸਦੀ 76 ਸਾਲ ਦੀ ਉਮਰ ਵਿੱਚ ਮੌਤ ਹੋ ਗਈ।

ਬਕਲੀ ਦਾ ਜੀਵਨ ਇੰਨਾ ਰਹੱਸਮਈ, ਗਿਰਗਟੀ, ਗੁੱਝਾ ਦੇ ਪੱਖੀ ਹੈ ਕਿ ਕਿਸੇ ਸਮੇਂ ਯਕੀਨ ਨਹੀਂ ਆਉਂਦਾ ਸੀ ਕਿ ਉਹ ਇੰਗਲੈਂਡ ਤੋਂ ਕੈਦੀ ਦੇ ਤੌਰ ਤੇ ਆਸਟਰੇਲੀਆ ਵੱਲ ਨੂੰ ਤੁਰਨ ਤੋਂ ਬਾਅਦ ਜਿਉਂਦਾ ਵੀ ਹੈ ਤੇ 32 ਸਾਲ ਆਦਿ ਵਾਸੀਆਂ ਵਿੱਚ ਘੁਲ ਮਿਲ ਕੇ ਉਹਨਾਂ ਜਿਹੇ ਜੀਵਨ ਬਸਰ ਕਰਦਾ ਹੈ। ਅੰਤ ਵਿੱਚ ਫਿਰ ਗੋਰੇ ਪ੍ਰਵਾਸੀ ਅਪਰਾਧੀਆਂ ਅਤੇ ਆਸਟਰੇਲੀਆ ਦੇ ਐਬੋਰਿਜਨਲਸ (Aboriginals) ਵਿੱਚ ਸਫਲਤਾ ਨਾਲ ਕੜੀ ਦਾ ਕੰਮ ਕਰਨਾ ਦੋਹਰਾ ਜੀਵਨ ਜਿਓਣ ਦੀ ਹੈਰਾਨੀਜਨਕ ਦਾਸਤਾਨ ਹੈ। ਬਕਲੀ ਦੀ ਕਹਾਣੀ ਇਸ ਧਾਰਨਾ ਤੇ ਪੂਰੀ ਉਤਰਦੀ ਹੈ ਕਿ ਅਕਸਰ ਦਿਖ ਅਕਸਰ ਧੋਖੇਬਾਜ਼ ਹੁੰਦੀ ਏ (Appearances are usually deceptive). Buckley's chance ਇਹ ਬਕਲੀ ਦੇ ਭੇਦ ਭਰੇ ਜੀਵਨ ਬਾਰੇ ਹੈ ਇਸ ਦਾ ਅਰਥ ਹੈ - No Chance.

ਦੂਜਾ ਭੇਦ ਭਰਿਆ ਜੀਵਨ ਜਿਉਣ ਵਾਲਾ ਵਿਅਕਤੀ ਬੱਡ ਸਿੰਘ (Bud Singh) ਸੀ। ਇਸ ਦਾ ਅਸਲੀ ਨਾਮ ਬੁੱਧ ਸਿੰਘ ਸੀ। ਤੁਸੀਂ ਜਾਣਦੇ ਹੋ ਗੋਰੇ ਅਕਸਰ ਭਾਰਤੀ ਸ਼ਬਦਾਂ ਨੂੰ ਉਸੇ ਤਰ੍ਹਾਂ ਲਿਖਣ ਲੱਗ ਪੈਂਦੇ ਹਨ ਜਿਵੇਂ ਉਹਨਾਂ ਨੂੰ ਬੋਲਦੇ ਸਨ ।ਉਹ :ਮੁੰਬਈ' ਨੂੰ 'ਬੰਬੇ', 'ਬੰਗਲੋਰੂ' ਨੂੰ 'ਬੰਗਲੌਰ', 'ਪਲੱਛੀ' ਨੂੰ 'ਪਲਾਸੀ' ਤੇ 'ਕਲਕੱਤੇ' ਨੂੰ 'ਕੈਲਕਟਾ' ਕਹਿਣ ਲੱਗ ਪਏ ਸਨ।

ਭਾਰਤੀ ਖਾਸ ਕਰਕੇ ਪੰਜਾਬੀ, ਆਸਟਰੇਲੀਆ ਵਿਚ ਕਾਫੀ ਸਮਾਂ ਪਹਿਲਾਂ ਆਉਣੇ ਸ਼ੁਰੂ ਹੋ ਗਏ ਸਨ। ਇਹਨਾਂ ਪੰਜਾਬੀਆਂ ਵਿੱਚ ਇੱਕ ਨਾਮ ਬੱਡ ਸਿੰਘ (Bud Singh) ਹੈ। ਜਿਹੜਾ ਇੱਥੇ 1900 ਈਸਵੀ ਵਿੱਚ ਆਇਆ ਸੀ। ਬੁੱਧ ਸਿੰਘ ਸਿਡਨੀ ਦੇ ਕੈਂਮਡਨ ਦੇ ਇਲਾਕੇ ਵਿੱਚ ਇੱਕ ਫੇਰੀ ਵਾਲੇ (hawkers) ਦੇ ਤੌਰ ਤੇ ਕੰਮ ਕਰਦਾ ਹੁੰਦਾ ਸੀ। ਕੁਝ ਸਾਲ ਇੱਕ ਫੇਰੀ ਵਾਲੇ ਦੇ ਤੌਰ ਤੇ ਕੰਮ ਕਰਨ ਤੋਂ ਬਾਅਦ ਉਸਨੇ ਜਾਰਾਂਡੇਰੀ (yerrenderie) ਵਿਖੇ ਆਪਣਾ ਜਨਰਲ ਸਟੋਰ ਖੋਲ੍ਹ ਲਿਆ ਸੀ। ਸਖਤ ਮਿਹਨਤ ਕਰਕੇ ਉਹ ਪੈਸੇ ਵਿੱਚ ਚੰਗਾ ਹੋ ਗਿਆ ਸੀ।

ਬੱਡ ਸਿੰਘ ਸਮਾਜਸੇਵਾ ਦੇ ਕੰਮਾਂ ਵਿੱਚ ਵੀ ਵੱਧ ਚੜ ਕੇ ਹਿੱਸਾ ਲੈਂਦਾ ਸੀ। ਉਹ ਪ੍ਰਤੀ ਸਾਲ 100 ਪੌਂਡ ਕੈਂਮਡਨ ਹਸਪਤਾਲ ਨੂੰ ਦਾਨ ਵਜੋਂ ਦਿੰਦਾ ਹੁੰਦਾ ਸੀ। ਇਸ ਦਾਨ ਦੀ ਵਜ੍ਹਾ ਨਾਲ ਉਸਨੂੰ ਹਸਪਤਾਲ ਨੇ ਬੋਰਡ ਦਾ ਉਮਰ ਭਰ ਲਈ ਮੈਂਬਰ ਬਣਾ ਲਿਆ ਸੀ। ਨਿਸ਼ਕਾਮ ਸੇਵਾ ਕਰਕੇ ਉਸਦੀ ਮੌਤ ਤੋਂ ਬਾਅਦ ਹਸਪਤਾਲ ਵਿੱਚ ਉਸਦੀ ਯਾਦ ਵਿੱਚ ਇੱਕ ਯਾਦ ਪਲੇਟ (plaque) ਲਗਾ ਦਿੱਤੀ ਗਈ ਸੀ। ਕੁਝ ਸਮਾਂ ਬਾਅਦ ਇਸ ਹਸਪਤਾਲ ਵਿੱਚ ਵੱਡੇ ਪੱਧਰ ਤੇ ਮੁਰੰਮਤ ਦਾ ਕੰਮ ਚੱਲ ਰਿਹਾ ਸੀ ਤਾਂ ਇਸ ਪ੍ਰਕਾਰ ਦੀਆਂ ਸਭ ਪਲੇਟਾਂ ਉਤਾਰਨੀਆਂ ਪਈਆਂ ਸਨ। ਬਾਅਦ ਵਿੱਚ ਸਰਦਾਰ ਬਲਜਿੰਦਰ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਇਹ ਯਾਦ ਚਿੰਨ੍ਹ ਹਸਪਤਾਲ ਵਿੱਚ ਫਿਰ ਲੁਆ ਲਿਆ ਗਿਆ ਸੀ। ਬਲਜਿੰਦਰ ਸਿੰਘ ਇੱਕ ਅਜਿਹਾ ਵਿਅਕਤੀ ਹੈ ਜਿਹੜਾ ਆਪਣੇ ਬਾਬੇ ਮਹਿੰਗਾ ਸਿੰਘ (ਸਥਾਨਕ ਨਾਮ ਚਾਰਲੀ ਸਿੰਘ) ਨੂੰ ਲੱਭਣ ਲਈ ਆਸਟਰੇਲੀਆ ਆਇਆ ਸੀ। ਉਸ ਨੂੰ ਆਪਣਾ ਬਾਬਾ ਤਾਂ ਨਹੀਂ ਲੱਭਿਆ ਸੀ ਪਰੰਤੂ ਉਸਦੀ ਕਬਰ ਜ਼ਰੂਰ ਮਿਲ ਗਈ ਸੀ। ਨਾਲ ਉਸਦੀ ਪ੍ਰਸਿੱਧ ਇਤਿਹਾਸਕਾਰਾਂ ਲਿਨ ਕੈਨਾ (Len Kenna) ਤੇ ਕ੍ਰਿਸਟਲ ਜੋਰਡਨ (Crystal Jordan) ਨਾਲ ਭੇਂਟ ਵਾਰਤਾ ਹੋ ਗਈ ਸੀ। ਜਿਨਾਂ ਨੇ ਬਲਜਿੰਦਰ ਨੂੰ ਬੱਡ ਸਿੰਘ ਬਾਰੇ ਕਾਫੀ ਕੁਝ ਦੱਸਿਆ ਸੀ। ਲਿੰਨ ਯਕੀਨ ਕਰਦਾ ਹੈ ਕਿ ਬੱਡ ਸਿੰਘ 1926 ਵਿੱਚ ਪੰਜਾਬ ਵਾਪਸ ਗਿਆ ਸੀ। ਜਿੱਥੇ ਉਸਦੀ ਮੌਤ ਹੋ ਗਈ ਸੀ। ਕ੍ਰਿਸਟਲ ਜੋਰਡਨ ਲਿਖਦੀ ਏ,

"ਬੱਡ ਸਿੰਘ ਆਸਟਰੇਲੀਆ ਤੋਂ ਪੰਜਾਬ ਵਾਪਸ ਜਾਣ ਸਮੇਂ 50 ਸਾਲ ਦੀ ਉਮਰ ਤੋਂ ਥੋੜ੍ਹਾ ਵੱਧ ਸੀ। ਬਿਮਾਰ ਹੋਣ ਕਾਰਨ ਉਸਦੀ ਪੰਜਾਬ ਵਿੱਚ ਹੀ ਮੌਤ ਹੋ ਗਈ ਸੀ। ਉਸ ਦਾ ਵਾਪਸ ਆਉਣ ਦਾ ਪੱਕਾ ਇਰਾਦਾ ਸੀ ਜੇ ਇੰਝ ਨਾ ਹੁੰਦਾ ਤਾਂ ਉਸਨੇ ਆਪਣੀ ਜ਼ਮੀਨ ਪੂਰੀ ਤਰ੍ਹਾਂ ਵੇਚ ਕੇ ਜਾਣਾ ਸੀ।"

ਇੱਕ ਗੋਰਾ ਵਿਅਕਤੀ ਨੋਰਮਨ ਡੰਨ ਜੋ ਬੱਡ ਸਿੰਘ ਦੇ ਸਟੋਰ ਤੇ ਕਰਿੰਦੇ ਦਾ ਕੰਮ ਕਰਦਾ ਦੱਸਿਆ ਜਾਂਦਾ ਸੀ ਉਸਦੇ ਬਾਰੇ ਲਿਖਦਾ ਏ, "ਬੱਡ ਸਿੰਘ ਨੇ 1904 ਈਸਵੀ ਵਿੱਚ ਯਾਰਿਨਡਰੀ (yerranderie) ਵਿੱਚ ਇੱਕ ਛੋਟਾ ਜਿਹਾ ਸਟੋਰ ਸਥਾਪਿਤ ਕੀਤਾ ਸੀ। ਭਾਵੇਂ ਬੱਡ ਸਿੰਘ ਚਿੱਟਾ ਅਨਪੜ੍ਹ ਸੀ, ਫਿਰ ਵੀ ਉਸਨੇ ਅੰਕੜੇ ਲਿਖਣੇ ਸਿੱਖ ਲਏ ਸਨ ਤੇ ਦਸਤਖਤ ਕਰਨੇ ਵੀ ਸਿੱਖ ਲਏ। ਦੁਕਾਨ ਠੀਕ ਚਲਦੀ ਰਹੀ। ਉਹ ਮੈਨੂੰ ਹਫਤੇ ਦੇ 12 ਪੌਂਡ ਦਿੰਦਾ ਹੁੰਦਾ ਸੀ। ਸਟੋਰ ਤੋਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਸਾਰਾ ਸੌਦਾ ਸਾਵੇਂ ਰੇਟ ਤੇ ਮਿਲਦਾ ਸੀ। ਸਾਨੂੰ ਦੇਣ ਵਾਲੇ ਸੌਦੇ ਵਿੱਚੋਂ ਉਹ ਧੇਲਾ ਵੀ ਨਹੀਂ ਸੀ ਕਮਾਉਂਦਾ। ਬੱਡ ਮੇਰੇ ਨਾਲ ਬਹੁਤ ਵਧੀਆ ਵਿਵਹਾਰ ਕਰਦਾ ਸੀ ਵੈਸੇ ਵੀ ਉਹ ਬੜਾ ਚੰਗਾ ਨਿਮਰਤਾ ਵਾਲਾ ਵਿਅਕਤੀ ਸੀ। ਬੱਡ ਬਾਰੇ ਲੈੱਨ ਕੇਨਾਂ

(Len Kenna) ਲਿਖਦਾ ਹੈ:-
"ਥੱਡ ਸਥਾਨਕ ਜਨਜੀਵਨ ਦਾ ਹਮੇਸ਼ਾ ਹਿੱਸਾ ਬਣ ਕੇ ਆਪਣਾ ਜੀਵਨ ਬਸਰ ਕਰਦਾ ਹੁੰਦਾ ਸੀ। ਉਹ ਰਾਈਫਲ ਕਲੱਬ, ਬਾਈਕ ਰਾਈਡਿੰਗ ਕਲੱਬ ਅਤੇ ਅਥਲੈਟਿਕ ਕਲੱਬ ਦਾ ਮੈਂਬਰ ਹੁੰਦਾ ਸੀ। ਉਸਦਾ ਰੈਡ ਕ੍ਰਾਸ ਤੇ ਕੈਮਡਨ ਹਸਪਤਾਲ ਨਾਲ ਵੀ ਗੂੜ੍ਹਾ ਰਿਸ਼ਤਾ ਸੀ। ਉਸ ਨੂੰ ਇੱਕ ਵਾਰ ਸਥਾਨਕ ਸੰਗੀਤ ਪ੍ਰਤੀਯੋਗਤਾ ਵਿੱਚ ਜੱਜ ਵੀ ਬਣਾਇਆ ਗਿਆ ਸੀ।"

ਇਤਿਹਾਸ ਵਿੱਚ ਤੀਸਰਾ ਭੇਦ ਭਰਿਆ ਪਾਤਰ ਸ਼ਹੀਦੇ ਮੁਹੱਬਤ ਬੂਟਾ ਸਿੰਘ ਸੀ। ਇਸ ਵਿਅਕਤੀ ਦਾ ਜਕਿਰ ਕਈ ਪ੍ਰਕਾਰ ਦੀਆਂ ਲਿਖਤਾਂ ਵਿੱਚ ਕੀਤਾ ਗਿਆ ਹੈ। ਨਹਿਰੂ ਦੇ ਸਮੇਂ ਬਾਰੇ ਲਿਖਣ ਵਾਲੇ ਪ੍ਰਸਿੱਧ ਲਿਖਾਰੀ ਐਮ. ਓ ਮੱਥਈ (M.O Mathai) ਨੇ ਵੀ ਇਸ ਪੱਤਰ ਦਾ ਜਕਿਰ ਆਪਣੀ ਪੁਸਤਕ ਨਹਿਰੂ ਸਮੇਂ ਦੀਆਂ ਯਾਦਾਂ ਵਿੱਚ ਕੀਤਾ ਹੈ। ਬੂਟਾ ਸਿੰਘ ਦੀ ਸੰਖੇਪ ਕਹਾਣੀ ਇਸ ਪ੍ਰਕਾਰ ਹੈ ਕਿ ਉਹ ਇੱਕ ਸਾਬਕਾ ਫੌਜੀ ਸੀ। ਉਸਨੇ 47 ਦੀ ਭਾਰਤ ਵੰਡ ਸਮੇਂ ਇੱਕ ਮੁਸਲਿਮ ਲੜਕੀ ਯਨੀਬਾ ਦੀ ਜਾਨ ਬਚਾਈ ਸੀ। ਫਿਰ ਦੋਵਾਂ ਨੇ ਵਿਆਹ ਕਰਵਾ ਲਿਆ ਸੀ। ਵੰਡ ਕਾਰਨ ਯਨੀਬਾ ਨੂੰ ਪਾਕਿਸਤਾਨ ਭੇਜ ਦਿੱਤਾ ਗਿਆ ਸੀ। ਬੂਟਾ ਸਿੰਘ ਉਸਨੂੰ ਮਿਲਣ ਲਈ ਗੈਰ ਕਾਨੂੰਨੀ ਤਰੀਕੇ ਨਾਲ ਪਾਕਿਸਤਾਨ ਵਿੱਚ ਦਾਖਿਲ ਹੋ ਗਿਆ ਸੀ। ਪਰੰਤੂ ਯਨੀਬਾ ਨੇ ਆਪਣੇ ਪਰਿਵਾਰ ਦੇ ਦਬਾਅ ਕਾਰਨ ਇਹ ਵਿਆਹ ਤੋੜ ਦਿੱਤਾ ਸੀ। ਇੰਜ ਬੂਟਾ ਸਿੰਘ ਦਾ ਦਿਲ ਟੁੱਟ ਗਿਆ ਸੀ। ਉਸਨੇ 1957 ਵਿੱਚ ਆਪਣੀ ਜੀਵਨ ਲੀਲਾ ਆਪ ਹੀ ਖਤਮ ਕਰ ਲਈ ਸੀ। ਇਹ ਮੌਤ ਉਸਨੇ ਆਪਣੀ ਲੜਕੀ ਸਮੇਤ ਰੇਲਗੱਡੀ ਮੂਹਰੇ ਕੁੱਦ ਕੇ ਕੀਤੀ ਸੀ। ਲੜਕੀ ਬਚ ਗਈ ਸੀ। ਆਪਣੇ ਖੁਦਕੁਸ਼ੀ ਨੋਟ ਵਿੱਚ ਬੂਟਾ ਸਿੰਘ ਨੇ ਇੱਛਾ ਜਾਹਿਰ ਕੀਤੀ ਸੀ ਕਿ ਉਸ ਦਾ ਮ੍ਰਿਤਕ ਸਰੀਰ ਯਨੀਬਾ ਦੇ ਮਾਪਿਆਂ ਦੇ ਪਿੰਡ ਬਾਰਕੀ ਪਾਕਿਸਤਾਨ ਵਿੱਚ ਦਫਨ ਕੀਤਾ ਜਾਵੇ। ਜਦੋਂ ਲਾਹੌਰ ਹਸਪਤਾਲ ਵਿੱਚ ਉਹਦੇ ਸਰੀਰ ਨੂੰ ਬਰਕੀ (ਪਾਕਿਸਤਾਨ) ਪਿੰਡ ਲਿਜਾਇਆ ਗਿਆ ਤਾਂ ਪਿੰਡ ਦੇ ਲੋਕਾਂ ਨੇ ਉਸ ਨੂੰ ਉੱਥੇ ਦਫਨਾਉਣ ਦੀ ਆਗਿਆ ਨਹੀਂ ਦਿੱਤੀ। ਫਿਰ ਉਸ ਨੂੰ ਲਾਹੌਰ ਦੇ ਸਭ ਤੋਂ ਵੱਡੇ ਕਬਰਿਸਤਾਨ ਮਿਆਣੀ ਸਾਹਿਬ ਵਿਖੇ ਦਫਨਾਇਆ ਗਿਆ। 1999 ਵਿੱਚ ਇਸ ਸਮੁੱਚੀ ਘਟਨਾ ਤੇ ਇੱਕ ਪੰਜਾਬੀ ਫਿਲਮ ਬਣੀ ਸੀ। ਇਸ ਫਿਲਮ ਦਾ ਨਾਮ 'ਸ਼ਹੀਦੇ ਮਹੱਬਤ' ਸੀ। ਇਸ ਵਿੱਚ ਮੁੱਖ ਭੂਮਿਕਾ ਗੁਰਦਾਸ ਮਾਨ ਨੇ ਨਿਭਾਈ ਸੀ। ਇਸ ਘਟਨਾ ਨੇ 2007 ਵਿੱਚ ਕੈਨੇਡਾ ਦੀ ਫਿਲਮ ਵਟਵਾਰਾ ਤੇ ਵੀ ਅਸਰ ਪਾਇਆ ਸੀ। ਇਸ ਦੇ ਸੰਵਾਦ ਪੈਟਰੀਸ਼ੀਆ ਫਿੰਨ (Patricia Finn) ਤੇ ਵਿਕਟੋਰੀਆ ਸਾਰਿਨ (Sarin) ਨੇ ਲਿਖੇ ਸਨ। ਇਸ ਫਿਲਮ ਵਿੱਚ ਜਿੰਮੀ ਮਿਸਤਰੀ (Jimi Mistry) ਤੇ ਕ੍ਰਿਸਟਨ ਕਲੀਕ (Kristin Kreuk) ਨੇ ਕੰਮ ਕੀਤਾ ਸੀ। ਬੂਟਾ ਸਿੰਘ ਦੀ ਇਸ ਘਟਨਾ ਨੇ ਹੋਰ ਵੀ ਕਈ ਲਿਖਾਰੀਆਂ ਅਤੇ ਸਾਹਿਤਕਾਰਾਂ ਨੂੰ ਪ੍ਰਭਾਵਿਤ ਕੀਤਾ ਸੀ।

# ਚੜ੍ਹਦਾ ਭਾਰਤ - ਉੱਡਦੀ ਸਿੱਖਿਆ

ਪਿਛਲੇ ਇੱਕ ਦਹਾਕੇ ਵਿੱਚ ਲਗਭਗ 94,000 ਸਰਕਾਰੀ ਸਕੂਲ ਪੂਰੇ ਦੇਸ਼ ਵਿੱਚ ਬੰਦ ਹੋਏ ਹਨ। ਦੇਸ਼ ਦਾ ਹਾਕਮ ਪੂਰੇ ਮਾਣ ਨਾਲ ਇਹ ਹੁੱਬਕੇ ਦਸਦਾ ਹੈ ਕਿ ਇੱਥੇ ਪਹਾੜੀ ਅਤੇ ਦੂਰ-ਦੁਰਾਡੇ ਜੰਗਲ ਵਿੱਚ ਇੱਕ ਵੋਟਰ ਲਈ ਪੋਲਿੰਗ ਸਟੇਸ਼ਨ ਬਣਦਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਇੱਕ ਬੱਚੇ ਲਈ, ਜੋ ਪੜ੍ਹਨਾ ਚਾਹੁੰਦਾ ਹੈ, ਇੱਕ ਸਕੂਲ ਨੂੰ ਉਸ ਲਈ ਚੱਲਦਾ ਕਿਉਂ ਨਹੀਂ ਰੱਖ ਸਕਦਾ?

ਪਿਛਲੇ ਦਿਨੀਂ ਸੰਸਦ ਵਿੱਚ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਸਿੱਖਿਆ ਮੰਤਰਾਲੇ ਨੇ ਦੱਸਿਆ ਕਿ ਸਾਲ 2014-15 ਵਿੱਚ ਦੇਸ਼ ਵਿੱਚ 11 ਲੱਖ 7 ਹਜ਼ਾਰ101 ਸਰਕਾਰੀ ਸਕੂਲ ਸਨ, ਜੋ ਸਾਲ 2024-25 ਵਿੱਚ ਘੱਟ ਕੇ 10 ਲੱਖ 13 ਹਜ਼ਾਰ 222 ਰਹਿ ਗਏ। ਜਾਣੀ 93 ਹਜ਼ਾਰ 779 ਸਕੂਲ ਬੰਦ ਕਰ ਦਿੱਤੇ ਗਏ। ਸਿੱਧਾ ਅਰਥ ਇਹ ਕਿ ਬੀਤੇ 10 ਸਾਲਾਂ ਵਿੱਚ ਹਰ ਰੋਜ਼ 25 ਸਰਕਾਰੀ ਸਕੂਲ ਬੰਦ ਕਰ ਦਿੱਤੇ ਗਏ। ਦੂਜੇ ਪਾਸੇ ਇਹ ਵੱਡਾ ਸੱਚ ਵੀ ਸਾਹਮਣੇ ਆਇਆ ਕਿ ਇਸ ਸਮੇਂ ਦੌਰਾਨ 51 ਹਜ਼ਾਰ ਪ੍ਰਾਈਵੇਟ ਨਿੱਜੀ ਸਕੂਲ ਨਵੇਂ ਖੁਲ੍ਹੇ। ਵਰਨਣਯੋਗ ਹੈ ਕਿ ਔਸਤਨ ਸਰਕਾਰੀ ਸਕੂਲ 'ਚ 2,863 ਰੁਪਏ ਅਤੇ ਪ੍ਰਾਈਵੇਟ ਸਕੂਲ 'ਚ 25,002 ਰੁਪਏ ਇੱਕ ਵਿਦਿਆਰਥੀ ਦਾ ਖ਼ਰਚਾ ਹੈ।

ਇਹਨਾਂ ਦਸ ਵਰ੍ਹਿਆਂ ਦੌਰਾਨ ਸਰਕਾਰੀ ਸਕੂਲਾਂ ਵਿੱਚ ਸਵਾ ਦੋ ਕਰੋੜ ਵਿਦਿਆਰਥੀਆਂ ਦੀ ਐਨਰੋਲਮੈਂਟ(ਦਾਖ਼ਲਾ) 'ਚ ਕਮੀ ਆਈ ਜਦ ਕਿ ਇਹਨਾਂ ਵਿੱਚੋਂ ਨਿੱਜੀ ਸਕੂਲਾਂ 'ਚ ਇੱਕ ਕਰੋੜ ਬਾਰਾਂ ਲੱਖ ਵਿਦਿਆਰਥੀਆਂ ਨੇ ਦਾਖ਼ਲਾ ਲਿਆ ਅਤੇ ਇੱਕ ਕਰੋੜ ਬਾਰਾਂ ਲੱਖ ਵਿਦਿਆਰਥੀ ਸਕੂਲਾਂ ਤੋਂ ਬਾਹਰ ਭਾਵ ਸਿੱਖਿਆ ਤੰਤਰ ਤੋਂ ਬਾਹਰ ਚਲੇ ਗਏ। ਸਿੱਧਾ ਅਰਥ ਇਹ ਨਿਕਲਿਆ ਕਿ ਹਰ ਪੜ੍ਹਨ ਯੋਗ ਪੰਜਵਾਂ ਬੱਚਾ ਸਕੂਲੋਂ ਬਾਹਰ ਕਰ ਦਿੱਤਾ ਗਿਆ।

2014-15 ਵਿੱਚ ਦੇਸ਼ ਦੀ ਕੁੱਲ ਅਬਾਦੀ 130 ਕਰੋੜ 90 ਲੱਖ ਸੀ। ਕੁੱਲ ਸਰਕਾਰੀ ਅਤੇ ਪ੍ਰਾਈਵੇਟ 15 ਲੱਖ 16 ਹਜ਼ਾਰ 892 ਸਕੂਲ ਸਨ, ਜਿਹਨਾਂ ਵਿੱਚ 26 ਕਰੋੜ 95 ਲੱਖ 6 ਹਜ਼ਾਰ 270 ਵਿਦਿਆਰਥੀ ਪੜ੍ਹਦੇ ਸਨ। 2024-25 'ਚ ਅਬਾਦੀ 15 ਕਰੋੜ 4 ਲੱਖ ਵੱਧ ਗਈ। ਭਾਵ ਅਬਾਦੀ 146 ਕਰੋੜ 30 ਲੱਖ ਹੋ ਗਈ, ਕੁੱਲ ਸਕੂਲ 14 ਲੱਖ 71 ਹਜ਼ਾਰ 473 ਰਹਿ ਗਏ ਅਤੇ ਵਿਦਿਆਰਥੀ ਦੀ ਗਿਣਤੀ 24 ਕਰੋੜ 69 ਲੱਖ 32 ਹਜ਼ਾਰ 680 ਤੱਕ ਸਿਮਟ ਗਈ। ਜੇਕਰ ਵਿਦਿਆਰਥੀ ਐਨਰੋਲਮੈਂਟ ਵੇਖੀ ਜਾਵੇ ਤਾਂ ਇਹ ਸਿੱਧਾ ਲਗਭਗ 20 ਫ਼ੀਸਦੀ ਦਾ ਗਿਰਾਵਟ ਅੰਤਰ ਦਸਦੀ ਹੈ।

ਸਕੂਲ ਬੰਦ ਹੋਣ ਦੀ ਪ੍ਰਵਿਰਤੀ ਉੱਤਰੀ ਅਤੇ ਪੂਰਬੀ ਸੂਬਿਆਂ 'ਚ ਵੱਧ ਵੇਖਣ ਨੂੰ ਮਿਲੀ, ਜਿਥੇ ਮੱਧ ਪ੍ਰਦੇਸ਼ ਵਿੱਚ 30 ਹਜ਼ਾਰ ਅਤੇ ਉੱਤਰ ਪ੍ਰਦੇਸ਼ ਵਿੱਚ 25 ਹਜ਼ਾਰ ਸਕੂਲ ਬੰਦ ਹੋ ਗਏ, ਜਦ ਕਿ ਦੱਖਣੀ ਸੂਬਿਆਂ ਤਾਮਿਲਨਾਡੂ ਅਤੇ ਕੇਰਲ ਵਿੱਚ ਕਰਮਵਾਰ 285 ਅਤੇ 296 ਸਕੂਲ ਹੀ ਬੰਦ ਹੋਏ।

ਸਰਕਾਰ ਦੀ ਨੀਤ ਅਤੇ ਨੀਤੀ ਇਸ ਤੱਥ ਤੋਂ ਸਪਸ਼ਟ ਹੁੰਦੀ ਹੈ ਕਿ ਆਪਣੀ ਨਿੱਜੀਕਰਨ ਦੀ ਪਾਲਿਸੀ ਦੇ ਅਧੀਨ



ਸਰਕਾਰੀ ਸਕੂਲਾਂ ਤੋਂ ਬਾਹਰ ਹੋਏ ਵਿਦਿਆਰਥੀਆਂ ਵਿੱਚੋਂ ਅੱਧੇ ਨਿਜੀ ਸਕੂਲਾਂ 'ਚ ਦਾਖ਼ਲ ਹੋਏ, ਜਿੱਥੋ ਉਹਨਾਂ ਨੂੰ ਮਹਿਗੀ ਸਿੱਖਿਆ ਲੈਣ ਲਈ ਮਜ਼ਬੂਰ ਹੋਣਾ ਪਿਆ। 2014-15 ਵਿੱਚ 11 ਲੱਖ 7 ਹਜ਼ਾਰ ਤੋਂ ਵਧ ਸਰਕਾਰੀ ਸਕੂਲਾਂ ਵਿੱਚ 14 ਕਰੋੜ 40 ਲੱਖ 81 ਹਜ਼ਾਰ ਤੋਂ ਵੱਧ ਵਿਦਿਆਰਥੀ ਪੜ੍ਹਦੇ ਸਨ ਜਦ ਕਿ ਦੋ ਲੱਖ 88 ਹਜ਼ਾਰ ਤੋਂ ਵੱਧ ਨਿੱਜੀ ਸਕੂਲਾਂ ਵਿੱਚ 8 ਕਰੋੜ 46 ਲੱਖ 42 ਹਜ਼ਾਰ ਤੋਂ ਵੱਧ ਵਿਦਿਆਰਥੀ ਪੜ੍ਹਦੇ ਸਨ। 2024-25 ਵਿੱਚ ਸਰਕਾਰੀ ਸਕੂਲ ਘੱਟਕੇ 10 ਲੱਖ 13 ਹਜ਼ਾਰ ਤੋਂ ਕੁਝ ਵੱਧ ਰਹਿ ਗਏ। ਸਕੂਲਾਂ 'ਚ ਵਿਦਿਆਰਥੀਆਂ ਦੀ ਗਿਣਤੀ ਘਟਕੇ 12 ਕਰੋੜ 15 ਲੱਖ, ਲਗਭਗ 90 ਹਜ਼ਾਰ ਰਹਿ ਗਈ ਜਦ ਕਿ ਨਿੱਜੀ ਸਕੂਲ ਵਧਕੇ 3 ਲੱਖ 40 ਹਜ਼ਾਰ ਹੋ ਗਏ ਅਤੇ ਵਿਦਿਆਰਥੀ ਵੱਧਕੇ 9 ਕਰੋੜ 58 ਲੱਖ 56 ਹਜ਼ਾਰ ਤੋਂ ਕੁਝ ਉੱਪਰ ਚਲੇ ਗਏ।

ਸਪਸ਼ਟ ਵਿਖਾਈ ਦਿੰਦਾ ਹੈ ਅੰਕੜਿਆਂ ਅਤੇ ਪ੍ਰਾਪਤ ਸੂਚਨਾਵਾਂ ਤੋਂ ਕਿ ਮੌਜੂਦਾ ਸਰਕਾਰ ਸਿੱਖਿਆ ਪ੍ਰਤੀ ਫ਼ਰਜ਼ਾਂ ਤੋਂ ਉਵੇਂ ਦੀ ਹੀ ਕੁਤਾਹੀ ਕਰ ਰਹੀ ਹੈ, ਜਿਵੇਂ ਦੀ ਕੁਤਾਹੀ ਸਿਹਤ ਸੁਵਿਧਾਵਾਂ ਪ੍ਰਤੀ ਹੈ। ਕਰੋਨਾ ਕਾਲ ਇਸਦਾ ਗਵਾਹ ਹੈ, ਜਦੋਂ ਸਿਹਤ ਸੁਵਿਧਾਵਾਂ ਦਾ ਦੀਵਾਲਾ ਨਿਕਲਿਆ ਦਿਸਿਆ। ਸਿੱਖਿਆ ਖੇਤਰ ਵੀ ਉਦੋਂ ਚਰਮਰਾ ਗਿਆ ਸੀ।

ਕਹਿਣ ਨੂੰ ਤਾਂ ਭਾਵੇਂ ਸਿਹਤ ਅਤੇ ਸਿੱਖਿਆ ਸਰਕਾਰਾਂ ਦੀਆਂ ਮੁੱਖ ਤਰਜੀਹਾਂ ਹਨ, ਪਰ ਅਸਲ ਅਰਥਾਂ 'ਚ ਸਰਕਾਰ, ਲੋਕ ਸਰੋਕਾਰਾਂ ਤੋਂ ਅੱਖਾਂ ਮੀਟਕੇ ਬੈਠੀ ਹੋਈ ਹੈ। ਨਵੀਂ ਸਿੱਖਿਆ ਨੀਤੀ ਦੀਆਂ ਵੱਡੀਆਂ ਗੱਲਾਂ ਹੋ ਰਹੀਆਂ ਹਨ। ਪੀਐਮ ਸ਼੍ਰੀ (ਪੀਐਮ ਸਕੂਲਜ਼ ਫਾਰ ਰਾਈਜਿੰਗ ਇੰਡੀਆ ) ਯੋਜਨਾ ਸਮੇਤ ਹੋਰ ਬਹੁਤ ਸਾਰੀਆਂ ਪੀ.ਐਮ. ਦੇ ਨਾਂਅ ਵਾਲੀਆ ਯੋਜਨਾਵਾਂ ਲਗਭਗ ਫੇਲ੍ਹ ਹੋ ਰਹੀਆਂ ਹਨ, ਜਿਹੜੀਆਂ ਸਿਰਫ਼ ਪ੍ਰਚਾਰ ਦੀ ਖ਼ਾਤਰ ਆਰੰਭੀਆਂ ਗਈਆਂ ਅਤੇ ਵੋਟਰਾਂ ਨੂੰ ਭਰਮ ਜਾਲ 'ਚ ਫਸਾਉਣ ਦਾ ਯਤਨ ਹੈ। ਪਰ ਜਿਹੜੇ ਲੋਕਾਂ ਦੇ ਅਸਲ ਸਰੋਕਾਰ ਹਨ, ਜਿਹੜੇ ਲੋਕ ਸੋਚ ਅਤੇ ਵਿਚਾਰ ਨਾਲ ਜੁੜੇ ਹਨ, ਉਹਨਾਂ ਨੂੰ ਖੁੰਡਿਆ ਕਰਨ ਅਤੇ ਧਰਮ ਜਾਲ 'ਚ ਫਸਾਉਣ ਦੀ ਸਾਜ਼ਿਸ਼ ਪਿਛਲੇ ਦਹਾਕੇ ਤੋਂ ਪੂਰੇ ਜ਼ੋਰ 'ਤੇ ਹੈ। ਸਵਾਲ ਉੱਠਦਾ ਹੈ ਕਿ ਭਾਰਤੀ ਸੰਵਿਧਾਨ 'ਚ ਦਰਜ਼ ਸਿੱਖਿਆ ਦਾ ਮੁਢਲਾ ਅਧਿਕਾਰ ਸਰਕਾਰ ਦੀ ਪਹਿਲ ਕਿਉਂ ਨਹੀਂ ਹੈ? ਕਿਉਂ ਸਿੱਖਿਆ ਨਿੱਜੀਕਰਨ ਦੇ ਰਾਹ ਪਾਕੇ "ਅਮੀਰਾਂ ਦਾ ਹੱਕ" ਬਣਾਈ ਜਾ ਰਹੀ ਹੈ? ਕਿਉਂ ਹਰ ਇੱਕ ਨੂੰ ਬਰਾਬਰ ਦੀ ਸਿੱਖਿਆ ਪ੍ਰਦਾਨ ਕਰਨ ਵੱਲ ਮੋੜਾ ਨਹੀਂ ਕੱਟਿਆ ਜਾ ਰਿਹਾ?

ਹਾਕਮਾਂ ਦੀਆਂ ਗਲਤ ਆਰਥਿਕ ਨੀਤੀਆਂ ਕਾਰਨ ਦੇਸ਼ ਦਾ ਗ਼ਰੀਬ ਵਰਗ ਪ੍ਰੇਸ਼ਾਨ ਹੈ। ਗਰੀਬ ਦੇ ਬੱਚੇ ਮਹਿੰਗਾਈ ਦੀ ਮਾਰ ਸਹਿੰਦੇ, ਸਿੱਖਿਆ ਤੋਂ ਦੂਰ ਕੀਤੇ ਜਾ ਰਹੇ ਹਨ। ਹਜ਼ਾਰਾਂ ਨਹੀਂ ਲੱਖਾਂ ਬੱਚੇ ਸਕੂਲ ਨਹੀਂ ਜਾ ਪਾਉਂਦੇ। ਬਾਲ ਮਜ਼ਦੂਰੀ ਵੱਲ ਧੱਕੇ ਜਾ ਰਹੇ ਹਨ। ਸਕੂਲਾਂ ਵਿੱਚ ਪ੍ਰਾਇਮਰੀ ਸਿੱਖਿਆ ਉਪਰੰਤ ਹਾਈ ਸਕੂਲ ਤੇ ਉਚੇਰੀ ਸਿੱਖਿਆ ਤੱਕ ਪਹੁੰਚ ਬੇਹੱਦ ਔਖੀ ਹੋ ਗਈ ਹੈ। ਭਾਰਤ ਦੀਆਂ ਆਰਥਿਕ ਨੀਤੀਆਂ ਇਸ ਭਰਮ ਵਿੱਚ ਹਨ ਕਿ ਦੇਸ਼ ਤੇਜ਼ੀ ਨਾਲ ਉਭਰਦੀ ਅਰਥ ਵਿਵਸਥਾ ਬਣਦਾ ਜਾ ਰਿਹਾ ਹੈ। ਇਸਦੇ ਚਲਦਿਆਂ ਵਿਦੇਸ਼ੀ ਨਿਵੇਸ਼ ਭਾਰਤ ਦੇ ਬਜ਼ਾਰਾਂ 'ਚ ਆ ਰਿਹਾ ਹੈ। ਕਾਰਪੋਰੇਟਾਂ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ। ਜਿਸਦਾ ਸਿੱਧਾ ਅਸਰ ਭਾਰਤੀ ਬਜ਼ਾਰ 'ਤੇ ਵੇਖਿਆ ਜਾ ਰਿਹਾ ਹੈ ਅਤੇ ਜਿਸਦਾ ਸਭ ਤੋਂ ਵੱਧ ਅਸਰ ਆਮ ਆਦਮੀ 'ਤੇ ਪੈਂਦਾ ਹੈ। ਭਾਰਤ ਅੱਜ ਜਦੋਂ ਤੇਜ਼ੀ ਨਾਲ ਅੱਗੇ ਵੱਧਣ ਦਾ ਸੁਪਨਾ ਪਾਲ ਰਿਹਾ ਹੈ, ਇਸ ਸਥਿਤੀ 'ਚ ਸਮਾਜ ਦਾ ਅਸੰਗਠਿਤ ਖੇਤਰ (ਜੋ ਲੱਗਭਗ 44 ਕਰੋੜ ਲੋਕ ਹਨ) ਸੰਕਟ 'ਚ ਫਸ ਰਿਹਾ ਹੈ। ਜੇਕਰ ਸਰਕਾਰੀ ਨੀਤੀਆਂ ਇਹੋ ਰਹੀਆਂ ਤਾਂ ਆਮ ਆਦਮੀ ਲਈ ਸਿੱਖਿਆ ਤੱਕ ਪਹੁੰਚ ਹੋਰ ਵੀ ਔਖੀ ਹੋ ਜਾਏਗੀ, ਉਹ ਸਿਰਫ਼ ਜੀਉਣ ਲਈ ਅੰਨ ਕਮਾਉਣ ਜੋਗਾ, ਅਤੇ ਮੁੜ ਸਰਕਾਰੀ ਖ਼ੈਰਾਤ (ਮੁਫ਼ਤ ਅਨਾਜ ਤੇ ਹੋਰ ਸੁਵਿਧਾਵਾਂ) ਤੱਕ ਸੀਮਤ ਹੋ ਕੇ ਰਹਿ ਜਾਏਗਾ। ਜਿਸ ਦਾ ਅਰਥ ਉਸਦੇ ਬੱਚਿਆਂ ਦੀ ਸਕੂਲ ਤੋਂ ਦੂਰੀ ਹੋਰ ਵੀ ਵੱਧ ਜਾਏਗੀ। ਭਾਰਤ ਡਿਜ਼ੀਟਲ ਹੁੰਦਿਆਂ ਵੀ ਪਿਛਲਖੁਰੀ ਤੁਰਦਾ ਵਿਖਾਈ ਦੇਵੇਗਾ।

ਵੇਖਣ-ਪਾਖਣ ਦੀ ਗੱਲ ਤਾਂ ਇਹ ਹੈ ਕਿ ਸਰਕਾਰ ਦੀਆਂ ਤਰਜੀਹਾਂ ਕੀ ਹਨ? ਕੀ ਲੋਕ-ਹਿੱਤ, ਲੋਕ-ਭਲਾਈ, ਲੋਕ-ਸਰੋਕਾਰ ਉਸਦਾ ਮੁੱਢਲਾ ਉਦੇਸ਼ ਹੈ ਤਾਂ ਸਰਕਾਰ ਲੋਕ-ਹਿਤੈਸ਼ੀ ਹੈ। ਜੇਕਰ ਉਸਦਾ ਉਦੇਸ਼ ਲੋਕ ਮਾਰੂ ਕਾਨੂੰਨ ਬਣਾਉਣਾ, ਸੰਵਿਧਾਨਿਕ ਕਦਰਾਂ-ਕੀਮਤਾਂ, ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਨੂੰ ਪੈਰਾਂ ਹੇਠ ਮਧੋਲਣਾ ਹੈ ਤਾਂ ਉਹ ਲੋਕ ਮਾਰੂ ਸਰਕਾਰ ਹੈ।

ਪਿਛਲੇ ਸਾਲਾਂ ਤੋਂ ਨਿੱਜੀਕਰਨ ਸਰਕਾਰ ਦਾ ਮੁੱਖ ਅਜੰਡਾ ਹੈ। ਕਾਰਪੋਰੇਟਾਂ ਦੇ ਹੱਥਾਂ 'ਚ ਖੇਡਣਾ ਉਸਦੀ ਵੱਡੀ ਪਹਿਲ ਹੈ। ਕੁਦਰਤੀ ਸਾਧਨਾਂ ਦੀ ਬੇਰੋਕ -ਟੋਕ ਵਰਤੋਂ, ਰੇਲਵੇ, ਏਅਰ ਪੋਰਟਾਂ, ਖਾਨਾਂ ਅਤੇ ਸਰਕਾਰੀ ਫੈਕਟਰੀਆਂ ਦਾ ਨਿੱਜੀਕਰਨ ਮਜ਼ਦੂਰਾਂ ਲਈ ਕਾਲੇ ਕਾਨੂੰਨ, ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਦੀ ਸਾਜਿਸ਼ ਉਸਦੀ ਮੁੱਖ ਤਰਜੀਹ ਹੈ। ਜਿਹੜਾ ਅਸਲ ਅਰਥਾਂ 'ਚ ਆਮ ਆਦਮੀ ਦੀਆਂ ਮੁੱਢਲੀਆਂ ਸੁਵਿਧਾਵਾਂ, ਸਾਧਨਾਂ ਅਤੇ ਹੱਕਾਂ ਉੱਤੇ ਡਾਕਾ ਪਾਉਣ ਸਮਾਨ ਹਨ। ਜੇਕਰ ਮਜ਼ਦੂਰ ਕਿਸਾਨ ਦੇ ਪੱਲੇ ਸਾਧਨ ਹੀ ਨਹੀਂ ਹੋਵੇਗਾ, ਉਹ ਆਪਣੀ ਔਲਾਦ ਨੂੰ ਸਾਧਨਾਂ ਤੋਂ ਬਿਨਾਂ ਸਿੱਖਿਆ ਕਿਵੇਂ ਦੁਆ ਸਕੇਗੀ? ਅਤੇ ਜਦੋਂ ਸਰਕਾਰ ਵੱਲੋਂ ਆਮ ਆਦਮੀ ਲਈ ਸਿੱਖਿਆ ਲਈ ਪ੍ਰਬੰਧ ਚੰਗੇਰੇ ਨਹੀਂ ਕੀਤੇ ਹੋਣਗੇ ਤਾਂ ਅਗਲੀ ਪੀੜ੍ਹੀ ਪੜ੍ਹ ਕਿਵੇਂ ਸਕੇਗੀ? ਚੰਗੇ ਨਾਗਰਿਕ ਕਿਵੇਂ ਬਣੇਗੀ? ਸਰਕਾਰ ਦੀ ਸਿੱਖਿਆ ਬੇਰੁਖੀ ਇਸ ਪੱਖ ਤੋਂ ਵੀ ਵੇਖਣ ਯੋਗ ਹੈ ਕਿ ਨੈਸ਼ਨਲ ਸਿੱਖਿਆ ਪਾਲਿਸੀ-2020 ਅਧੀਨ ਸਾਲ 2020 'ਚ ਜੀ.ਡੀ.ਪੀ. ਦਾ 6 ਫ਼ੀਸਦੀ ਫੰਡ ਪਬਲਿਕ ਸਿੱਖਿਆ ਉੱਤੇ ਵਰਤੇ ਜਾਣ ਦੀ ਸਿਫਾਰਿਸ਼ ਸੀ, ਪਰ ਸਰਕਾਰ ਨੇ ਬਜਟ ਵਿੱਚ ਕਦੇ ਵੀ 3 ਤੋਂ 3.5 ਪ੍ਰਤੀਸ਼ਤ ਤੋਂ ਵੱਧ ਸਿੱਖਿਆ ਲਈ ਨਹੀਂ ਰੱਖਿਆ। ਸਰਕਾਰੀ ਸਕੂਲਾਂ 'ਚ ਬੁਨਿਆਦੀ ਢਾਂਚਾ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਵਿਦਿਆਰਥੀਆਂ ਲਈ ਕਮਰੇ ਨਹੀਂ ਹਨ, ਟਾਇਲਟ, ਪੀਣ ਦੇ ਪਾਣੀ, ਇਥੋਂ ਤੱਕ ਕਿ ਬਿਜਲੀ ਸੁਵਿਧਾਵਾਂ ਦੀ ਕਮੀ ਹੈ। ਟੀਚਰਾਂ ਦੀਆਂ ਸਕੂਲਾਂ 'ਚ ਅਸਾਮੀਆਂ ਖਾਲੀ ਪਈਆਂ ਹਨ। ਜਿਸ ਵੱਲ ਧਿਆਨ ਕਰਨ ਦੀ ਸਰਕਾਰ ਕਦੇ ਲੋੜ ਹੀ ਮਹਿਸੂਸ ਨਹੀਂ ਕਰਦੀ। ਇੱਕ ਲੱਖ 52 ਹਜ਼ਾਰ ਸਕੂਲ ਬਿਜਲੀ ਤੋਂ ਬਿਨਾਂ ਹਨ। ਉਪਰੋਂ ਪੀ.ਐੱਮ ਸ਼੍ਰੀ ਯੋਜਨਾ ਤਹਿਤ 14,500 ਸਕੂਲ ਖੋਲ੍ਹਕੇ ਇੱਕ ਨਵਾਂ ਬਿਰਤਾਂਤ ਸਿਰਜਿਆ ਜਾ ਰਿਹਾ ਹੈ।

2009 'ਚ ਸਰਕਾਰ ਵੱਲੋਂ ਸਿੱਖਿਆ ਅਧਿਕਾਰ ਕਾਨੂੰਨ ਆਰ.ਟੀ.ਆਈ. ਐਕਟ-2009 ਪਾਸ ਕੀਤਾ ਗਿਆ। 6 ਤੋਂ 14 ਸਾਲ ਦੇ ਬੱਚਿਆ ਲਈ ਮੁਫ਼ਤ ਅਤੇ ਜ਼ਰੂਰੀ ਸਿੱਖਿਆ ਦਾ ਇਸ ਵਿੱਚ ਪ੍ਰਾਵਾਧਾਨ ਸੀ। ਨੈਸ਼ਨਲ ਐਜੂਕੇਸ਼ਨ ਪਾਲਿਸੀ (ਐੱਨ. ਈ.ਸੀ.)-2020 ਨਾਲ 34 ਸਾਲ ਪਹਿਲੀ ਐੱਨ.ਈ.ਸੀ. 1986 ਬਦਲੀ ਗਈ। ਪਰ ਜ਼ਮੀਨੀ ਪੱਧਰ ਉੱਤੇ ਆਮ ਆਦਮੀ ਪੱਲੇ ਸਿੱਖਿਆ ਖੇਤਰ 'ਚ ਨਿਰਾਸ਼ਾ ਹੀ ਪਈ ਹੈ। ਉਹਨਾਂ ਦੇ ਬੱਚਿਆਂ ਦੀ ਪਹੁੰਚ ਡਿਜ਼ੀਟਲ ਖੇਤਰ ਤੋਂ ਦੂਰ ਹੈ। ਇੱਕ ਲੱਖ ਸਰਕਾਰੀ ਸਕੂਲ ਇੱਕੋ ਟੀਚਰ ਨਾਲ ਚਲਾਏ ਜਾ ਰਹੇ ਹਨ, ਜਿਹਨਾਂ 'ਚ ਵਿਦਿਆਰਥੀਆਂ ਦੀ ਗਿਣਤੀ 33 ਲੱਖ ਹੈ। ਕੀ ਇਹੋ-ਜਿਹੀ ਸਕੂਲੀ ਸਿੱਖਿਆ ਆਮ ਆਦਮੀ ਦੇ ਬੱਚਿਆਂ ਦਾ ਕੁੱਝ ਸੁਆਰਨ ਯੋਗ ਹੈ? ਸਰਕਾਰੀ ਸਕੂਲ ਬੰਦ ਕੀਤੇ ਜਾ ਰਹੇ ਹਨ, ਵਿਚ-ਵਿਚਾਲੇ ਸਕੂਲ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸੈਕੰਡਰੀ ਪੱਧਰ ਤੱਕ 8.2 ਪ੍ਰਤੀਸ਼ਤ ਆਂਕੀ ਗਈ। ਕੀ ਇਹ ਦੇਸ਼ ਵਿੱਚੋਂ ਉੱਡ ਰਹੀ ਸਿੱਖਿਆ ਦੀ ਨਿਸ਼ਾਨੀ ਨਹੀਂ ਹੈ?

ਇੱਕ ਪਾਸੇ ਫਾਈਵ ਸਟਾਰ ਪਬਲਿਕ ਸਕੂਲ ਹਨ, ਦੂਜੇ ਪਾਸੇ ਤੱਪੜਾਂ, ਬੋਰੀਆਂ ਵਾਲੇ ਛੱਤਾਂ ਤੋਂ ਸੱਖਣੇ, ਸੁਵਿਧਾਵਾਂ ਤੋਂ ਊਣੇ ਸਰਕਾਰੀ ਸਕੂਲ ਹਨ, ਜਿੱਥੇ ਬਿਜਲੀ, ਪਾਣੀ, ਖੇਡ ਮੈਦਾਨ ਹੋਰ ਸੁਵਿਧਾਵਾਂ ਨਹੀਂ ਹਨ। ਤਦ ਫਿਰ ਰਾਈਜ਼ਿੰਗ ਇੰਡੀਆ ਦੀ ਕਲਪਨਾ ਸਧਾਰਨ ਵਿਦਿਆਰਥੀਆਂ ਦੇ ਅੱਖਾਂ ਦਾ ਸੁਪਨਾ ਕਿਵੇਂ ਬਣੇਗੀ?

ਸ਼ੀਸ਼ ਮਹਿਲਾਂ ਵਿੱਚ ਰਹਿਣ ਵਾਲੇ ਹੁਕਮਰਾਨ ਅਮੀਰ-ਗਰੀਬ 'ਚ ਖਾਈ ਵਧਾਈ ਜਾ ਰਹੇ ਹਨ, ਜਿੱਥੇ ਦੋ ਵਰਗਾਂ ਵਿੱਚ ਵਿਵਾਦ ਲਗਾਤਾਰ ਵੱਧਦਾ ਜਾ ਰਿਹਾ ਹੈ। ਜਿਵੇਂ ਦੇਸ਼ ਭਾਰਤ ਦੀਆਂ ਆਰਥਿਕ ਨੀਤੀਆਂ ਨਿੱਤ ਭਰਮ 'ਚ ਉਲਝਾਈਆਂ ਜਾ ਰਹੀਆਂ ਹਨ, ਉਵੇਂ ਦਾ ਭਰਮ ਜਾਲ, ਸਿੱਖਿਆ ਖੇਤਰ 'ਚ ਆਪਣਾ ਦਾਇਰਾ ਵੱਡਾ ਕਰ ਰਿਹਾ ਹੈ, ਜੋ ਆਮ ਆਦਮੀ ਦੀ ਸਿੱਖਿਆ ਤੋਂ ਦੂਰੀ ਹੋਰ ਵਧਾ ਦੇਵੇਗਾ।

ਸੁਵਿਧਾਵਾਂ ਲਈ ਕਤਾਰ ਅਤੇ ਉਡੀਕ ਹਾਕਮ ਜਮਾਤ ਵੱਲੋਂ ਭਾਰਤ 'ਚ ਆਮ ਆਦਮੀ ਦੇ ਪੱਲੇ ਪਾ ਦਿੱਤੀ ਗਈ ਹੈ ਜੋ ਊਠ ਦਾ ਬੁਲ੍ਹ ਹੁਣ ਵੀ ਡਿੱਗਿਆ, ਹੁਣ ਵੀ ਡਿੱਗਿਆ ਦੀ ਉਡੀਕ ਵਾਂਗਰ ਪ੍ਰਤੀ ਦਿਨ ਵਧਦੀ ਹੀ ਜਾ ਰਹੀ ਹੈ। ਰਾਈਜ਼ਿੰਗ ਇੰਡੀਆ, ਚੜ੍ਹਦੇ-ਉੱਡਦੇ ਭਾਰਤ ਵਰਗੀ ਮਿਰਗ ਤ੍ਰਿਸ਼ਨਾ, ਭਾਰਤੀ ਨਾਗਰਿਕ ਦੇ ਮੁੱਢਲੇ ਸਿੱਖਿਆ ਸੰਵਿਧਾਨਿਕ ਹੱਕ ਦੇ ਪੈਰੀਂ ਪਾਈਆਂ ਬੇੜੀਆਂ ਵਰਗੀ ਜਾਪਦੀ ਹੈ। ਕੀ ਬੱਚੇ ਹੱਥੋਂ ਪੈਂਤੀ ਅੱਖਰੀ ਖੋਹਣੀ ਜਾਇਜ਼ ਹੈ? ਕੀ ਅੱਖਰ ਨਾਲੋਂ ਵੋਟ ਦੀ ਮਹੱਤਤਾ ਜ਼ਿਆਦਾ ਹੈ? ਕੀ ਸਿੱਖਿਆ ਦੇ ਅਧਿਕਾਰ ਨੂੰ ਸੰਵਿਧਾਨਿਕ ਪੁਸਤਕਾਂ ਦੇ ਸ਼ਿੰਗਾਰ ਤੱਕ ਸੀਮਿਤ ਕਰਨਾ, ਉੱਡਦੇ ਰਾਈਜ਼ਿੰਗ ਇੰਡੀਆ ਦੀ ਪਛਾਣ ਉੱਤੇ ਕਾਲਾ ਧੱਬਾ ਨਹੀਂ ਹੈ?

ਗੁਰਮੀਤ ਸਿੰਘ ਪਲਾਹੀ

# ਸ਼ਾਂਤੀ ਦੂਤਾਂ ਦੀ ਦੁਨੀਆ 'ਚ ਬੇਦੋਸ਼ਿਆਂ ਸਿਰ ਦੋਸ਼...

ਇਜਰਾਈਲ ਅਤੇ ਅਮਰੀਕਾ ਵੱਲੋਂ ਇਰਾਨ 'ਤੇ 28 ਫਰਵਰੀ ਨੂੰ ਕੀਤੇ ਗਏ ਹਮਲੇ ਮਗਰੋਂ ਇਸ ਜੰਗ ਨੂੰ ਸ਼ੁਰੂ ਹੋਇਆਂ ਹੁਣ ਇੱਕ ਮਹੀਨਾ ਬੀਤ ਗਿਆ ਹੈ। ਹਰ ਰੋਜ ਤੁਸੀਂ ਮਿਜਾਈਲਾਂ ਅਤੇ ਡਰੋਨਾਂ ਨਾਲ ਤਬਾਹੀ ਦੇ ਮੰਜਰ ਦੀਆਂ ਤਸਵੀਰਾਂ ਦੇਖ ਰਹੇ ਹੋ। ਭਾਵੇਂ ਇਹ ਅਮਰੀਕਾ-ਇਜਰਾਈਲ ਵੱਲੋਂ ਇਰਾਨ 'ਤੇ ਕੀਤੇ ਗਏ ਹਮਲੇ ਦੌਰਾਨ ਤਬਾਹੀ ਦੇ ਮੰਜਰ ਹੋਣ ਜਾਂ ਇਰਾਨ ਵੱਲੋਂ ਇਜਰਾਈਲ ਜਾਂ ਖਾੜੀ ਦੇਸ਼ਾਂ ਵਿੱਚ ਅਮਰੀਕੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ। ਸ਼ਨਿੱਚਰਵਾਰ ਨੂੰ ਇਰਾਨ ਨੇ ਇਜਰਾਈਲ ਤੇ ਖਾੜੀ ਮੁਲਕਾਂ ਖਿਲਾਫ ਜੰਗ ਜਾਰੀ ਰੱਖਦਿਆਂ ਸਾਊਦੀ ਅਰਬ ਸਥਿਤ ਅਮਰੀਕਾ ਦੇ ਦੋ ਫੌਜੀ ਅੱਡਿਆਂ 'ਤੇ ਮਿਜਾਈਲ ਹਮਲਾ ਕੀਤਾ, ਜਿਸ ਵਿੱਚ ਘੱਟੋ-ਘੱਟਦਸ ਅਮਰੀਕੀ ਜਵਾਨ ਜਖਮੀ ਹੋ ਗਏ, ਜਿਨ੍ਹਾਂ 'ਚੋਂ ਦੋ ਦੀ ਹਾਲਤ ਗੰਭੀਰ ਹੈ। ਇਰਾਨੀ ਫੌਜ ਦੇ ਤਰਜਮਾਨ ਦਾ ਕਹਿਣਾ ਹੈਕਿ ਇਰਾਨ ਨੇ ਇਹ ਹਮਲਾ ਬੀਤੇ ਦਿਨ ਉਸ ਦੇ ਪ੍ਰਮਾਣੂ ਟਿਕਾਣਿਆਂ 'ਤੇ ਇਜਰਾਇਲੀ ਹਮਲੇ ਦੇ ਜਵਾਬ ਵਜੋਂ ਕੀਤਾ ਹੈ। ਅਮਰੀਕੀ ਅਧਿਕਾਰੀਆਂ ਅਨੁਸਾਰ ਪ੍ਰਿੰਸ ਸੁਲਤਾਨ ਏਅਰਬੇਸ 'ਤੇ ਹੋਏ ਹਮਲੇ ਵਿੱਚ ਅਮਰੀਕਾ ਦੇ ਈਂਧਣ ਭਰਨ ਵਾਲੇ ਕਈ ਜਹਾਜ ਨੁਕਸਾਨੇ ਗਏ ਹਨ। ਹਾਲਾਂਕਿ, ਸਾਊਦੀ ਅਰਬ ਦੇ ਸ਼ਹਿਜਾਦੇ ਮੁਹੰਮਦ-ਬਿਨ-ਸਲਮਾਨ ਨੇ ਪਹਿਲਾਂ ਕਿਹਾ ਸੀ ਕਿ ਉਹ ਅਮਰੀਕੀ ਜੰਗ ਦਾ ਹਿੱਸਾ ਨਹੀਂ ਤੇ ਨਾ ਹੀ ਉਨ੍ਹਾਂ ਦਾਇਸ ਜੰਗ ਨਾਲ ਕੋਈ ਲੈਣਾ-ਦੇਣਾ ਹੈ। ਫਿਰ ਵੀ ਅਮਰੀਕੀ ਜਹਾਜ ਇਸ ਏਅਰਬੇਸ 'ਤੇ ਉਤਰ ਰਹੇ ਸਨ। ਇਸ ਜੰਗ ਨੂੰ ਜਿਆਦਾ ਕਰ ਕੇ ਸਿਰਫ ਪੱਛਮੀ ਏਸ਼ੀਆ ਦੀ ਜੰਗ ਵਜੋਂ ਹੀ ਪੇਸ਼ ਕੀਤਾ ਜਾ ਰਿਹਾ ਹੈ ਪਰ ਜਾਪਦੈ ਕਿ ਇਸ ਦੇ ਨਾਂਹ-ਪੱਖੀ ਅਸਰ ਉਸ ਖਿੱਤੇ ਤੱਕ ਹੀ ਸੀਮਤ ਨਹੀਂ ਰਹੇ ਸਗੋਂ ਦੁਨੀਆ ਭਰ ਦੀ ਸਿਆਸਤ ਤੇ ਅਰਥਚਾਰੇ 'ਤੇ ਵੀ ਪੈਰਹੇ ਹਨ। ਜੇਕਰ ਹੋਰਮੁਜ ਜਲਡਮਰੂ ਰਾਹੀਂ ਤੇਲ ਦੀ ਸਪਲਾਈ ਵਿੱਚ ਵਿਘਨ ਜਾਰੀ ਰਹਿੰਦਾ ਹੈ ਤਾਂ ਦੁਨੀਆ ਵਿੱਚ ਤੇਲ ਦਾ ਸੰਕਟ ਗਹਿਰਾ ਹੋ ਜਾਵੇਗਾ। ਸ਼ੁਰੂ ਵਿੱਚ ਜਾਪਦਾ ਸੀ ਕਿ ਇਹ ਜੰਗ ਕੁਝ ਦੇਰ ਹੀ ਚੱਲੇਗੀ, ਪਰ ਇੱਕ ਮਹੀਨਾ ਬੀਤ ਜਾਣ ਮਗਰੋਂ ਵੀ ਨਿੱਤ ਦਿਨ ਇਸ ਦਾ ਹੋਰ ਵੀ ਖੌਫਨਾਕ ਚਿਹਰਾ ਸਾਹਮਣੇ ਆ ਰਿਹਾ ਹੈ। ਅਮਰੀਕਾ ਦੀ ਉਮੀਦ ਤੋਂ ਉਲਟ ਇਰਾਨ ਵੱਲੋਂ ਝੁਕਣ ਤੋਂ ਇਨਕਾਰ ਕਰਨ ਅਤੇ ਆਪਣੀ ਚੋਟੀ ਦੀ ਲੀਡਰਸ਼ਿਪ ਦੇ ਖਾਤਮੇ ਮਗਰੋਂ ਇਸ ਜੰਗ ਲਈ ਕੋਈ ਵੀ ਕੀਮਤ ਤਾਰਨ ਲਈ ਤਿਆਰ ਰਹਿਣ ਤੇ ਹਮਲਾਵਰ ਰੁਖ ਕਾਰਨ ਇਹ ਜੰਗ ਲੰਮੀ ਚੱਲਣ ਦੇ ਆਸਾਰ ਹਨ।

ਪਿਛਲੇ ਸਮੇਂ ਦੌਰਾਨ ਹੋਈਆਂ ਜੰਗਾਂ 'ਤੇ ਨਿਗਾਹ ਮਾਰਿਆਂ ਪਤਾ ਲੱਗਦਾ ਹੈ ਕਿ ਇਹ ਬੇਵਜ੍ਹਾ ਅਤੇ ਬੇਲਗਾਮ ਸਨ ਜਾਂ ਫਿਰ ਇਨ੍ਹਾਂ ਦੇ ਅਸਲ ਕਾਰਨ ਕਦੇ ਸਾਹਮਣੇ ਹੀ ਨਹੀਂ ਆਏ। ਬਹੁਤੀਆਂ ਜੰਗਾਂ ਤਾਂ ਸਿਰਫ ਕੁਝ ਮੁਲਕਾਂ ਦੇ ਸ਼ਾਸਕਾਂ ਦੀ ਜਿੱਦ ਜਾਂ ਨਿੱਜੀ ਏਜੰਡਿਆਂ ਕਾਰਨ ਲੜੀਆਂ ਗਈਆਂ। ਇਸ ਜੰਗ 'ਚ ਸ਼ਾਮਿਲ ਮੁਲਕਾਂ ਦੀ ਭੂਮਿਕਾ ਨੂੰ ਖਾਸ ਨਜਰੀਏ ਤੋਂ ਦੇਖਦਿਆਂ ਸਮਝ ਪੈਂਦਾ ਹੈ ਕਿ ਇਨ੍ਹਾਂ ਮੁਲਕਾਂ ਦੇ ਨੇਤਾ ਆਪਣੀ ਘਟ ਰਹੀ ਮਕਬੂਲੀਅਤ ਨੂੰ ਠੱਲ੍ਹਣ ਜਾਂ ਵਧਾਉਣ ਦੇ ਉਦੇਸ਼ ਨਾਲ ਜੰਗ ਦਾ ਮੈਦਾਨ ਭਖਦਾ ਰੱਖਣਾ ਚਾਹੁੰਦੇ ਹਨ। ਇਜਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ



ਨੇਤਨਯਾਹੂ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਸਾਖ ਇਸ ਵੇਲੇ ਕਾਫੀ ਡਿੱਗੀ ਹੋਈ ਹੈ। ਇਨ੍ਹਾਂ ਨੇ ਫਰਵਰੀ ਦੇ ਆਖਰੀ ਦਿਨ ਇਰਾਨ 'ਤੇ ਇਹ ਇਲਜਾਮ ਲਾਉਂਦਿਆਂ ਹਮਲਾ ਕਰ ਦਿੱਤਾ ਕਿ ਇਰਾਨ ਦਾ ਨਿਊਕਲੀਅਰ ਅਤੇ ਮਿਜਾਈਲ ਪ੍ਰੋਗਰਾਮ ਅਮਰੀਕਾ ਅਤੇ ਇਸ ਦੇ ਸਹਿਯੋਗੀ ਮੁਲਕਾਂ ਲਈ ਖਤਰਾ ਬਣ ਸਕਦਾ ਹੈ।

ਇਸ ਦੇ ਬਾਵਜੂਦ ਪ੍ਰਮਾਣੂ ਅਤੇ ਫੌਜੀ ਟਿਕਾਣਿਆਂ ਦੇ ਨਾਲ-ਨਾਲ ਇਰਾਨ ਵਿੱਚ ਰਿਹਾਇਸ਼ੀ ਇਲਾਕਿਆਂ 'ਤੇ ਵੀ ਹਮਲੇ ਕੀਤੇ ਗਏ। ਇਸ ਵਿੱਚ ਇੱਕ ਸਕੂਲ 'ਤੇ ਕੀਤਾ ਗਿਆ ਹਮਲਾ ਵੀ ਸ਼ਾਮਿਲ ਹੈ, ਜਿਸ ਵਿੱਚ 165 ਬੱਚੀਆਂ ਮਾਰੀਆਂ ਗਈਆਂ ਸਨ। ਉੱਥੋਂ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਮੇਨੇਈ ਸਮੇਤ ਮੂਹਰਲੀ ਕਤਾਰ ਦੇ ਸਿਰਕੱਢ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੇ ਬਾਵਜੂਦ ਇਰਾਨ ਕਿਸੇ ਕਿਸਮ ਦੇ ਸਮਝੌਤੇ ਜਾਂ ਗੱਲਬਾਤ ਲਈ ਤਿਆਰ ਨਹੀਂ। ਦਲੀਲ ਹੈ ਕਿ ਜਿਸ ਵੇਲੇ ਇਰਾਨ ਨਾਲ ਇਸ ਖਿੱਤੇ ਵਿੱਚ ਅਮਨ ਬਹਾਲੀ ਵਾਸਤੇ ਜਨੇਵਾ ਵਿੱਚ ਗੱਲਬਾਤ ਜਾਰੀ ਸੀ ਅਤੇ ਉਹ ਗੱਲਬਾਤ ਦੌਰਾਨ ਅਮਨ-ਸ਼ਾਂਤੀ ਦੀ ਦਿਸ਼ਾ 'ਚ ਅੱਗੇ ਵਧਣ ਲਈ ਸ਼ਰਤਾਂ ਮੰਨਣ ਲਈ ਸਹਿਮਤ ਸੀ, ਉਸੇ ਵੇਲੇ ਪਤਾ ਨਹੀਂ ਕਿਹੜੇ ਕਾਰਨਾਂ ਅਤੇ ਮਜਬੂਰੀਆਂ ਵੱਸ ਇਸ 'ਤੇ ਹਮਲਾ ਕਰ ਦਿੱਤਾ ਗਿਆ। ਉਸ ਵੇਲੇ 26 ਫਰਵਰੀ (ਦਿਨ ਵੀਰਵਾਰ) ਨੂੰ ਦੂਜੇ ਦੌਰ ਦੀ ਗੱਲਬਾਤ ਸਮਾਪਤ ਹੋਈ ਅਤੇ ਉਸ ਮਗਰੋਂ ਸੋਮਵਾਰ ਨੂੰ ਤੀਜੇ ਦੌਰ ਦੀ ਗੱਲਬਾਤ ਹੋਣੀ ਸੀ, ਪਰ ਇਸ ਤੋਂਪਹਿਲਾਂ ਹੀ 28 ਫਰਵਰੀ ਨੂੰ ਇਰਾਨ 'ਤੇ ਹਮਲਾ ਕਰ ਦਿੱਤਾ ਗਿਆ।ਇਹ ਇੱਕ ਤਰ੍ਹਾਂ ਨਾਲ ਗੱਲਬਾਤ ਦੇ ਓਹਲੇ ਧੋਖੇ ਨਾਲ ਕੀਤਾ ਗਿਆ ਹਮਲਾ ਸੀ।

ਇਰਾਨ ਦੀ ਭੂਗੋਲਿਕ ਸਥਿਤੀ ਕਾਰਨ ਹੋਰਮੁਜ ਜਲਡਮਰੂ 'ਤੇ ਇਸ ਦੇ ਕੰਟਰੋਲ ਕਰਕੇ ਦੁਨੀਆ ਭਰ ਦੇ ਕੱਚੇ ਤੇਲ ਅਤੇ ਤੇਲ ਉਤਪਾਦਾਂ ਦੀ ਤਕਰੀਬਨ 20 ਫੀਸਦੀ ਸਪਲਾਈ ਇਥੋਂ ਹੋਣ ਕਾਰਨ ਇਸ ਦਾ ਅਸਰ ਸਿਰਫ ਜੰਗ ਲੜ ਰਹੇ ਦੇਸ਼ਾਂ 'ਤੇ ਹੀ ਨਹੀਂ ਸਗੋਂ ਦੁਨੀਆ ਭਰ ਦੇ ਅਰਥਚਾਰਿਆਂ 'ਤੇ ਪੈ ਰਿਹਾ ਹੈ। ਇਰਾਨ ਹੋਰਮੁਜ ਜਲਡਮਰੂ ਨੂੰ ਆਪਣੇ ਰਣਨੀਤਕ ਹਥਿਆਰ ਵਜੋਂ ਵਰਤ ਰਿਹਾ ਹੈ ਅਤੇ ਉਸ ਨੇ ਇਸ ਖੇਤਰ ਵਿੱਚ ਸਮੁੰਦਰ 'ਚ ਬਾਰੂਦੀ ਸੁਰੰਗਾਂ ਵਿਛਾਈਆਂ ਹੋਈਆਂ ਹਨ। ਜੇਕਰ ਉਨ੍ਹਾਂ ਬਾਰੂਦੀ ਸੁਰੰਗਾਂ ਨੂੰ ਇਸ ਖੇਤਰ ਵਿੱਚੋਂ ਹਟਾਉਣਾ ਹੈ ਤਾਂ ਆਪਣੇ ਵੱਡੀ ਗਿਣਤੀ ਸੈਨਿਕਾਂ ਦੀ ਬਲੀ ਦੇਣੀ ਪਵੇਗੀ। ਸ਼ਾਇਦ ਜੰਗ ਛੇੜਨ ਵਾਲੇ ਮੁਲਕਾਂ ਨੂੰ ਭਰੋਸਾ ਸੀ ਕਿ ਜਿਉਂ ਹੀ ਉਹ ਇਰਾਨ ਦੀ ਪਹਿਲੀ ਕਤਾਰ ਦੀ ਲੀਡਰਸ਼ਿਪ ਦਾ ਸਫਾਇਆ ਕਰਨਗੇ ਤਾਂ ਲੋਕਾਂ ਦੇ ਰੋਹ ਦੇ ਬਲ 'ਤੇ ਉੱਥੇ ਸੱਤਾ ਤਬਦੀਲੀ ਕਰਨ ਦੇ ਯਤਨਾਂ ਵਿੱਚ ਕਾਮਯਾਬ ਹੋ ਜਾਣਗੇ, ਪਰ ਅਜਿਹਾ ਹੋਇਆ ਨਹੀਂ। ਮਾਹਿਰਾਂ ਦਾ ਅਨੁਮਾਨ ਹੈ ਕਿ ਪਿਛਲੇ ਸਾਲ ਜੂਨ ਵਿੱਚ ਜਦੋਂ ਅਮਰੀਕਾ ਨੇ ਇਰਾਨ ਦੇ ਫੋਰਡੋ, ਨੇਤਾਂਜ ਅਤੇ ਇਸਫਹਾਨ ਵਿਚਲੇ ਪ੍ਰਮਾਣੂ ਟਿਕਾਣਿਆਂ 'ਤੇ ਬੰਕਰ ਬਸਟਰ ਬੰਬ ਸੁੱਟੇ ਸਨ ਤਾਂ ਉਦੋਂ ਟਕਰਾਅ ਕੁਝ ਦਿਨਾਂ ਬਾਅਦ ਟਲ ਗਿਆ ਸੀ। ਇਰਾਨ ਉਦੋਂ ਤੋਂ ਹੀ ਸਮਝ ਗਿਆ ਸੀ ਕਿ ਇੱਕ ਦਿਨ ਇਹ ਸਥਿਤੀ ਫਿਰ ਉਸ ਦੇ ਸਾਹਮਣੇ ਆਵੇਗੀ ਅਤੇ ਇਸ ਲਈ ਉਹ ਖਾਮੋਸ਼ੀ ਨਾਲ ਲਗਾਤਾਰ ਆਪਣੇ ਆਪ ਨੂੰ ਤਿਆਰ ਕਰ ਰਿਹਾ ਸੀ। ਵੈਨੇਜ਼ੁਏਲਾ ਦੇ ਰਾਸ਼ਟਰਪਤੀ ਮਾਦੂਰੋ ਅਤੇ ਉਸ ਦੀ ਪਤਨੀ ਨੂੰ ਰਾਤੋ-ਰਾਤ ਹੈਲੀਕਾਪਟਰ ਰਾਹੀਂ ਚੁੱਕ ਕੇ ਅਮਰੀਕਾ ਲਿਆਉਣ ਅਤੇ ਉੱਥੇ ਸੱਤਾ ਤਬਦੀਲੀ ਕਰਨ ਮਗਰੋਂ ਇਹ ਦਾਅਵਾ ਕਰਦਿਆਂ ਟਰੰਪ ਦੇ ਹੌਸਲੇ ਬਹੁਤ ਬੁਲੰਦ ਸਨ ਕਿ ਵੈਨੇਜ਼ੁਏਲਾ ਦੇ ਤੇਲ ਖੂਹ ਹੁਣ ਅਮਰੀਕੀ ਕੰਪਨੀਆਂ ਚਲਾਉਣਗੀਆਂ। ਟਰੰਪ ਨੇ ਇਰਾਨ 'ਤੇ ਹਮਲਾ ਵੀ ਅਮਰੀਕੀ ਕਾਂਗਰਸ ਦੀ ਪ੍ਰਵਾਨਗੀ ਤੋਂ ਬਗੈਰ ਕੀਤਾ। ਸ਼ਾਇਦ ਟਰੰਪ ਤੇ ਉਸ ਦੇ ਜੋਟੀਦਾਰ ਇਜਰਾਇਲੀ ਰਾਸ਼ਟਰਪਤੀ ਨੇਤਨਯਾਹੂ ਨੂੰ ਲੱਗਦਾ ਸੀ ਕਿ ਉਹ ਇਰਾਨ ਵਾਲਾ ਮਾਮਲਾ ਵੀ ਕੁਝ ਦਿਨਾਂ 'ਚ ਹੀ ਨਿਪਟਾ ਲੈਣਗੇ। ਟਰੰਪ ਨੂੰ ਤਾਂ ਵੈਨੇਜ਼ੁਏਲਾ ਦੇ ਘਟਨਾਕ੍ਰਮ ਮਗਰੋਂ ਹੱਦੋਂ ਜਿਆਦਾ ਸਵੈ-ਭਰੋਸਾ ਸੀ ਅਤੇ ਉਸ ਦਾ ਕਹਿਣਾ ਸੀ ਕਿ ਇਰਾਨ ਦੇ ਤੇਲ 'ਤੇ ਵੀ ਹੁਣ ਅਮਰੀਕਾ ਦਾ ਕਬਜਾ ਹੋਵੇਗਾ। ਪਰ ਹਕੀਕੀ ਸਥਿਤੀਆਂ ਸਾਹਮਣੇ ਆਉਣ 'ਤੇ ਉਸ ਨੇ ਕਈ ਦੇਸ਼ਾਂ ਨੂੰ ਇਸ ਜੰਗ 'ਚ ਸਾਥ ਦੇਣ ਦਾ ਸੱਦਾ ਦਿੱਤਾ, ਪਰ ਬੇਗਾਨੀ ਜੰਗ ਅਤੇ ਹਿੱਤਾਂ ਤੇ ਏਜੰਡਿਆਂ ਖਾਤਰ ਕਿਹੜਾ ਦੇਸ਼ ਆਪਣੇ ਸੈਨਿਕ ਅਤੇ ਸਾਜੋ-ਸਾਮਾਨ ਜੰਗ ਦੀ ਭੱਠੀ 'ਚ ਝੋਕਦਾ ਹੈ? ਅਮਰੀਕੀ ਭਾਈਵਾਲ ਖਾੜੀ ਦੇਸ਼ ਅੱਗੇ ਹੀ ਇਸ ਜੰਗ ਦੇ ਸਿੱਟੇ ਵਜੋਂ ਇਰਾਨ ਦੇ ਵਾਰ ਝੱਲ ਰਹੇ ਹਨ। ਹਾਲਾਂਕਿ, ਇਰਾਨ ਦਾ ਸਪੱਸ਼ਟ ਕਹਿਣਾ ਹੈ ਕਿ ਉਸ ਦਾ ਮਕਸਦ ਉਨ੍ਹਾਂ ਦੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ ਨਹੀਂ, ਸਿਰਫ ਅਮਰੀਕੀ ਟਿਕਾਣੇ ਹੀ ਉਸ ਦੇ ਨਿਸ਼ਾਨੇ 'ਤੇ ਹਨ।

ਇਰਾਨੀ ਮਾਮਲਿਆਂ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਚੋਟੀ ਦੀ ਲੀਡਰਸ਼ਿਪ ਖਤਮ ਕੀਤੇ ਜਾਣ ਦੇ ਬਾਵਜੂਦ ਜੇਕਰ ਇਰਾਨ ਇਸ ਜੰਗ ਵਿੱਚ ਟਿਕਿਆ ਹੋਇਆ ਹੈ ਅਤੇ ਸਾਰੇ ਹੱਲਿਆਂ ਦਾ ਅੱਗੋਂ ਓਨੇ ਹੀ ਹਮਲਾਵਰ ਰੁਖ ਨਾਲ ਜਵਾਬ ਦੇ ਰਿਹਾ ਹੈ ਤਾਂ ਉਸ ਦਾ ਕਾਰਨ ਇਹ ਹੈ ਕਿ ਇਰਾਨੀ ਲੀਡਰਸ਼ਿਪ ਨੇ ਤਿਆਰੀ ਵਜੋਂ ਪਹਿਲਾਂ ਹੀ ਜੰਗ ਦਾ ਖਾਕਾ ਤਿਆਰ ਕੀਤਾ ਹੋਇਆ ਸੀ ਕਿ ਜੇਕਰ ਚੋਟੀ ਦੀ ਲੀਡਰਸ਼ਿਪ ਨਾ ਰਹੀ ਤਾਂ ਫਿਰ ਕੀ ਰਣਨੀਤੀ ਅਪਣਾਈ ਜਾਵੇਗੀ। ਇਰਾਨ ਮਾਮਲਿਆਂ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵੇਲੇ ਜੋ ਫੌਜੀ ਲੀਡਰਸ਼ਿਪ ਦਾ ਸੰਚਾਰ ਹੈ, ਉਹ ਬਿਲਕੁਲ ਰਵਾਇਤੀ ਅੰਦਾਜ ਵਿੱਚ ਸਿਰਫ 'ਮੈਨ ਟੂ ਮੈਨ' ਹੋ ਰਿਹਾ ਹੈ ਅਤੇ ਸੰਚਾਰ ਲਈ ਕਿਸੇ ਕਿਸਮ ਦੇ ਤਕਨੀਕੀ ਉਪਰਕਨ ਨਹੀਂ ਵਰਤੇ ਜਾ ਰਹੇ, ਇੱਥੋਂ ਤੱਕ ਕਿ ਕਿਸੇ ਕਿਸਮ ਦੀ ਘੜੀ, ਅੰਗੂਠੀ ਜਾਂ ਕੁਝ ਵੀ ਹੋਰ।

ਇਸੇ ਸ਼ੁੱਕਰਵਾਰ ਨੂੰ ਜੀ-7 ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਪੱਛਮੀ ਏਸ਼ੀਆ ਅਤੇ ਯੂਕਰੇਨ ਵਿਚਲੇ ਤਣਾਅ ਤੇ ਟਕਰਾਅ ਦੀ ਸਥਿਤੀ ਬਾਰੇ ਵਿਚਾਰ-ਵਟਾਂਦਰੇ ਲਈ ਫਰਾਂਸ ਵਿੱਚ ਮੀਟਿੰਗ ਹੋਈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਖਿਲਾਫ ਜੰਗ ਵਿੱਚ ਨਾਟੋ ਸਹਿਯੋਗੀਆਂ ਦੇ ਅਮਰੀਕਾ ਦੀ ਪਿੱਠ 'ਤੇ ਨਾ ਆਉਣ ਲਈ ਆਲੋਚਨਾ ਕੀਤੀ ਸੀ। ਇਸ ਤੋਂ ਇੱਕ ਦਿਨ ਬਾਅਦ ਹੀ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇਸ ਮੀਟਿੰਗ ਵਿੱਚ ਹਿੱਸਾ ਲਿਆ। ਅਮਰੀਕਾ ਦੇ ਕਈ ਸਹਿਯੋਗੀਆਂ ਨੇ ਜੰਗ ਬਾਰੇ ਕਈ ਤਰ੍ਹਾਂ ਦੇ ਖਦਸ਼ੇ ਪ੍ਰਗਟਾਉਂਦਿਆਂ ਕੂਟਨੀਤਕ ਯਤਨਾਂ 'ਤੇ ਜੋਰ ਦਿੱਤਾ। ਉੱਧਰ ਫਰਾਂਸ ਦੇ ਹਥਿਆਰਬੰਦ ਬਲਾਂ ਬਾਰੇ ਮੰਤਰੀ ਕੈਥਰੀਨ ਵੌਟਰਿਨ ਦਾ ਸਪੱਸ਼ਟ ਕਹਿਣਾ ਹੈ ਕਿ ਇਹ 'ਜੰਗ ਉਨ੍ਹਾਂ ਦੀ ਨਹੀਂ ਹੈ'।

ਇਸੇ ਦੌਰਾਨ ਯੂਨਾਈਟਿਡ ਨੇਸ਼ਨਜ ਦੀ ਮਨੁੱਖੀ ਅਧਿਕਾਰਾਂ ਬਾਰੇ ਕੌਂਸਲ (ਹਿਊਮਨ ਰਾਈਟਸ ਕੌਂਸਲ) ਦੇ 61ਵੇਂ ਸੈਸ਼ਨ ਨੂੰ ਸੰਬੋਧਨ ਕਰਦਿਆਂ ਇਰਾਨ ਦੇ ਵਿਦੇਸ਼ ਮੰਤਰੀ ਸਈਦ ਅੱਬਾਸ ਅਰਾਗਚੀ ਨੇ ਕਿਹਾ ਹੈ ਕਿ ਇਰਾਨ 'ਤੇ 28 ਫਰਵਰੀ ਨੂੰ ਗੈਰਕਾਨੂੰਨੀ ਜੰਗ ਉਸ ਵੇਲੇ ਥੋਪੀ ਗਈ ਜਦੋਂ ਉਸ ਦੀ ਵਾਸ਼ਿੰਗਟਨ ਨਾਲ ਕੂਟਨੀਤਕ ਵਾਰਤਾ ਚੱਲ ਰਹੀ ਸੀ। ਦੱਖਣੀ ਇਰਾਨ ਦੇ ਮਿਨਾਬ ਵਿੱਚ ਲੜਕੀਆਂ ਦੇ ਸਕੂਲ 'ਤੇ ਕੀਤਾ ਗਿਆ ਹਮਲਾ ਬਹੁਤ ਸੋਚਿਆ-ਸਮਝਿਆ ਸੀ, ਜਿਸ ਵਿੱਚ ਵਿਦਿਆਰਥਣਾਂ ਅਤੇ ਸਕੂਲ ਦੇ ਅਮਲੇ ਸਣੇ 175 ਵਿਅਕਤੀਆਂ ਦੀਆਂ ਜਾਨਾਂ ਜਾਂਦੀਆਂ ਰਹੀਆਂ ਸਨ।

ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਜੰਗ 'ਚ ਉਲਝੇ ਦੇਸ਼ਾਂ ਵੱਲੋਂ ਕਾਰਵਾਈਆਂ ਅਤੇ ਜਵਾਬੀ ਕਾਰਵਾਈਆਂ ਦਾ ਅਸਲ ਸ਼ਿਕਾਰ ਕੌਣ ਹੁੰਦਾ ਹੈ? ਕੀ ਇਨ੍ਹਾਂ ਦੇਸ਼ਾਂ ਦੇ ਸੈਨਿਕਾਂ ਦੀ ਦੂਜੇ ਦੇਸ਼ ਦੇ ਸੈਨਿਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਕੋਈ ਦੁਸ਼ਮਣੀ ਹੁੰਦੀ ਹੈ? ਹਰਗਿਜ ਨਹੀਂ...। ਦਰਅਸਲ, ਸੱਤਾ 'ਤੇ ਕਾਬਜ ਚੋਟੀ ਦੇ ਲੀਡਰਾਂ ਦੀ ਤਾਂ ਆਪਣੇ ਹਿੱਤਾਂ ਅਤੇ ਏਜੰਡਿਆਂ ਕਾਰਨ ਇੱਕ-ਦੂਜੇ ਨਾਲ ਦੁਸ਼ਮਣੀ ਹੋ ਸਕਦੀ ਹੈ। ਉਹ ਆਪ ਵੱਡੇ ਤੇ ਸਭ ਤੋਂ ਸੁਰੱਖਿਅਤ ਮਹਿਲਾਂ ਜਾਂ ਭਵਨਾਂ ਵਿੱਚ ਬੈਠ ਕੇ ਫੌਜੀ ਹਮਲੇ ਦੇ ਫਰਮਾਨ ਜਾਰੀ ਕਰਦੇ ਹਨ ਅਤੇ ਦੇਸ਼ਭਗਤੀ ਦੇ ਨਾਂ'ਤੇ ਆਪਣੇ ਸੈਨਿਕਾਂ ਨੂੰ ਜੰਗ ਦੀ ਭੱਠੀ ਵਿੱਚ ਝੋਕਦੇ ਹਨ। ਇੱਕ-ਦੂਜੇ ਦੇ ਦੇਸ਼ ਤੋਂ ਹਜਾਰਾਂ ਮੀਲ ਦੂਰ ਵੱਸਦੇ ਇਨ੍ਹਾਂ ਸੈਨਿਕਾਂ ਦੀ ਭਲਾ ਆਪਸ 'ਚ ਕੀ ਦੁਸ਼ਮਣੀ, ਜਿਸ ਨੂੰ ਨਿਭਾਉਣ ਖਾਤਰ ਉਹ ਆਪਣੀ ਮਾਂ ਦੀ ਝੋਲੀ ਸੁੰਨੀ ਕਰ ਜਾਂਦੇ ਨੇ ਜਾਂ ਫਿਰ ਕਿਸੇ ਦੂਜੇ ਦੀ ਮਾਂ ਦੀ ਗੋਦ ਖਾਲੀ ਕਰ ਦਿੰਦੇ ਨੇ। ਇਨ੍ਹਾਂ ਜੰਗਾਂ ਦੀ ਕੀਮਤ ਮਾਵਾਂ, ਪਤਨੀਆਂ ਤੇ ਧੀਆਂ-ਭੈਣਾਂ ਬਾਕੀ ਬਚੀ ਸਾਰੀ ਉਮਰ ਤਾਰਦੀਆਂਨੇ; ਜੰਗਾਂ ਲਾਉਣ ਵਾਲੇ ਲੀਡਰ ਨਹੀਂ।

ਇਹ ਕਿਹੋ ਜਿਹੀ ਦੁਨੀਆ ਹੈ ਜਿੱਥੇ ਮਹਾਨ ਸ਼ਾਂਤੀ ਦੂਤ ਵਜੋਂ ਵਿਰਾਸਤ ਬਣਾਉਣ ਦੇ ਖਾਹਿਸ਼ਮੰਦ ਦੂਜੇ ਮੁਲਕਾਂ ਦੇ ਬੇਦੋਸ਼ੇ ਲੋਕਾਂ ਨੂੰ ਜੰਗ ਦਾ ਖਾਜਾ ਬਣਾਉਂਦੇ ਹਨ?

ਦਾ ਪੰਜਾਬ ਹੈਰਲਡ
ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।
If somebody wishes to discontinue the advertisement, then please intimate us by calling 0437641033 before 20th every month.
thepunjabherald1@gmail.com

# ਕਰਜ਼ੇ ਦੇ ਮੱਕੜਜਾਲ 'ਚ ਫਸੇ ਕਿਸਾਨ

ਬੀਤੇ ਦਿਨੀਂ ਕੋਟਕਪੂਰਾ ਨੇੜੇ ਪਿੰਡ ਬਾਹਮਣਵਾਲਾ ਕੋਲ ਰੇਲ ਪਟੜੀ ਵੱਲ ਇਕ ਮੋਟਰਸਾਈਕਲ 'ਤੇ ਜਾ ਰਹੇ ਪਿੰਡ ਹਰੀ ਨੌ ਦੇ ਵਸਨੀਕ 38 ਸਾਲਾ ਜਸਕਰਨ ਸਿੰਘ ਅਤੇ ਉਸ ਦੇ ਛੋਟੇ ਭਰਾ 34 ਸਾਲਾ ਜਸਵਿੰਦਰ ਸਿੰਘ ਉਰਫ ਜੋਰੇ ਦਾ ਇਹ ਅੰਤਿਮ ਸਫਰ ਸਾਬਿਤ ਹੋਇਆ। ਉੱਥੇ ਪੁੱਜ ਕੇ ਦੋਵਾਂ ਭਰਾਵਾਂ ਨੇ ਇਕ-ਦੂਜੇ ਨੂੰ ਨਿੱਘੀ ਗਲਵੱਕੜੀ ਪਾਈ ਅਤੇ ਫਿਰ ਛਿੰਦਵਾੜਾ ਐਕਸਪ੍ਰੈੱਸ ਅੱਗੇ ਛਾਲ ਮਾਰ ਦਿੱਤੀ।

ਇਕ ਪਲ ਵਿਚ ਦੋ ਜਿੰਦਗੀਆਂ ਸਮਾਪਤ ਹੋ ਗਈਆਂ ਪਰ ਉਨ੍ਹਾਂ ਵੱਲੋਂ ਪਿੱਛੇ ਛੱਡਿਆ ਦੁੱਖ, ਕਰਜਾ ਅਤੇ ਸਵਾਲ ਅਜੇ ਵੀ ਜਿਉਂਦੇ ਹਨ। ਉਨ੍ਹਾਂ ਵੱਲੋਂ ਆਪਣੀ ਡਿੱਗਦੀ ਆਰਥਿਕ ਹਾਲਤ ਨੂੰ ਸੰਭਾਲਣ ਲਈ ਲਿਆ ਗਿਆ ਕਰਜਾ ਲਗਪਗ 25 ਲੱਖ ਰੁਪਏ ਤੋਂ ਵਧ ਕੇ ਵਿਆਜ ਸਮੇਤ 45-50 ਲੱਖ ਰੁਪਏ ਤੱਕ ਪਹੁੰਚ ਗਿਆ ਸੀ। ਦੋਵੇਂ ਭਰਾ ਤਾਂ ਇਸ ਕਰਜੇ ਤੋਂ 'ਮੁਕਤੀ' ਪਾ ਗਏ ਪਰ ਉਨ੍ਹਾਂ ਨੇ ਇਹ ਸੋਚਿਆ ਹੀ ਨਹੀਂ ਹੋਵੇਗਾ ਕਿ ਉਨ੍ਹਾਂ ਦੀਆਂ ਪਤਨੀਆਂ-ਜੋ ਆਪਸ ਵਿਚ ਭੈਣਾਂ ਹਨ ਅਤੇ ਦੋਵਾਂ ਦੀ ਇਕ-ਇਕ ਧੀ ਇਸ ਕਰਜੇ ਤੋਂ ਕਿਵੇਂ 'ਮੁਕਤ' ਹੋਣਗੀਆਂ?

ਇਹ ਕਹਾਣੀ ਸਿਰਫ ਦੋ ਵਿਅਕਤੀਆਂ ਦੀ ਮੌਤ ਦੀ ਨਹੀਂ, ਸਗੋਂ ਪੰਜਾਬ ਦੀ ਉਸ ਕਿਰਸਾਨੀ ਦੀ ਹੈ ਜਿੱਥੇ ਅੰਨਦਾਤਾ ਖੁਦ ਮੌਤ ਨੂੰ ਗਲੇ ਲਗਾਉਣ ਲਈ ਮਜਬੂਰ ਹੋ ਰਿਹਾ ਹੈ। ਇਸ ਦਰਦਨਾਕ ਘਟਨਾ ਦੇ ਸੰਦਰਭ ਵਿਚ ਆਰਥਿਕ ਮਾਹਿਰ ਡਾ. ਰਣਜੀਤ ਸਿੰਘ ਘੁੰਮਣ ਦੱਸਦੇ ਹਨ ਕਿ ਵੱਖ-ਵੱਖ ਯੂਨੀਵਰਸਿਟੀਆਂ ਅਤੇ ਅਧਿਐਨਾਂ ਅਨੁਸਾਰ 2000 ਦੇ ਦਹਾਕੇ ਤੋਂ ਲੈ ਕੇ 2016 ਤੱਕ ਪੰਜਾਬ ਵਿਚ ਲਗਪਗ 16,000 ਤੋਂ ਵੱਧ ਕਿਸਾਨਾਂ ਅਤੇ ਖੇਤ ਮਜਦੂਰਾਂ ਨੇ ਖੁਦਕੁਸੀਆਂ ਕੀਤੀਆਂ ਹਨ। ਤਾਜਾ ਰੁਝਾਨ ਦਰਸਾਉਂਦੇ ਹਨ ਕਿ ਅੱਜ ਵੀ ਹਰ ਸਾਲ ਲਗਪਗ 800 ਤੋਂ 1,000 ਦੇ ਵਿਚਕਾਰ ਕਿਸਾਨ ਅਤੇ ਖੇਤ ਮਜਦੂਰ ਆਪਣੀ ਜਾਨ ਦੇ ਰਹੇ ਹਨ। ਇਨ੍ਹਾਂ ਵਿਚ ਲਗਪਗ 35% ਤੋਂ 40% ਹਿੱਸਾ ਖੇਤ ਮਜਦੂਰਾਂ ਦਾ ਹੁੰਦਾ ਹੈ।

ਇਸ ਦਾ ਮਤਲਬ ਹੈ ਕਿ ਪੰਜਾਬ ਵਿਚ ਹਰ ਰੋਜ ਔਸਤਨ 2 ਤੋਂ 3 ਜਿੰਦਗੀਆਂ ਕਰਜੇ ਅਤੇ ਆਰਥਿਕ ਤੰਗੀ ਦੀ ਭੇਟ ਚੜ੍ਹ ਰਹੀਆਂ ਹਨ। ਦੇਸ ਪੱਧਰ 'ਤੇ ਵੀ ਤਸਵੀਰ ਘੱਟ ਚਿੰਤਾਜਨਕ ਨਹੀਂ। ਨੈਸਨਲ ਕ੍ਰਾਈਮ ਰਿਕਾਰਡਜ ਬਿਊਰੋ ਦੇ ਅੰਕੜਿਆਂ ਅਨੁਸਾਰ 1995 ਤੋਂ ਲੈ ਕੇ ਹੁਣ ਤੱਕ ਭਾਰਤ ਵਿਚ 4 ਲੱਖ ਤੋਂ ਵੱਧ ਕਿਸਾਨ ਤੇ ਖੇਤ ਮਜਦੂਰ ਖੁਦਕੁਸੀ ਕਰ ਚੁੱਕੇ ਹਨ। ਹਾਲੀਆ ਸਾਲਾਂ ਵਿਚ ਹਰ ਸਾਲ 10,000 ਤੋਂ 11,500 ਦੇ ਵਿਚਕਾਰ ਖੇਤੀ ਨਾਲ ਜੁੜੇ ਲੋਕ ਆਪਣੀ



ਜਾਨ ਦੇ ਰਹੇ ਹਨ। ਇਸ ਅਨੁਸਾਰ ਤਕਰੀਬਨ ਹਰ ਘੰਟੇ ਇਕ ਕਿਸਾਨ ਜਾਂ ਮਜਦੂਰ ਖੁਦਕੁਸੀ ਕਰਦਾ ਹੈ।

ਮਹਾਰਾਸਟਰ, ਕਰਨਾਟਕ, ਤੇਲੰਗਾਨਾ ਅਤੇ ਆਂਧਰ ਪ੍ਰਦੇਸ ਦੇ ਨਾਲ-ਨਾਲ ਪੰਜਾਬ ਵੀ ਇਸ ਵੱਡੇ ਸੰਕਟ ਦੀ ਲਪੇਟ ਵਿਚ ਹੈ। ਇਸ ਸਮੱਸਿਆ ਦੀ ਸਭ ਤੋਂ ਵੱਡੀ ਖਾਮੀ ਇਹ ਹੈ ਕਿ ਸਰਕਾਰ ਸਿਰਫ ਉਨ੍ਹਾਂ ਮੌਤਾਂ ਨੂੰ 'ਕਿਸਾਨ ਖੁਦਕੁਸੀ' ਮੰਨਦੀ ਹੈ ਜਿਨ੍ਹਾਂ ਦੇ ਨਾਂ 'ਤੇ ਜਮੀਨ ਦਰਜ ਹੁੰਦੀ ਹੈ। ਇਸ ਕਾਰਨ ਬੇਹਿਸਾਬ ਖੇਤ ਮਜਦੂਰ, ਔਰਤਾਂ, ਬਜੁਰਗ ਅਤੇ ਉਹ ਕਿਸਾਨ ਜੋ ਠੇਕੇ 'ਤੇ ਖੇਤੀ ਕਰਦੇ ਹਨ, ਅੰਕੜਿਆਂ ਤੋਂ ਬਾਹਰ ਰਹਿ ਜਾਂਦੇ ਹਨ। ਜੇ ਇਨ੍ਹਾਂ ਨੂੰ ਵੀ ਸਾਮਲ ਕੀਤਾ ਜਾਵੇ ਤਾਂ ਅਸਲੀ ਗਿਣਤੀ ਕਈ ਗੁਣਾ ਵੱਧ ਹੋ ਸਕਦੀ ਹੈ। ਛੋਟੇ ਅਤੇ ਦਰਮਿਆਨੇ ਕਿਸਾਨਾਂ ਦੀ ਹਾਲਤ ਸਭ ਤੋਂ ਜਿਆਦਾ ਖਰਾਬ ਹੈ। ਦੋ ਤੋਂ ਪੰਜ ਏਕੜ ਜਮੀਨ ਵਾਲੇ ਕਿਸਾਨ ਸਭ ਤੋਂ ਵੱਧ ਪ੍ਰਭਾਵਿਤ ਹਨ। ਮੁਆਵਜਾ ਪ੍ਰਣਾਲੀ ਵੀ ਕਈ ਸਵਾਲ ਖੜ੍ਹੇ ਕਰਦੀ ਹੈ। ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਲਗਪਗ ਤਿੰਨ ਲੱਖ ਰੁਪਏ ਦੇ ਮੁਆਵਜੇ ਲਈ ਇਹ ਸਾਬਿਤ ਕਰਨਾ ਲਾਜਮੀ ਹੁੰਦਾ ਹੈ ਕਿ ਖੁਦਕੁਸੀ ਸਿਰਫ ਖੇਤੀਬਾੜੀ ਕਰਜੇ ਕਾਰਨ ਹੋਈ ਹੈ। ਜੇਕਰ ਕਿਸਾਨ ਸਿਰ ਨਿੱਜੀ ਕਰਜਾ ਹੋਵੇ ਜਾਂ ਮੌਤ ਦਾ ਕਾਰਨ 'ਮਾਨਸਿਕ ਤਣਾਅ' ਦਰਜ ਕੀਤਾ ਜਾਵੇ ਤਾਂ ਪਰਿਵਾਰ ਨੂੰ ਮੁਆਵਜਾ ਨਹੀਂ ਮਿਲਦਾ।

ਇਸ ਨਾਲ ਕਈ ਪੀੜਤ ਪਰਿਵਾਰ ਦੋਹਰੀ ਮਾਰ ਸਹਿੰਦੇ ਹਨ-ਪਹਿਲਾਂ ਜਾਨੀ ਨੁਕਸਾਨ, ਫਿਰ ਆਰਥਿਕ ਬੇਸਹਾਰਾਪਣ। ਸਰਕਾਰ ਸਿਰਫ ਉਸ ਨੂੰ 'ਕਿਸਾਨ' ਮੰਨਦੀ ਹੈ ਜਿਸ ਦੇ ਨਾਂ 'ਤੇ ਜਮੀਨ ਦੀ ਫਰਦ ਹੋਵੇ। ਕਰਜੇ ਦੀ ਗੱਲ ਕਰੀਏ ਤਾਂ ਨੈਸਨਲ ਸੈਂਪਲ ਸਰਵੇ ਅਤੇ ਨਾਬਾਰਡ ਦੇ ਅੰਕੜਿਆਂ ਅਨੁਸਾਰ ਭਾਰਤ ਵਿਚ ਲਗਪਗ ਅੱਧੇ ਖੇਤੀਬਾੜੀ ਪਰਿਵਾਰ ਕਰਜੇ ਹੇਠ ਹਨ। ਇਕ ਔਸਤ ਖੇਤੀਬਾੜੀ ਪਰਿਵਾਰ 'ਤੇ ਲਗਪਗ 70,000 ਤੋਂ 80,000 ਰੁਪਏ ਤੱਕ ਦਾ ਕਰਜਾ ਹੈ।

ਪੰਜਾਬ ਵਿਚ ਇਹ ਸੰਕਟ ਹੋਰ ਗਹਿਰਾ ਹੈ, ਜਿੱਥੇ ਕੁੱਲ ਖੇਤੀਬਾੜੀ ਕਰਜਾ ਲਗਪਗ 1.24 ਲੱਖ ਕਰੋੜ ਰੁਪਏ ਦੇ ਦਰਮਿਆਨ ਅੰਦਾਜਾ ਲਾਇਆ ਜਾਂਦਾ ਹੈ। ਡਾ. ਘੁੰਮਣ ਇਸ ਤੋਂ ਵੀ ਵੱਧ ਦਸਦੇ ਹਨ। ਦੇਸ ਪੱਧਰ 'ਤੇ ਖੇਤੀਬਾੜੀ ਲਈ ਬੈਂਕ ਕਰਜੇ ਲਗਾਤਾਰ ਵਧ ਰਹੇ ਹਨ। ਸੰਨ 2024-25 ਵਿਚ ਇਹ ਲਗਪਗ 28 ਲੱਖ ਕਰੋੜ ਰੁਪਏ ਦੇ ਨੇੜੇ ਸੀ। ਹੁਣ ਭਾਰਤ ਸਰਕਾਰ ਅਤੇ ਨਾਬਾਰਡ ਦੇ ਅੰਕੜੇ ਦੱਸਦੇ ਹਨ ਕਿ 2025-26 ਲਈ ਇਹ 30-32 ਲੱਖ ਕਰੋੜ ਰੁਪਏ ਤੋਂ ਉੱਪਰ ਜਾਣ ਦਾ ਅਨੁਮਾਨ ਹੈ। ਦੂਜੇ ਪਾਸੇ ਉਦਯੋਗਿਕ ਖੇਤਰ ਦਾ ਕਰਜਾ ਇਸ ਤੋਂ ਕਈ ਗੁਣਾ ਵੱਧ ਹੈ ਅਤੇ ਬੈਂਕਾਂ ਦੇ ਡੁੱਬੇ ਹੋਏ ਕਰਜਿਆਂ ਵਿਚ ਵੀ ਵੱਡਾ ਹਿੱਸਾ ਉਦਯੋਗਿਕ ਘਰਾਣਿਆਂ ਦਾ ਹੀ ਰਿਹਾ ਹੈ। ਪਿਛਲੇ ਦਹਾਕੇ ਵਿਚ ਬੈਂਕਾਂ ਵੱਲੋਂ 14 ਤੋਂ 15 ਲੱਖ ਕਰੋੜ ਰੁਪਏ ਦੇ ਕਰਜੇ 'ਰਾਈਟ-ਆਫ' ਕੀਤੇ ਗਏ ਹਨ ਜਿਨ੍ਹਾਂ ਵਿਚ ਵੱਡਾ ਹਿੱਸਾ ਕਾਰਪੋਰੇਟ ਖੇਤਰ ਦਾ ਹੈ। ਸਰਕਾਰ ਦਾ ਕਹਿਣਾ ਹੈ ਕਿ 'ਰਾਈਟ-ਆਫ' ਦਾ ਮਤਲਬ ਕਰਜਾ ਮਾਫ ਕਰਨਾ ਨਹੀਂ, ਸਗੋਂ ਲੇਖਾ ਪ੍ਰਕਿਰਿਆ ਹੈ ਅਤੇ ਵਸੂਲੀ ਦੀ ਕੋਸਿਸ ਜਾਰੀ ਰਹਿੰਦੀ ਹੈ ਪਰ ਕਿਸਾਨ ਜਥੇਬੰਦੀਆਂ ਇਸ ਨੂੰ ਦੋਹਰਾ ਮਾਪਦੰਡ ਮੰਨਦੀਆਂ ਹਨ ਕਿਉਂਕਿ ਛੋਟੇ ਕਰਜੇ ਲਈ ਕਿਸਾਨ ਨੂੰ ਕੁਰਕੀ ਅਤੇ ਸਮਾਜਿਕ ਬਦਨਾਮੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਸਲ ਸਮੱਸਿਆ ਸਿਰਫ ਕਰਜੇ ਦੀ ਨਹੀਂ, ਸਗੋਂ ਉਸ ਸਮਾਜਿਕ ਦਬਾਅ ਦੀ ਵੀ ਹੈ ਜੋ ਕਿਸਾਨ ਨੂੰ ਅੰਦਰੋਂ ਤੋੜ ਦਿੰਦਾ ਹੈ। ਜਦੋਂ ਬੈਂਕ ਅਧਿਕਾਰੀ ਪਿੰਡ ਵਿਚ ਆ ਕੇ ਟਰੈਕਟਰ ਜਬਤ ਕਰਦੇ ਹਨ ਜਾਂ ਮੁਨਾਦੀ ਹੁੰਦੀ ਹੈ ਤਾਂ ਇਹ ਅਪਮਾਨ ਕਈ ਵਾਰ ਮੌਤ ਤੋਂ ਵੀ ਵੱਧ ਭਾਰੀ ਪੈਂਦਾ ਹੈ। ਇਸ ਦੇ ਉਲਟ ਵੱਡੇ ਕਰਜਦਾਰਾਂ ਲਈ 'ਵਨ ਟਾਈਮ ਸੈਟਲਮੈਂਟ' ਵਰਗੇ ਵਿਕਲਪ ਮੌਜੂਦ ਹਨ।

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਸੰਸਦ ਵਿਚ ਦਿੱਤੀ ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਲਈ ਕੋਈ ਵਿਆਪਕ ਕਰਜਾ ਮਾਫੀ ਯੋਜਨਾ ਇਸ ਵੇਲੇ ਨਹੀਂ ਹੈ। ਜੇਕਰ ਰਾਜ ਸਰਕਾਰਾਂ ਚਾਹੁੰਦੀਆਂ ਹਨ ਤਾਂ ਉਹ ਆਪਣੇ ਸਰੋਤਾਂ ਨਾਲ ਅਜਿਹਾ ਕਰ ਸਕਦੀਆਂ ਹਨ। ਇਸ ਦੇ ਨਾਲ ਹੀ ਸਰਕਾਰ ਵੱਲੋਂ ਖੇਤੀਬਾੜੀ ਕਰਜੇ ਦੇ ਟੀਚਿਆਂ ਨੂੰ ਵਧਾਇਆ ਜਾ ਰਿਹਾ ਹੈ ਪਰ ਪੁਰਾਣੇ ਕਰਜੇ ਦਾ ਬੋਝ ਘਟਾਉਣ ਵੱਲ ਠੋਸ ਕਦਮ ਘੱਟ ਦਿਖਾਈ ਦਿੰਦੇ ਹਨ। ਪ੍ਰਧਾਨ ਮੰਤਰੀ ਕਿਸਾਨ ਯੋਜਨਾ ਤਹਿਤ ਦਿੱਤੇ ਜਾਣ ਵਾਲੇ 6,000 ਰੁਪਏ ਸਾਲਾਨਾ ਨੂੰ ਵੀ ਸਰਕਾਰ ਸਹਾਇਤਾ ਵਜੋਂ ਦਰਸਾਉਂਦੀ ਹੈ ਪਰ ਮਾਹਿਰਾਂ ਅਨੁਸਾਰ ਇਹ ਰਕਮ ਵਧ ਰਹੀ ਲਾਗਤ ਅਤੇ ਕਰਜੇ ਦੇ ਮੁਕਾਬਲੇ ਬੇਹੱਦ ਮਾਮੂਲੀ ਹੈ। ਇਹ ਸੰਕਟ ਦਾ ਹੱਲ ਨਹੀਂ। ਡਾ. ਘੁੰਮਣ ਆਖਦੇ ਹਨ ਕਿ ਕਰਜਾ ਮਾਫੀ ਤਾਂ ਹੋਣੀ ਹੀ ਹੋਣੀ ਚਾਹੀਦੀ ਹੈ ਪਰ ਨਾਲ ਹੀ ਜਰੂਰਤ ਖੇਤੀ ਦੀ ਲਾਗਤ ਘਟਾਉਣਾ, ਫਸਲਾਂ ਦੀ ਵਾਜਬ ਕੀਮਤ ਯਕੀਨੀ ਬਣਾਉਣਾ ਅਤੇ ਛੋਟੇ ਕਿਸਾਨਾਂ ਲਈ ਵਿਕਲਪਕ ਰੁਜਗਾਰ ਦੇ ਮੌਕੇ ਪੈਦਾ ਕਰਨਾ ਹੈ। ਉਹ ਸੁਝਾਅ ਦਿੰਦੇ ਹਨ ਕਿ ਛੋਟੇ ਕਿਸਾਨਾਂ ਨੂੰ ਮਹਿੰਗੇ ਠੇਕੇ 'ਤੇ ਜਮੀਨ ਲੈ ਕੇ ਖੇਤੀ ਕਰਨ ਦੀ ਬਜਾਏ ਹੋਰ ਹੁਨਰ ਸਿੱਖ ਕੇ ਗੈਰ-ਖੇਤੀ ਖੇਤਰਾਂ ਵਿਚ ਵੀ ਆਮਦਨ ਦੇ ਸਰੋਤ ਬਣਾਉਣੇ ਚਾਹੀਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਨਾਂ ਨੂੰ ਖੇਤੀਬਾੜੀ ਦੇ ਸੰਦ ਸਹਿਕਾਰੀ ਸਭਾਵਾਂ ਦੁਆਰਾ ਉਪਲਬਧ ਕਰਵਾਏ ਜਾਣ। ਇਸ ਤੋਂ ਇਲਾਵਾ ਉਨ੍ਹਾਂ ਲਈ ਰੁਜਗਾਰ ਦੇ ਮੌਕੇ ਦੇਣ ਲਈ ਢੁੱਕਵਾਂ ਮਾਹੌਲ ਬਣਾਉਣਾ ਚਾਹੀਦਾ ਹੈ। ਜਦ ਤੱਕ ਕਰਜੇ, ਲਾਗਤ, ਨੀਤੀਆਂ ਅਤੇ ਸਮਾਜਿਕ ਦਬਾਅ ਦੇ ਇਸ ਗੱਠਜੋੜ ਨੂੰ ਨਹੀਂ ਤੋੜਿਆ ਜਾਂਦਾ, ਤਦ ਤੱਕ ਜਸਕਰਨ ਸਿੰਘ ਅਤੇ ਜਸਵਿੰਦਰ ਸਿੰਘ ਵਰਗਿਆਂ ਦੀਆਂ ਕਹਾਣੀਆਂ ਦੁਹਰਾਈਆਂ ਜਾਂਦੀਆਂ ਰਹਿਣਗੀਆਂ ਅਤੇ ਹਰ ਵਾਰ ਕੁਝ ਹੋਰ ਘਰਾਂ ਦੇ ਚਿਰਾਗ ਬੁਝਦੇ ਰਹਿਣਗੇ।

ਗੁਰ ਕ੍ਰਿਪਾਲ ਸਿੰਘ ਅਸ਼ਕ

# ਬੱਚਿਆਂ ਦੇ ਰਿਪੋਰਟ ਕਾਰਡ

ਸਾਲਾਨਾ ਪ੍ਰੀਖਿਆਵਾਂ ਦੇ ਨਤੀਜਿਆਂ ਦਾ ਸਮਾਂ ਕਿਸੇ ਤਿਉਹਾਰ ਤੋਂ ਘੱਟ ਨਹੀਂ ਹੁੰਦਾ। ਸਕੂਲਾਂ 'ਚ ਰੌਣਕਾਂ ਹਨ, ਅਧਿਆਪਕ ਨਤੀਜੇ ਤਿਆਰ ਕਰ ਰਹੇ ਹਨ ਅਤੇ ਮਾਪੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਦੀਆਂ ਉਮੀਦਾਂ ਲੈ ਕੇ ਸਕੂਲਾਂ ਵੱਲ ਵਧ ਰਹੇ ਹਨ। ਜਦੋਂ ਬੱਚੇ ਦੇ ਹੱਥ ਵਿਚ 'ਰਿਪੋਰਟ ਕਾਰਡ' ਆਉਂਦਾ ਹੈ ਤਾਂ ਉਹ ਸਿਰਫ ਇਕ ਕਾਗਜ ਦਾ ਟੁਕੜਾ ਨਹੀਂ ਹੁੰਦਾ, ਸਗੋਂ ਉਸ ਦੀ ਸਾਲ ਭਰ ਦੀ ਮਿਹਨਤ, ਉਸ ਦੇ ਸੁਪਨਿਆਂ ਅਤੇ ਉਸ ਦੀ ਸਖਸੀਅਤ ਦਾ ਲੇਖਾ-ਜੋਖਾ ਹੁੰਦਾ ਹੈ। ਅਫਸੋਸ ਦੀ ਗੱਲ ਇਹ ਹੈ ਕਿ ਸਾਡੇ ਸਮਾਜ ਵਿਚ ਰਿਪੋਰਟ ਕਾਰਡ ਨੂੰ ਸਿਰਫ ਅੰਕਾਂ ਜਾਂ ਗ੍ਰੇਡਾਂ ਦੀ ਇਕ ਸੂਚੀ ਵਜੋਂ ਹੀ ਦੇਖਿਆ ਜਾਂਦਾ ਹੈ। ਜੇ ਨੰਬਰ 90 ਫੀਸਦੀ ਹਨ ਤਾਂ ਬੱਚਾ 'ਹੁਸਿਆਰ' ਹੈ, ਜੇ 50%ਹਨ ਤਾਂ ਉਹ ਪੜ੍ਹਨ 'ਚ ਕਮਜੋਰ ਮੰਨ ਲਿਆ ਜਾਂਦਾ ਹੈ। ਕੀ ਬੱਚੇ ਦੀ ਕਾਬਲੀਅਤ ਨੂੰ ਸਿਰਫ ਇਨ੍ਹਾਂ ਕੁਝ ਅੰਕਾਂ ਨਾਲ ਮਾਪਿਆ ਜਾ ਸਕਦਾ ਹੈ? ਬਿਲਕੁਲ ਨਹੀਂ। ਮੇਰਾ ਨਿੱਜੀ ਤਜਰਬਾ ਰਿਹਾ ਹੈ ਕਿ ਹਰ ਬੱਚਾ ਪੜ੍ਹਾਈ ਵਿਚ ਇੱਕੋ ਜਿਹਾ ਨਹੀਂ ਹੋ ਸਕਦਾ ਤੇ ਇਹ ਕੁਦਰਤੀ ਵੀ ਹੈ। ਰੱਬ ਨੇ ਹਰ ਮਨੁੱਖ ਨੂੰ ਵੱਖਰਾ ਬਣਾਇਆ ਹੈ। ਜਿਵੇਂ ਬਾਗ 'ਚ ਹਰ ਫੁੱਲ ਦੀ ਮਹਿਕ ਤੇ ਰੰਗ ਵੱਖਰਾ ਹੁੰਦਾ ਹੈ, ਉਵੇਂ ਹੀ ਹਰ ਬੱਚੇ ਦਾ ਹੁਨਰ ਵੀ ਵੱਖਰਾ ਹੁੰਦਾ ਹੈ।

ਕਈ ਵਾਰ ਅਸੀਂ ਦੇਖਦੇ ਹਾਂ ਕਿ ਜਿਹੜੇ ਬੱਚੇ ਗਣਿਤ ਜਾਂ ਵਿਗਿਆਨ 'ਚ ਥੋੜ੍ਹੇ ਕਮਜੋਰ ਹੁੰਦੇ ਹਨ, ਉਹ ਖੇਡਾਂ ਦੇ ਮੈਦਾਨ 'ਚ ਕਮਾਲ ਕਰਦੇ ਹਨ। ਇਕ ਹੋਰ ਅਹਿਮ ਗੱਲ ਇਹ ਹੈ ਕਿ ਸਿਰਫ ਪੜ੍ਹਾਈ ਵਿਚ ਅੱਵਲ ਰਹਿਣ ਵਾਲੇ ਬੱਚਿਆਂ ਵਿਚ ਹੀ ਹਮੇਸਾ ਅਗਵਾਈ ਦਾ ਗੁਣ ਹੋਵੇ, ਇਹ ਜਰੂਰੀ ਨਹੀਂ। ਕਈ ਵਾਰ ਜਮਾਤ ਦਾ ਇਕ 'ਔਸਤ' ਬੱਚਾ ਪੂਰੀ ਜਮਾਤ ਨੂੰ ਇਕਜੁੱਟ ਰੱਖਣ ਦੀ ਕਾਬਲੀਅਤ ਰੱਖਦਾ ਹੈ। ਉਹ ਦੂਜਿਆਂ ਦੀ ਮਦਦ ਲਈ ਹਮੇਸਾ ਤਿਆਰ ਰਹਿੰਦਾ ਹੈ, ਕਿਸੇ ਮੁਸੀਬਤ ਵੇਲੇ ਸਭ ਤੋਂ ਪਹਿਲਾਂ ਅੱਗੇ ਆਉਂਦਾ ਹੈ ਅਤੇ ਉਸ ਵਿਚ ਫੈਸਲੇ ਲੈਣ ਦੀ ਗਜਬ ਦੀ ਸਕਤੀ ਹੁੰਦੀ ਹੈ। ਇਹ ਸਮਾਜਿਕ ਗੁਣ ਹੀ ਤਾਂ ਅਸਲ ਜਿੰਦਗੀ ਵਿਚ



ਕਾਮਯਾਬੀ ਦੀ ਕੁੰਜੀ ਹਨ। ਜਦੋਂ ਇਕ ਰਿਪੋਰਟ ਕਾਰਡ ਅੰਕਾਂ ਦੀਆਂ ਸੀਮਾਵਾਂ ਨੂੰ ਤੋੜ ਕੇ ਬੱਚੇ ਦੇ ਅਜਿਹੇ 'ਲੀਡਰਸਿਪ' ਵਾਲੇ ਗੁਣਾਂ ਦੀ ਗੱਲ ਕਰਦਾ ਹੈ ਤਾਂ ਬੱਚੇ ਨੂੰ ਆਪਣੀ ਸਵੈ-ਪਛਾਣ ਕਰਨ ਵਿਚ ਮਦਦ ਮਿਲਦੀ ਹੈ। ਸਾਡੇ ਸਕੂਲਾਂ ਵਿਚ ਕਈ ਬੱਚੇ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਦਾ ਲਗਾਅ ਕੁਦਰਤ ਨਾਲ ਬਹੁਤ ਜਿਆਦਾ ਹੁੰਦਾ ਹੈ।

ਉਹ ਸਕੂਲ ਦੇ ਬਗੀਚੇ ਵਿਚ ਪੌਦਿਆਂ ਦੀ ਦੇਖਭਾਲ ਬੜੀ ਰੀਝ ਨਾਲ ਕਰਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਕਿਹੜੇ ਫੁੱਲ ਨੂੰ ਕਿੰਨਾ ਪਾਣੀ ਚਾਹੀਦਾ ਹੈ ਤੇ ਕਿਹੜੇ ਬੂਟੇ ਨੂੰ ਧੁੱਪ ਦੀ ਲੋੜ ਹੈ। ਇਹ ਸੰਵੇਦਨਸੀਲਤਾ ਤੇ ਜਿੰਮੇਵਾਰੀ ਦਾ ਅਹਿਸਾਸ ਵੀ ਤਾਂ ਇਕ ਵੱਡੀ ਪ੍ਰਾਪਤੀ ਹੈ। ਜਦੋਂ ਰਿਪੋਰਟ ਕਾਰਡ ਵਿਚ ਬੱਚੇ ਦੀ ਇਸ ਸੇਵਾ ਭਾਵਨਾ ਅਤੇ ਸਮਾਜਿਕ ਕੰਮਾਂ ਵਿਚ ਉਸ ਦੀ ਸਮੂਲੀਅਤ ਦਾ ਜਿਕਰ ਹੁੰਦਾ ਹੈ ਤਾਂ ਉਹ ਬੱਚਾ ਹੋਰ ਵੀ ਉਤਸਾਹ ਨਾਲ ਅੱਗੇ ਵਧਦਾ ਹੈ। ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਦਾ ਹੁਨਰ ਅਣਗੌਲਿਆ ਨਹੀਂ ਗਿਆ। ਜਦੋਂ ਰਿਪੋਰਟ ਕਾਰਡ ਸਿਰਫ ਨੰਬਰਾਂ ਤੱਕ ਸੀਮਤ ਰਹਿ ਜਾਂਦਾ ਹੈ ਤਾਂ ਉਹ ਬੱਚੇ ਜੋ ਪੜ੍ਹਾਈ ਤੋਂ ਇਲਾਵਾ ਹੋਰ ਗਤੀਵਿਧੀਆਂ ਵਿਚ ਮਾਹਰ ਹਨ, ਆਪਣੇ-ਆਪ ਨੂੰ ਘੱਟ ਸਮਝਣ ਲੱਗ ਪੈਂਦੇ ਹਨ। ਜੇ ਰਿਪੋਰਟ ਕਾਰਡ ਵਿਚ ਉਨ੍ਹਾਂ ਦੀ ਕਲਾ, ਸੰਗੀਤ, ਖੇਡਾਂ, ਅਨੁਸਾਸਨ ਅਤੇ ਵਿਵਹਾਰ ਨੂੰ ਵੀ ਬਰਾਬਰ ਦੀ ਅਹਿਮੀਅਤ ਦਿੱਤੀ ਜਾਵੇ ਤਾਂ ਉਹ ਬੱਚੇ ਦੂਣੇ ਉਤਸਾਹ ਨਾਲ ਕੰਮ ਕਰਦੇ ਹਨ। ਉਹ ਸਮਝ ਜਾਂਦੇ ਹਨ ਕਿ ਹਰ ਮਨੁੱਖ ਦੀ ਆਪਣੀ ਇਕ ਕੀਮਤ ਹੁੰਦੀ ਹੈ। ਇੱਥੇ ਮਾਪਿਆਂ ਦੀ ਭੂਮਿਕਾ ਵੀ ਬਹੁਤ ਅਹਿਮ ਹੋ ਜਾਂਦੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਰਿਪੋਰਟ ਕਾਰਡ ਨੂੰ ਸਿਰਫ ਨੰਬਰਾਂ ਦੇ ਚਸ਼ਮੇ ਨਾਲ ਨਾ ਦੇਖਣ। ਜੇ ਬੱਚੇ ਦੇ ਨੰਬਰ ਥੋੜ੍ਹੇ ਘੱਟ ਵੀ ਹਨ, ਪਰ ਉਸ ਨੇ ਖੇਡਾਂ ਵਿਚ ਤਗਮਾ ਜਿੱਤਿਆ ਹੈ ਜਾਂ ਉਸ ਦਾ ਅਧਿਆਪਕ ਉਸ ਦੇ ਵਿਵਹਾਰ ਦੀ ਸਲਾਘਾ ਕਰਦਾ ਹੈ, ਤਾਂ ਇਹ ਵੱਡੀ ਜਿੱਤ ਹੈ।

ਸਾਨੂੰ ਇਹ ਸਮਝਣਾ ਪਵੇਗਾ ਕਿ ਅੱਜ ਦੀ ਭੱਜ-ਦੌੜ ਵਾਲੀ ਜਿੰਦਗੀ ਵਿਚ ਸਿਰਫ ਕਿਤਾਬੀ ਗਿਆਨ ਕਾਫੀ ਨਹੀਂ ਹੈ। ਸਫਲ ਉਹੀ ਹੈ ਜਿਸ ਦੀ ਸਖਸੀਅਤ ਦਾ ਸਰਬਪੱਖੀ ਵਿਕਾਸ ਹੋਇਆ ਹੋਵੇ। ਜਿਹੜੇ ਬੱਚੇ ਸਮਾਜਿਕ ਕੰਮਾਂ ਵਿਚ ਅੱਗੇ ਹਨ ਜਾਂ ਜਿਨ੍ਹਾਂ ਵਿਚ ਮਾਨਵੀ ਕਦਰਾਂ-ਕੀਮਤਾਂ ਕੁੱਟ-ਕੁੱਟ ਕੇ ਭਰੀਆਂ ਹੋਈਆਂ ਹਨ, ਉਹ ਕੱਲ੍ਹ ਨੂੰ ਦੇਸ ਦੇ ਜਿੰਮੇਵਾਰ ਨਾਗਰਿਕ ਬਣਨਗੇ। ਰਿਪੋਰਟ ਕਾਰਡ ਦਾ ਮਕਸਦ ਬੱਚੇ ਨੂੰ ਡਰਾਉਣਾ ਨਹੀਂ ਸਗੋਂ ਉਸ ਨੂੰ ਆਪਣੇ-ਆਪ ਨਾਲ ਮਿਲਾਉਣਾ ਹੋਣਾ ਚਾਹੀਦਾ ਹੈ। ਇਹ ਕਹਿਣਾ ਬਿਲਕੁਲ ਸਹੀ ਹੋਵੇਗਾ ਕਿ ਰਿਪੋਰਟ ਕਾਰਡ ਬੱਚੇ ਦੇ ਭਵਿੱਖ ਦਾ ਰੋਡਮੈਪ ਹੈ। ਇਸ ਨੂੰ ਅਜਿਹਾ ਬਣਾਇਆ ਜਾਵੇ ਕਿ ਇਹ ਬੱਚੇ ਨੂੰ ਖੁਸੀ ਦੇਵੇ, ਨਾ ਕਿ ਉਸ 'ਤੇ ਮਾਨਸਿਕ ਬੋਝ ਪਾਵੇ। ਜਦੋਂ ਰਿਪੋਰਟ ਕਾਰਡ ਅੰਕਾਂ ਤੋਂ ਉੱਪਰ ਉੱਠ ਕੇ ਬੱਚੇ ਦੇ ਅੰਦਰਲੇ ਹੁਨਰ ਦੀ ਗੱਲ ਕਰੇਗਾ ਤਾਂ ਸਾਡੇ ਸਕੂਲਾਂ 'ਚੋਂ ਸਿਰਫ 'ਵਿਦਿਆਰਥੀ' ਹੀ ਨਹੀਂ, ਸਗੋਂ 'ਸੰਪੂਰਨ ਸਖਸੀਅਤਾਂ' ਬਾਹਰ ਆਉਣਗੀਆਂ।

# ਮੁਕਤ ਵਪਾਰ ਸਮਝੌਤਿਆਂ ਦਾ ਮੱਕੜਜਾਲ

ਵਿਸ਼ਵੀਕਰਨ ਦੇ ਇਸ ਦੌਰ ਵਿੱਚ ਮੁਕਤ ਵਪਾਰ ਸਮਝੌਤੇ ਦੁਨੀਆ ਦੀਆਂ ਆਰਥਿਕ ਨੀਤੀਆਂ ਦਾ ਇੱਕ ਮਹੱਤਵਪੂਰਨ ਹਥਿਆਰ ਬਣ ਚੁੱਕੇ ਹਨ। ਵੱਡੀਆਂ ਆਰਥਿਕ ਸ਼ਕਤੀਆਂ ਇਹ ਦਲੀਲ ਦਿੰਦੀਆਂ ਹਨ ਕਿ ਇਨ੍ਹਾਂ ਸਮਝੌਤਿਆਂ ਰਾਹੀਂ ਵਪਾਰ ਵਧਦਾ ਹੈ, ਨਿਵੇਸ ਆਉਂਦਾ ਹੈ ਅਤੇ ਵਿਕਾਸ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਦਰਅਸਲ, ਮੁਕਤ ਵਪਾਰ ਸਮਝੌਤਿਆਂ ਦਾ ਅਸਰ ਬਹੁਤ ਵਿਆਪਕ ਹੁੰਦਾ ਹੈ। ਇੱਕ ਪਾਸੇ ਇਹ ਸਮਝੌਤੇ ਸਾਮਰਾਜੀ ਦੇਸਾਂ ਨੂੰ ਮੁਨਾਫੇ ਬਖਸਦੇ ਹਨ, ਦੂਜੇ ਪਾਸੇ ਵਿਕਾਸਸੀਲ ਅਤੇ ਪੱਛੜੇ ਦੇਸਾਂ ਦੀ ਲੁੱਟ ਦਾ ਸਾਧਨ ਵੀ ਬਣਦੇ ਹਨ। ਇਹ ਕਿਸਾਨੀ, ਛੋਟੇ ਉਦਯੋਗਾਂ, ਮਜਦੂਰ ਵਰਗ ਅਤੇ ਦੇਸ ਦੀ ਆਰਥਿਕ ਖੁਦਮੁਖਤਿਆਰੀ ਉੱਤੇ ਵੀ ਡੂੰਘਾ ਪ੍ਰਭਾਵ ਪਾਉਂਦੇ ਹਨ। ਭਾਰਤ ਦੇ ਲੋਕਾਂ ਲਈ ਇਹ ਸਵਾਲ ਹੋਰ ਵੀ ਗੰਭੀਰ ਬਣ ਜਾਂਦਾ ਹੈ ਕਿ ਕੀ ਮੁਕਤ ਵਪਾਰ ਸਮਝੌਤੇ ਸੱਚਮੁੱਚ ਵਿਕਾਸ ਦਾ ਰਾਹ ਖੋਲ੍ਹਦੇ ਹਨ ਜਾਂ ਫਿਰ ਇਹ ਸਿਰਫ ਵੱਡੀਆਂ ਬਹੁਕੌਮੀ ਕੰਪਨੀਆਂ ਅਤੇ ਸਾਮਰਾਜੀ ਦੇਸਾਂ ਦੇ ਹਿੱਤਾਂ ਨੂੰ ਹੀ ਮਜਬੂਤ ਕਰਦੇ ਹਨ? ਇਸ ਪ੍ਰਸੰਗ ਵਿੱਚ ਅੱਜ ਜਦੋਂ ਨਵੇਂ ਮੁਕਤ ਵਪਾਰ ਸਮਝੌਤਿਆਂ ਦੀ ਗੱਲਬਾਤ ਤੇਜ ਹੋ ਰਹੀ ਹੈ ਤਾਂ ਇਹ ਲਾਜਮੀ ਹੈ ਕਿ ਇਨ੍ਹਾਂ ਦੇ ਅਸਲ ਮਕਸਦ ਅਤੇ ਸੰਭਾਵਿਤ ਪ੍ਰਭਾਵਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ।

ਇਹ ਸਮਝੌਤੇ ਕੋਈ ਅਚਾਨਕ ਨਹੀਂ ਹੋਣ ਲੱਗੇ, ਸਗੋਂ ਇਨ੍ਹਾਂ ਦਾ ਮੁੱਢ ਬਹੁਤ ਪਹਿਲਾਂ ਬੱਝਿਆ। ਅਸਲ ਵਿੱਚ ਹਕੀਕਤ ਇਹ ਹੈ ਕਿ ਭਾਰਤ ਪਹਿਲਾਂ ਬਰਤਾਨਵੀ ਸਾਮਰਾਜੀਆਂ ਦੇ ਸਿੱਧੇ ਗਲਬੇ ਹੇਠ ਸੀ ਤੇ 1947 ਤੋਂ ਬਾਅਦ ਬਰਤਾਨਵੀ ਸਾਮਰਾਜੀਆਂ ਸਮੇਤ 25 ਛੋਟੇ ਵੱਡੇ ਸਾਮਰਾਜੀ ਦੇਸ ਇਸ ਨੂੰ ਲੁੱਟਦੇ ਆ ਰਹੇ ਹਨ। ਸਰਕਾਰ-ਪੱਖੀ ਬੁੱਧੀਜੀਵੀ ਇਸ ਸਮਝੌਤੇ ਨੂੰ ਦੇਸ ਲਈ ਲਾਹੇਵੰਦ ਦੱਸ ਰਹੇ ਹਨ, ਜਦੋਂਕਿ ਦੇਸ ਦੀਆਂ ਕਿਸਾਨ, ਮਜਦੂਰ ਅਤੇ ਮੁਲਾਜਮ ਜਥੇਬੰਦੀਆਂ ਇਨ੍ਹਾਂ ਸਮਝੌਤਿਆਂ ਦਾ ਸਖਤ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਮੁਕਤ ਵਪਾਰ ਸਮਝੌਤਾ ਨਹੀਂ ਬਲਕਿ 'ਗੁਲਾਮ ਵਪਾਰ ਸਮਝੌਤਾ' ਹੈ। ਭਾਰਤ ਦੀਆਂ ਕੇਂਦਰੀ ਸਰਕਾਰਾਂ ਪੜਾਅ-ਦਰ-ਪੜਾਅ ਸੰਨ 1991 ਦੀਆਂ ਆਰਥਿਕ ਨੀਤੀਆਂ ਲਾਗੂ ਕਰਦੀਆਂ ਆ ਰਹੀਆਂ ਹਨ ਤੇ ਮੌਜੂਦਾ ਸਰਕਾਰ ਇਨ੍ਹਾਂ ਨੀਤੀਆਂ ਨੂੰ ਪੂਰੀ ਤੇਜੀ ਨਾਲ ਲਾਗੂ ਕਰ ਰਹੀ ਹੈ। ਮੋਦੀ ਸਰਕਾਰ ਦੇ ਸ਼ਾਸਨਕਾਲ ਵਿੱਚ ਹੀ ਬਿਜਲੀ ਸੋਧ ਬਿੱਲ, ਬੀਜ ਬਿੱਲ, ਚਾਰ ਲੇਬਰ ਕੋਡ ਅਤੇ ਜੀ ਰਾਮ ਜੀ ਵਰਗੇ ਕਾਨੂੰਨ ਲਿਆਂਦੇ ਗਏ।

ਦੂਜੀ ਆਲਮੀ ਜੰਗ ਮਗਰੋਂ ਵਿਸ਼ਵ ਵਪਾਰ ਨੂੰ ਨਿਯਮਬੱਧ ਕਰਨ ਲਈ 1947 ਵਿੱਚ ਜਨਰਲ ਐਗਰੀਮੈਂਟ ਔਨ ਟੈਰਿਫਸ ਐਂਡ ਟਰੇਡ () ਬਣਾਇਆ ਗਿਆ। 1991 ਵਿੱਚ 'ਡੰਕਲ ਡਰਾਫਟ' ਨੇ ਇੱਕ ਨਵੇਂ ਢਾਂਚੇ ਦੀ ਬੁਨਿਆਦ ਰੱਖੀ। ਇਹ ਨੀਤੀਆਂ ਭਾਰਤ ਅੰਦਰ ਸਾਮਰਾਜੀ ਲੁੱਟ-ਖਸੁੱਟ ਦੇ ਪੰਜੇ ਨੂੰ ਹੋਰ ਮਜਬੂਤ ਕਰਨ ਦਾ ਜਰੀਆ ਬਣ ਰਹੀਆਂ ਸਨ ਜਿਵੇਂ ਸਬਸਿਡੀਆਂ ਘਟਾਉਣ ਦਾ ਦਬਾਅ,



ਵਿਕਾਸਸੀਲ ਦੇਸਾਂ ਲਈ ਐੱਮ ਐੱਸ ਪੀ, ਪਬਲਿਕ ਡਿਸਟ੍ਰੀਬਿਊਸਨ ਸਿਸਟਮ (ਪੀ ਡੀ ਐੱਸ) ਖਤਮ ਕਰਨ ਲਈ ਦਬਾਅ ਅਤੇ ਸਸਤੀ ਦਰਾਮਦ ਨਾਲ ਦੇਸੀ ਕਿਸਾਨਾਂ ਨੂੰ ਨੁਕਸਾਨ ਪਹੁੰਚਾਉਣਾ। ਇਸ ਤੋਂ ਬਾਅਦ ਪਹਿਲੀ ਜਨਵਰੀ 1995 ਨੂੰ ਵਰਲਡ ਟਰੇਡ ਆਰਗਨਾਈਜੇਸਨ (ਡਬਲਿਊ ਟੀ ਓ) ਦੀ ਸਥਾਪਨਾ ਹੋਈ, ਜਿਸ ਨਾਲ ਮੁਕਤ ਵਪਾਰ ਸਮਝੌਤੇ (ਐੱਫ ਟੀ ਏਜ) ਤੇਜੀ ਨਾਲ ਵਧੇ।

ਰੂਸ ਅਤੇ ਯੂਕਰੇਨ ਦੀ ਜੰਗ, ਇਜਰਾਈਲ-ਫਲਸਤੀਨ ਟਕਰਾਅ, ਇਰਾਨ ਨਾਲ ਸਿੱਧਾ ਟਕਰਾਅ, ਵੈਨੇਜੁਏਲਾ, ਕਿਊਬਾ ਤੇ ਲਾਤੀਨੀ ਅਮਰੀਕਾ ਉੱਤੇ ਕਬਜੇ ਵਿੱਚ ਅਮਰੀਕਾ ਦੀ ਅਹਿਮ ਭੂਮਿਕਾ ਰਹੀ ਹੈ। ਅਮਰੀਕੀ ਸਾਮਰਾਜ ਚਾਹੁੰਦਾ ਹੈ ਕਿ ਉਹ ਦੁਨੀਆ ਦੀ ਸਭ ਤੋਂ ਵੱਡੀ ਫੌਜੀ, ਆਰਥਿਕ ਅਤੇ ਰਾਜਨੀਤਿਕ ਤਾਕਤ ਬਣਿਆ ਰਹੇ। ਇਸ ਲਈ ਉਹ ਆਪਣੇ ਮੁਕਾਬਲੇ ਵਿੱਚ ਖੜ੍ਹੇ ਚੀਨ ਅਤੇ ਰੂਸ ਨੂੰ ਨਾਕਾਮ ਕਰਨਾ ਚਾਹੁੰਦਾ ਹੈ। ਅਮਰੀਕਾ ਦੁਨੀਆ ਭਰ ਦੇ ਤੇਲ, ਗੈਸ, ਸਮੁੰਦਰੀ ਰਸਤੇ ਤੇ ਹਥਿਆਰਾਂ ਦੀ ਮਾਰਕੀਟ ਉੱਪਰ ਮੁਕੰਮਲ ਕਬਜਾ ਚਾਹੁੰਦਾ ਹੈ। ਐਪਸਟੀਨ ਫਾਈਲਾਂ ਨਾਲ ਅਮਰੀਕਾ ਵਿੱਚ ਟਰੰਪ ਦੀ ਹਰਮਨ ਪਿਆਰਤਾ ਨੂੰ ਕਾਫੀ ਖੋਰਾ ਲੱਗ ਰਿਹਾ ਹੈ। ਇਸ ਤੋਂ ਲੋਕਾਂ ਦਾ ਧਿਆਨ ਭਟਕਾਉਣ ਅਤੇ ਆਰਥਿਕ ਮੰਦਵਾੜੇ ਤੋਂ ਬਚਣ ਲਈ ਟਰੰਪ ਹੁਣ ਦੂਜੇ ਦੇਸਾਂ ਦੇ ਪ੍ਰਧਾਨ ਮੰਤਰੀਆਂ ਦੀ ਸੰਘੀ ਨੱਪ ਕੇ ਸਮਝੌਤੇ ਕਰਾ ਰਿਹਾ ਹੈ। ਵਿਕਸਿਤ ਦੇਸਾਂ ਦੇ ਕਾਰਪੋਰੇਟ ਘਰਾਣਿਆਂ ਦੀ ਵੀ ਇਹੀ ਲੋੜ ਹੈ ਕਿ ਦੱਬੇ-ਕੁਚਲੇ ਦੇਸਾਂ ਵਿੱਚ ਉਹ ਆਪਣੇ ਤਿਆਰ ਸਾਮਾਨ ਲਈ ਬਾਜਾਰ ਵਿਕਸਿਤ ਕਰ ਸਕਣ।

ਸਾਮਰਾਜੀ ਮੁਲਕਾਂ ਦੇ ਆਗੂ ਤੀਜੀ ਦੁਨੀਆ ਦੇ ਮੁਲਕਾਂ 'ਚ ਆਪਣੇ ਮੁਨਾਫੇ ਲਈ ਗਲਬੇ ਨੂੰ ਹੋਰ ਮਜਬੂਤ ਕਰਨ ਲਈ ਆਪਣੀਆਂ ਸਾਮਰਾਜੀ ਏਜੰਸੀਆਂ ਡਬਲਿਊ ਟੀ ਓ, ਆਈ ਐੱਮ ਐੱਫ ਤੇ ਵਿਸ਼ਵ ਬੈਂਕ ਰਾਹੀਂ ਸਿੱਧੇ ਕੰਟਰੋਲ ਨੂੰ ਸਥਾਪਿਤ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਨਵੇਂ ਕਾਨੂੰਨ ਅਤੇ ਵਪਾਰਕ ਨੀਤੀਆਂ ਲਿਆ ਰਹੇ ਹਨ। ਇਨ੍ਹਾਂ ਨੀਤੀਆਂ ਤਹਿਤ ਹੀ ਖੁੱਲ੍ਹੀ ਮੰਡੀ ਹੋਂਦ ਵਿੱਚ ਆਈ ਹੈ, ਜਿਸ ਦਾ ਪ੍ਰਚਾਰ ਧੂਮ-ਧੜੱਕੇ ਨਾਲ ਕੀਤਾ ਜਾ ਰਿਹਾ ਹੈ। ਅਮਰੀਕੀ ਸਾਮਰਾਜ ਚਾਹੁੰਦਾ ਹੈ ਕਿ ਉਸ ਦਾ ਮਾਲ ਬਿਨਾਂ ਕਿਸੇ ਟੈਕਸ ਤੇ ਹੋਰ ਰੋਕਾਂ ਤੋਂ ਦੂਜੇ ਦੇਸਾਂ ਵਿੱਚ ਵੇਚਣ ਦੀ ਖੁੱਲ੍ਹ ਹੋਵੇ। ਡਬਲਿਊ ਟੀ ਓ ਰਾਹੀਂ ਟੈਕਸ ਸਿਫਰ ਕਰਨ ਲਈ ਭਾਰਤ ਨਾਲ ਲੰਮੇ ਸਮੇਂ ਤੋਂ ਗੱਲਬਾਤ ਦਾ ਗੇੜ ਚਲਾਇਆ ਗਿਆ, ਜਿਸ ਵਿੱਚ ਤੈਅ ਹੋਇਆ ਕਿ ਅਮਰੀਕਾ ਭਾਰਤੀ ਸਾਮਾਨ 'ਤੇ 18 ਫੀਸਦੀ ਟੈਰਿਫ ਲਾਵੇਗਾ ਅਤੇ ਭਾਰਤ ਵਿੱਚ ਅਮਰੀਕਾ ਦਾ ਸਮਾਨ 0 ਫੀਸਦੀ ਟੈਰਿਫ 'ਤੇ ਆਵੇਗਾ। ਅਮਰੀਕਾ ਵੱਲੋਂ ਨਾਲ ਹੀ ਇਹ ਹਦਾਇਤ ਵੀ ਲਾਗੂ ਕੀਤੀ ਗਈ ਕਿ ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਦਾ ਸਾਮਾਨ ਖਰੀਦੇਗਾ। ਇਹ ਸਮਝੌਤੇ ਇਸੇ ਸਾਮਰਾਜੀ ਖੁੱਲ੍ਹੀ ਮੰਡੀ ਦੇ ਫਲਸਫੇ 'ਤੇ ਆਧਾਰਿਤ ਹਨ, ਜਿਨ੍ਹਾਂ ਦਾ ਪ੍ਰਭਾਵ ਭਾਰਤ ਦੇ ਕਿਸਾਨਾਂ, ਮਜਦੂਰਾਂ ਤੇ ਛੋਟੇ ਵਪਾਰੀਆਂ 'ਤੇ ਇਸ ਤਰ੍ਹਾਂ ਪੈ ਸਕਦਾ ਹੈ:

- ਅਗਸਤ 2025 ਵਿੱਚ ਅਮਰੀਕਾ ਤੋਂ ਆਉਣ ਵਾਲੇ ਨਰਮੇ 'ਤੇ ਟੈਕਸ ਸਿਫਰ ਕਰ ਦੇਣ ਨਾਲ ਕੱਪੜਾ ਮਿੱਲਾਂ ਵਾਲਿਆਂ ਨੇ ਆਪਣੀ ਲੋੜ ਅਨੁਸਾਰ ਅਮਰੀਕਾ ਦਾ ਸਸਤਾ ਨਰਮਾ ਖਰੀਦ ਕੇ ਸਟੋਰ ਕਰ ਲਿਆ, ਜਿਸ ਨਾਲ ਭਾਰਤੀ ਕਿਸਾਨਾਂ ਦਾ ਨਰਮਾ ਮੰਦੇ ਭਾਅ ਰਹਿ ਗਿਆ।
- ਡੀ ਡੀ ਜੀ ਜਾਂ ਸੁੱਕੇ ਡਿਸਟਿਲਡ ਅਨਾਜ ਵਜੋਂ ਮੱਕੀ 'ਤੇ ਡਿਊਟੀ ਟੈਕਸ ਨਹੀਂ ਲਗਾਇਆ ਜਾਵੇਗਾ। ਭਾਰਤ ਹੁਣ ਤੱਕ ਪੰਜ ਲੱਖ ਟਨ ਤੱਕ ਮੱਕੀ ਦੀ ਦਰਾਮਦ 'ਤੇ 15 ਫੀਸਦੀ ਡਿਊਟੀ ਅਤੇ ਕਿਸੇ ਵੀ ਵੱਧ ਦਰਾਮਦ 'ਤੇ 50 ਫੀਸਦੀ ਡਿਊਟੀ ਲੈਂਦਾ ਹੈ। ਇਹ ਡਿਊਟੀ ਘਟਾ ਕੇ ਜ਼ੀਰੋ ਕਰ ਦਿੱਤੀ ਜਾਵੇਗੀ, ਜਿਸ ਨਾਲ 120 ਲੱਖ ਮੱਕੀ ਉਤਪਾਦਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ।
- ਅਮਰੀਕਾ ਤੋਂ ਆਉਣ ਵਾਲਾ ਸੋਇਆਬੀਨ ਦਾ ਤੇਲ 40 ਲੱਖ ਸੋਇਆਬੀਨ ਉਤਪਾਦਕ ਕਿਸਾਨਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ, ਜਿਸ ਨਾਲ ਹੋਰ ਤੇਲ ਜਿਵੇਂ ਸੂਰਜਮੁਖੀ, ਨਾਰੀਅਲ ਆਦਿ ਤੇਲਾਂ ਦੀਆਂ ਕੀਮਤਾਂ ਡਿੱਗ ਜਾਣਗੀਆਂ।
- ਇਨ੍ਹਾਂ ਵਪਾਰ ਸਮਝੌਤਿਆਂ ਅਨੁਸਾਰ ਸਾਰੇ ਫਲਾਂ, ਮੁਰੱਬਿਆਂ ਅਤੇ ਸੁੱਕੇ ਮੇਵਿਆਂ ਤੋਂ ਸਾਰੇ ਤਰ੍ਹਾਂ ਦੇ ਟੈਰਿਫ ਅਤੇ ਰੋਕਾਂ ਹਟਾ ਦਿੱਤੀਆਂ ਜਾਣਗੀਆਂ, ਜਿਸ ਨਾਲ ਭਾਰਤ ਦੇ 55 ਲੱਖ ਸੇਬ ਉਤਪਾਦਕਾਂ ਤੋਂ ਇਲਾਵਾ ਫਲ ਮੇਵੇ ਪੈਦਾ ਕਰਨ ਵਾਲੇ ਕਿਸਾਨ ਪਰਿਵਾਰ ਵੱਡੇ ਸੰਕਟ ਵਿੱਚ ਫਸ ਜਾਣਗੇ।

ਅੰਤਰਿਮ ਸਮਝੌਤੇ ਵਿੱਚ ਦਰਜ ਕੀਤੇ ਇਹ ਸਬਦ "ਭੋਜਨ ਅਤੇ ਖੇਤੀਬਾੜੀ ਉਤਪਾਦਾਂ ਨਾਲ ਸਬੰਧਿਤ 'ਗੈਰ-ਟੈਰਿਫ ਰੋਕਾਂ' ਹਟਾ ਦਿੱਤੀਆਂ ਜਾਣਗੀਆਂ" ਬਹੁਤ ਹੀ ਘਾਤਕ ਹਨ।

ਵਿਕਸਿਤ ਮੁਲਕਾਂ ਨੇ ਵਿਸ਼ਵੀਕਰਨ ਦੀ ਇੱਕ ਨਵੀਂ ਲਹਿਰ ਦੀ ਅਗਵਾਈ ਕੀਤੀ ਹੈ। ਭਾਰਤ ਸਮੇਤ ਏਸੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਸਣੇ ਦੁਨੀਆ ਭਰ ਦੇ ਗਰੀਬ ਮੁਲਕਾਂ ਵਿੱਚ ਕੌਮਾਂਤਰੀ ਮੁਦਰਾ ਕੋਸ ਤੇ ਸੰਸਾਰ ਬੈਂਕ ਵੱਲੋਂ ਥੋਪਿਆ ਗਿਆ 'ਢਾਂਚਾਗਤ ਤਬਦੀਲੀ ਪ੍ਰੋਗਰਾਮ' ਲਾਗੂ ਕੀਤਾ ਗਿਆ। ਇਹ ਇੱਕ ਸਾਮਰਾਜੀ ਪ੍ਰੋਗਰਾਮ ਸੀ, ਜੋ ਅਮਰੀਕਾ ਦੇ ਮੁਨਾਫੇ ਦੇ ਹਿੱਤਾਂ ਅਨੁਸਾਰ ਖੇਤੀ ਤੇ ਹੋਰ ਧੰਦਿਆਂ ਲਈ ਬਣਾਇਆ ਗਿਆ ਸੀ। ਇਸ ਪ੍ਰੋਗਰਾਮ ਦੀਆਂ ਨੀਤੀਆਂ ਅਧੀਨ ਪੇਂਡੂ ਸਬਸਿਡੀਆਂ ਅਤੇ ਭਲਾਈ ਪ੍ਰੋਗਰਾਮ ਵਿੱਚ ਕਟੌਤੀਆਂ ਕੀਤੀਆਂ ਗਈਆਂ, ਜੋ ਮਿਹਨਤਕਸ ਤਬਕੇ ਲਈ ਤਕਲੀਫਦੇਹ ਸਾਬਿਤ ਹੋਈਆਂ ਹਨ। ਸਾਮਰਾਜੀ ਵਿਸ਼ਵੀਕਰਨ ਪ੍ਰੋਗਰਾਮ ਵਿਸ਼ਵ ਵਪਾਰ ਸੰਸਥਾ, ਸੰਸਾਰ ਬੈਂਕ ਅਤੇ ਵਿਸਵ ਮੁਦਰਾ ਕੋਸ ਜਿਹੀਆਂ ਸੰਸਥਾਵਾਂ ਰਾਹੀਂ ਖੇਤੀ ਧੰਦੇ ਵਿਚ ਲੁੱਟ ਨੂੰ ਤੇਜੀ ਨਾਲ ਅੱਗੇ ਵਧਾਉਣ ਦਾ ਏਜੰਡਾ ਹੈ। ਮੰਡੀ ਨੂੰ ਖੋਲ੍ਹਣ ਲਈ ਵਿਕਾਸਸੀਲ ਦੇਸ ਅਤੇ ਦੱਬੇ-ਕੁਚਲੇ ਮੁਲਕਾਂ ਉੱਪਰ ਦਬਾਅ ਬਣਾਇਆ ਜਾ ਰਿਹਾ ਹੈ। ਵਿਸਵੀਕਰਨ ਦੀਆਂ ਨੀਤੀਆਂ ਨਵੀਂ ਖੇਤੀ ਮਸੀਨਰੀ, ਟੈਕਨੋਲੋਜੀ, ਸਾਮਰਾਜੀ ਪੂੰਜੀ ਅਤੇ ਖੇਤੀ ਤਬਦੀਲੀ ਰਾਹੀਂ ਖੇਤੀ ਧੰਦੇ ਦੀ ਢਾਂਚਾਗਤ ਤਬਦੀਲੀ ਕਰਕੇ ਰਵਾਇਤੀ ਅਤੇ ਗੁਜਾਰੇ ਦੀ ਖੇਤੀ ਨੂੰ ਖਤਮ ਕਰਨ ਵੱਲ ਸੇਧਿਤ ਹਨ। ਸਾਮਰਾਜ ਕੌਮਾਂਤਰੀ ਪੱਧਰ 'ਤੇ ਵਿੱਤੀ ਸਰਮਾਏ ਦੇ ਗਲਬੇ ਰਾਹੀਂ ਦਬੇ-ਕੁਚਲੇ ਮੁਲਕਾਂ ਦੀ ਆਰਥਿਕਤਾ ਨੂੰ ਕਮਜੋਰ ਕਰਦਾ ਹੈ ਤੇ ਉਨ੍ਹਾਂ ਨੂੰ ਆਪਣੇ ਹਿੱਤਾਂ ਅਨੁਸਾਰ ਲੁੱਟਦਾ ਹੈ। ਸਾਮਰਾਜ ਬਹੁਤ ਸਾਰੇ ਢੰਗਾਂ ਰਾਹੀਂ ਤੀਜੀ ਦੁਨੀਆ ਦੇ ਮੁਲਕਾਂ 'ਚ ਘੁਸਪੈਠ ਤੇ ਲੁੱਟ-ਖਸੁੱਟ ਕਰਕੇ ਆਪਣਾ ਗਲਬਾ ਕਾਇਮ ਕਰਦਾ ਹੈ ਜਿਵੇਂ ਦੂਜੇ ਦੇਸਾਂ ਵਿੱਚ ਆਪਣੇ ਕਾਰਖਾਨੇ ਲਾਉਣੇ, ਸਰਕਾਰਾਂ ਨੂੰ ਕਰਜੇ ਦੇਣੇ, ਵਿਦੇਸੀ ਸਹਾਇਤਾ, ਤਕਨੀਕ, ਹਥਿਆਰਾਂ ਦੀ ਵੇਚ, ਸਰਕਾਰੀ ਅਤੇ ਫੌਜੀ ਅਮਲੇ ਦੀ ਸਿਖਲਾਈ ਅਤੇ ਹੋਰ ਤਰੀਕਿਆਂ ਰਾਹੀਂ ਸਾਮਰਾਜ ਇਨ੍ਹਾਂ ਮੁਲਕਾਂ ਵਿੱਚ ਲੁੱਟ-ਖਸੁੱਟ ਅਤੇ ਦਾਬਾ ਹਾਸਲ ਕਰਦਾ ਹੈ। ਆਰਥਿਕ ਪੱਖੋਂ ਕਮਜੋਰ ਕੌਮਾਂ ਨਾਲ ਸਾਮਰਾਜ ਦਾ ਰਿਸਤਾ ਇਨ੍ਹਾਂ ਮੁਲਕਾਂ ਨੂੰ ਹੋਰ ਨਿਘਾਰ ਵੱਲ ਹੀ ਲਿਜਾ ਸਕਦਾ ਹੈ। ਸਾਮਰਾਜ ਨੂੰ ਇੱਕ ਅਜਿਹੇ ਨਵ-ਬਸਤੀ ਮੁਲਕ ਦੀ ਲੋੜ ਹੁੰਦੀ ਹੈ, ਜਿੱਥੇ ਲੋਕਾਂ ਨੂੰ ਦਬਾਇਆ ਜਾ ਸਕੇ। ਸਾਮਰਾਜ ਲਈ ਇਨ੍ਹਾਂ ਮੁਲਕਾਂ ਵਿੱਚ ਸੁਰੂਆਤੀ ਨੁਕਤਾ ਮੁਨਾਫਾ ਕਮਾਉਣਾ ਅਤੇ ਗਲਬਾ ਸਥਾਪਿਤ ਕਰਨਾ ਹੈ।

ਜੇਕਰ ਅਮਰੀਕਾ ਤੋਂ ਭੋਜਨ ਅਤੇ ਖੇਤੀ ਨਾਲ ਸਬੰਧਿਤ ਵਸਤਾਂ ਬਿਨਾਂ ਕਿਸੇ ਰੋਕ-ਟੋਕ ਤੋਂ ਭਾਰਤ ਵਿੱਚ ਆਉਣਗੀਆਂ ਤਾਂ ਇਸ ਨਾਲ ਭਾਰਤ ਦੇ ਕਿਸਾਨਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਵੇਗਾ। ਇਸ ਨਾਲ ਖੇਤੀ 'ਤੇ ਨਿਰਭਰ ਮਜਦੂਰ, ਛੋਟੇ ਦੁਕਾਨਦਾਰ ਅਤੇ ਛੋਟੇ ਕਾਰੋਬਾਰੀਆਂ 'ਤੇ ਮਾੜਾ ਅਸਰ ਪਵੇਗਾ। ਭਾਰਤ ਦੇ ਕਿਸਾਨਾਂ, ਮਜਦੂਰਾਂ ਅਤੇ ਹੋਰ ਲੋਕਾਂ ਨੇ ਖੇਤੀ ਕਾਨੂੰਨਾਂ ਅਤੇ ਮੁਕਤ ਵਪਾਰ ਸਮਝੌਤੇ ਕਾਰਨ ਖੜ੍ਹੇ ਹੋਣ ਵਾਲੇ ਖਤਰਿਆਂ ਨੂੰ ਚੰਗੀ ਤਰ੍ਹਾਂ ਭਾਂਪ ਲਿਆ ਹੈ। ਇਸ ਲਈ 'ਸੰਯੁਕਤ ਕਿਸਾਨ ਮੋਰਚੇ' ਵੱਲੋਂ ਮਜਬੂਤੀ ਨਾਲ ਬੀਜ ਬਿੱਲ, ਬਿਜਲੀ ਸੋਧ ਬਿੱਲ, ਲੇਬਰ ਕੋਡ, ਜੀ ਰਾਮ ਜੀ ਅਤੇ ਮੁਕਤ ਵਪਾਰ ਸਮਝੌਤੇ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ ਤੇ ਨਾਲ ਹੀ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੰਯੁਕਤ ਰਾਜ ਅਮਰੀਕਾ ਦੇ ਰਾਸਟਰਪਤੀ ਡੋਨਲਡ ਟਰੰਪ ਦੇ ਪੁਤਲੇ ਵੀ ਸਾੜੇ ਜਾ ਰਹੇ ਹਨ। ਦੇਸ਼ ਪੱਧਰ 'ਤੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੇ ਘਰਾਂ ਅਤੇ ਦਫਤਰਾਂ ਦੇ ਬਾਹਰ ਰੋਸ ਮੁਜਾਹਰੇ ਵੀ ਕੀਤੇ ਜਾ ਰਹੇ ਹਨ ਕਿਉਂਕਿ ਇਸ ਦੇ ਲਾਗੂ ਹੋਣ ਕਾਰਨ ਕਿਸਾਨ, ਮਜਦੂਰ ਅਤੇ ਖੇਤੀਬਾੜੀ 'ਤੇ ਨਿਰਭਰ ਛੋਟੇ ਤੇ ਦਰਮਿਆਨੇ ਵਪਾਰੀ ਇਨ੍ਹਾਂ ਸਮਝੌਤਿਆਂ ਕਾਰਨ ਤਬਾਹੀ ਦੇ ਕੰਢੇ ਪੁੱਜ ਜਾਣਗੇ।

ਪਰਦੀਪ ਮੁਸਾਹਿਬ




# ਗੈਰ-ਯਕੀਨੀ ਭਵਿੱਖ ਵਾਲੀ ਜੰਗ

ਈਰਾਨ 'ਚ ਇਸਲਾਮਿਕ ਕ੍ਰਾਂਤੀ ਤੋਂ ਬਾਅਦ ਇਤਿਹਾਸ ਨੇ ਚਾਹੇ ਹੀ ਇਕ ਨਵੀਂ ਕਰਵਟ ਲਈ ਹੋਵੇ, ਪਰ ਉਥੇ ਕੁਝ ਰਵਾਇਤਾਂ ਜਿਉਂ ਦੀਆਂ ਤਿਉਂ ਬਣੀਆਂ ਰਹੀਆਂ। ਅਜਿਹੀ ਹੀ ਇਕ ਰਵਾਇਤ ਈਰਾਨੀ ਨਵੇਂ ਸਾਲ ਨੌਰੋਜ ਨਾਲ ਜੁੜੀ ਹੋਈ ਹੈ, ਜਿਸ ਨੂੰ ਪਲਟਣ ਲਈ ਦਬਾਅ ਤਾਂ ਜਰੂਰ ਪਿਆ, ਪਰ ਉਹ ਕਾਰਗਰ ਨਹੀਂ ਰਿਹਾ। ਬਸੰਤ ਰੁੱਤ ਦੇ ਆਉਣ ਦੇ ਨਾਲ ਹੀ 21 ਮਾਰਚ ਨੂੰ ਸ਼ੁਰੂ ਹੋਣ ਵਾਲਾ ਇਹ ਪ੍ਰੋਗਰਾਮ 13 ਦਿਨਾਂ ਤੱਕ ਚੱਲਦਾ ਹੈ। ਇਸੇ ਦੌਰਾਨ ਭਾਰਤ 'ਚ ਰਵਾਇਤੀ ਨਵਾਂ ਸਾਲ, ਉਗਾਦੀ, ਗੁੜੀ ਪੜਵਾ ਤੇ ਚੇਤਰ ਨਰਾਤਿਆਂ ਦਾ ਉਤਸਵ ਵੀ ਮਨਾਇਆ ਜਾਂਦਾ ਹੈ। ਇਹ ਈਰਾਨੀ ਤੇ ਭਾਰਤੀ ਸੱਭਿਆਚਾਰ ਵਿਚਾਲੇ ਕੁਝ ਸਮਾਨਤਾਵਾਂ ਨੂੰ ਵੀ ਦਰਸਾਉਂਦਾ ਹੈ।

ਦੇਖਿਆ ਜਾਵੇ ਤਾਂ ਇਸ ਸਾਲ ਨੌਰੋਜ ਈਰਾਨ ਲਈ ਬਹੁਤ ਚੰਗਾ ਨਹੀਂ ਰਿਹਾ, ਕਿਉਂਕਿ ਅਮਰੀਕਾ ਤੇ ਇਜਰਾਈਲ ਨੇ ਉਸ ਖਿਲਾਫ ਜੰਗ ਛੇੜੀ ਹੋਈ ਹੈ। ਲਗਾਤਾਰ ਹਮਲਿਆਂ ਤੇ ਸੁਪਰੀਮ ਆਗੂਆਂ ਦੀ ਮੌਤ ਦੇ ਬਾਵਜੂਦ ਈਰਾਨੀਆਂ ਦਾ ਹੌਸਲਾ ਡਿੱਗਾ ਨਹੀਂ ਹੈ। ਸੰਭਵ ਹੈ ਕਿ ਇਸ ਪਿੱਛੇ ਕਰਬਲਾ ਦੀ ਸ਼ਹਾਦਤ ਉਨ੍ਹਾਂ ਦੀ ਪ੍ਰੇਰਣਾ ਬਣੀ ਹੈ। ਇਸਲਾਮਿਕ ਕ੍ਰਾਂਤੀ ਦੌਰਾਨ ਅਯਾਤੁੱਲਾ ਖੁਮੈਨੀ ਇਹ ਨਾਰਾ ਵੀ ਦਿਆ ਕਰਦੇ ਸਨ ਕਿ 'ਹਰ ਦਿਨ ਆਸ਼ੁਰਾ ਹੈ ਤੇ ਹਰ ਥਾਂ ਕਰਬਲਾ ਹੈ।' ਇਸ ਦਾ ਸਿੱਧਾ ਮਤਲਬ ਹੈ ਕਿ ਹਰ ਦਿਨ ਸੰਘਰਸ਼ ਹੈ ਤੇ ਹਰ ਸੰਘਰਸ਼ ਕਰਬਲਾ ਦੀ ਰਣਭੂਮੀ ਹੈ। ਅਮਰੀਕਾ ਇਜਰਾਈਲ ਦੇ ਖਿਲਾਫ ਜਾਰੀ ਇਸ ਲੜਾਈ 'ਚ ਈਰਾਨੀ ਇਸੇ ਸੰਕਲਪ ਦੇ ਨਾਲ ਵਿਰੋਧ ਦਾ ਪ੍ਰਤੀਕ ਬਣ ਕੇ ਉੱਭਰੇ ਹਨ।

ਇਸ 'ਚ ਕੋਈ ਸ਼ੱਕ ਨਹੀਂ ਕਿ ਦੁਨੀਆ ਦੀ ਸਭ ਤੋਂ ਤਾਕਤਵਰ ਅਮਰੀਕੀ ਫੌਜ ਤੇ ਇਜਰਾਈਲ ਦੇ ਸਾਂਝੇ ਹਮਲਿਆਂ 'ਚ ਈਰਾਨ ਨੂੰ ਬਹੁਤ ਨੁਕਸਾਨ ਪੁੱਜਾ ਹੈ। ਪਹਿਲਾਂ ਤੋਂ ਹੀ ਸਾਰੀਆਂ ਪਾਬੰਦੀਆਂ ਸਹਿ ਰਹੇ ਈਰਾਨ ਲਈ ਇਸ ਜੰਗ ਨੇ ਮੁਸ਼ਕਲਾਂ ਹੋਰ ਵਧਾਉਣ ਦਾ ਕੰਮ ਕੀਤਾ ਹੈ। ਉਸ ਦੇ ਪਰਮਾਣੂ ਟਿਕਾਣਿਆਂ ਤੋਂ ਲੈ ਕੇ ਸੰਵੇਦਨਸ਼ੀਲ ਅਤੇ ਰਣਨੀਤਕ ਰੂਪ ਨਾਲ ਮਹੱਤਵਪੂਰਨ ਕੇਂਦਰਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਉਸ ਦੀ ਸਿਖਰਲੀ ਲੀਡਰਸ਼ਿਪ ਦਾ ਲਗਪਗ ਸਫਾਇਆ ਹੋ ਗਿਆ ਹੈ, ਜਿਸ 'ਚ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮਨੇਈ ਤੋਂ ਲੈ ਕੇ ਬਹੁਤ ਪ੍ਰਭਾਵਸ਼ਾਲੀ ਅਲੀ ਲਾਰੀਜਾਨੀ ਵਰਗੇ ਦਿੱਗਜ ਵੀ ਸ਼ਾਮਲ ਹਨ।

ਅਜਿਹੇ ਹਾਲਾਤ 'ਚ ਸੰਭਵ ਤੌਰ 'ਤੇ ਕੋਈ ਹੋਰ ਦੇਸ਼ ਗੋਡੇ ਟੇਕ ਚੁੱਕਾ ਹੁੰਦਾ, ਪਰ ਈਰਾਨ ਨੇ ਜਬਰਦਸਤ ਪਲਟਵਾਰ ਕੀਤਾ। ਉਸ ਨੇ ਇਜਰਾਈਲ ਦੇ ਉਨ੍ਹਾਂ ਟਿਕਾਣਿਆਂ 'ਤੇ ਵੀ ਹਮਲੇ ਕੀਤੇ, ਜਿਨ੍ਹਾਂ ਬਾਰੇ ਅਜਿਹਾ ਸੋਚਿਆ ਵੀ ਨਹੀਂ ਜਾ ਸਕਦਾ ਸੀ। ਈਰਾਨ ਦੀ ਮਿਜਾਈਲ ਤੇ ਡ੍ਰੋਨ ਸਮਰੱਥਾ ਨੇ ਵੱਡੇ-ਵੱਡੇ ਰਣਨੀਤੀਕਾਰਾਂ ਨੂੰ ਵੀ ਹੈਰਾਨ ਕਰਨ ਦਾ ਕੰਮ ਕੀਤਾ। ਉਸ ਨੇ ਹੋਰਮੁਜ ਜਲ ਮਾਰਗ 'ਤੇ ਆਪਣਾ ਕੰਟਰੋਲ ਮਜਬੂਤ ਕਰ ਕੇ ਆਵਾਜਾਈ ਨੂੰ ਪ੍ਰਭਾਵਿਤ ਕੀਤਾ। ਨਾਲ ਹੀ ਖਾੜੀ ਖੇਤਰ 'ਚ ਅਮਰੀਕੀ ਸਹਿਯੋਗੀਆਂ ਤੇ ਉਨ੍ਹਾਂ ਦੀ ਜਾਇਦਾਦ ਨੂੰ ਨਿਸ਼ਾਨਾ ਬਣਾ ਕੇ ਆਪਣੇ ਹੌਸਲੇ ਦੇ ਨਾਲ ਹੀ ਮਾਰੂ ਸਮਰੱਥਾ ਦਾ ਪ੍ਰਦਰਸ਼ਨ ਕਰ ਕੇ ਇਕ



ਤਰ੍ਹਾਂ ਹਮਲਾਵਰਾਂ ਨੂੰ ਹੀ ਕੁਝ ਹੱਦ ਤੱਕ ਰੱਖਿਆਤਮਕ ਰੁਖ ਅਪਣਾਉਣ ਲਈ ਮਜਬੂਰ ਕਰ ਦਿੱਤਾ।

ਕਿਉਂਕਿ ਹੁਣ ਇਹ ਜੰਗ ਪੰਜਵੇਂ ਹਫਤੇ 'ਚ ਪ੍ਰਵੇਸ਼ ਕਰ ਗਈ ਹੈ, ਇਸ ਲਈ ਇਹ ਉਤਸੁਕਤਾ ਸੁਭਾਵਿਕ ਹੈ ਕਿ ਇਹ ਕਿਸ ਦਿਸ਼ਾ 'ਚ ਜਾ ਰਹੀ ਹੈ। ਇਹ ਸਹੀ ਹੈ ਕਿ ਅਮਰੀਕਾ-ਇਜਰਾਈਲ ਨੇ ਈਰਾਨ ਦੇ ਸੁਪਰੀਮ ਲੀਡਰ ਨੂੰ ਮਾਰ ਦਿੱਤਾ, ਪਰ ਸੱਤਾ ਦੇ ਢਾਂਚੇ 'ਚ ਉਮੀਦ ਮੁਤਾਬਕ ਤਬਦੀਲੀ ਦੀ ਉਨ੍ਹਾਂ ਦੀ ਇੱਛਾ ਨਾ ਤਾਂ ਪੂਰੀ ਹੋ ਸਕੀ ਹੈ ਤੇ ਨਾ ਪੂਰੀ ਹੁੰਦੀ ਦਿਖਾਈ ਦੇ ਰਹੀ ਹੈ। ਉਲਟਾ ਜੋ ਨਵੇਂ ਆਗੂ ਕਮਾਨ ਸੰਭਾਲ ਰਹੇ ਹਨ, ਉਹ ਪੁਰਾਣੇ ਆਗੂਆਂ ਤੋਂ ਵੀ ਜਿਆਦਾ ਕੱਟੜਤਾ ਦਿਖਾ ਰਹੇ ਹਨ। ਇਸ ਕਾਰਨ ਇਹ ਦੇਖਣਾ ਪਵੇਗਾ ਕਿ ਹਮਲਿਆਂ 'ਚ ਈਰਾਨੀ ਆਗੂਆਂ ਨੂੰ ਜਿਸ ਤਰ੍ਹਾਂ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਸ ਨਾਲ ਲੀਡਰਸ਼ਿਪ ਦੇ ਪੱਧਰ 'ਤੇ ਕੋਈ ਸੰਕਟ ਪੈਦਾ ਹੁੰਦਾ ਹੈ ਜਾਂ ਇਹ ਸਿਲਸਿਲਾ ਕੱਟੜਪੰਥੀ ਆਵਾਜਾਂ ਨੂੰ ਹੀ ਮਜਬੂਤ ਕਰਨ ਦਾ ਕੰਮ ਕਰੇਗਾ। ਜੋ ਵੀ ਹੋਵੇ, ਜੰਗ ਰੁਕਣ ਤੋਂ ਬਾਅਦ ਵੀ ਗੱਲਬਾਤ ਦਾ ਰਾਹ ਆਸਾਨ ਨਹੀਂ ਦਿਖਾਈ ਦਿੰਦਾ। ਅਮਰੀਕਾ ਵੱਲੋਂ ਗੱਲਬਾਤ ਦਾ ਦਾਅ ਚੱਲਣ ਦੀ ਗੱਲ 'ਤੇ ਈਰਾਨੀ ਖੇਮੇ ਦੀਆਂ ਪ੍ਰਤੀਕਿਰਿਆਵਾਂ ਵੀ ਇਹੀ ਸੰਕੇਤ ਦਿੰਦੀਆਂ ਹਨ।

ਇਕ ਹੱਦ ਤੱਕ ਇਹ ਸੰਭਵ ਹੈ ਕਿ ਅਮਰੀਕੀ-ਇਜਰਾਇਲੀ ਹਮਲਿਆਂ 'ਚ ਈਰਾਨੀ ਪਰਮਾਣੂ ਪ੍ਰੋਗਰਾਮ ਦਾ ਲੱਕ ਟੁੱਟ ਜਾਵੇ ਤੇ ਜਲ ਸੈਨਾ ਸੁਸਤ ਪੈ ਜਾਵੇ, ਪਰ ਈਰਾਨ ਦੀ ਡ੍ਰੋਨ ਅਤੇ ਮਿਜਾਈਲ ਸਮਰੱਥਾ ਨੇ ਖਾੜੀ ਦੇਸ਼ਾਂ ਦੇ ਸਾਹ ਰੋਕ ਕੇ ਰੱਖੇ ਹਨ। ਇੰਨਾ ਹੀ ਨਹੀਂ, ਹਿੰਦ ਮਹਾਸਾਗਰ ਸਥਿਤ ਅਮਰੀਕਾ-ਬ੍ਰਿਟੇਨ ਦੇ ਸਾਂਝੇ ਫੌਜੀ ਅੱਡੇ ਡਿਏਗੋ ਗਾਰਸ਼ੀਆ 'ਤੇ ਈਰਾਨੀ ਮਿਜਾਈਲਾਂ ਦੇ ਵਾਰ ਨੇ ਵੀ ਦਿਖਾਇਆ ਕਿ ਤਹਿਰਾਨ ਕਿੱਥੇ ਤੱਕ ਮਾਰ ਕਰਨ 'ਚ ਸਮਰੱਥ ਹੈ। ਚਾਹੇ ਹੀ ਇਹ ਲੜਾਈ ਅਮਰੀਕਾ ਤੇ ਇਜਰਾਈਲ ਮਿਲ ਕੇ ਲੜ ਰਹੇ ਹੋਣ, ਪਰ ਦੋਵਾਂ ਧਿਰਾਂ ਵਿਚਾਲੇ ਕਈ ਬਿੰਦੂਆਂ 'ਤੇ ਅਸਹਿਮਤੀ ਵੀ ਉੱਭਰੀ ਹੈ। ਈਰਾਨ ਦੇ ਸਾਊਥ ਪਾਰਸ ਤੇਲ ਅਤੇ ਗੈਸ ਖੇਤਰ 'ਤੇ ਇਜਰਾਇਲੀ ਹਮਲੇ 'ਤੇ ਅਮਰੀਕਾ ਨੇ ਸਪੱਸ਼ਟ ਰੂਪ ਨਾਲ ਕਿਹਾ ਕਿ ਇਸ ਨੂੰ ਲੈ ਕੇ ਉਸ ਨੂੰ ਵਿਸ਼ਵਾਸ 'ਚ ਨਹੀਂ ਲਿਆ ਗਿਆ। ਬਾਅਦ 'ਚ ਚਾਹੇ ਹੀ ਨੇਤਨਯਾਹੂ ਨੇ ਈਰਾਨੀ ਊਰਜਾ ਜਾਇਦਾਦਾਂ ਨੂੰ ਨਿਸ਼ਾਨਾ ਨਾ ਬਣਾਏ ਜਾਣ ਦੇ ਸੰਕੇਤ ਦਿੱਤੇ, ਪਰ ਇਹ ਤਾਂ ਸਾਹਮਣੇ ਆਇਆ ਹੀ ਕਿ ਇਜਰਾਈਲ ਨੇ ਆਪਣੀਆਂ ਯੋਜਨਾਵਾਂ ਪੂਰੀ ਤਰ੍ਹਾਂ ਸਾਂਝੀਆਂ ਨਹੀਂ ਕੀਤੀਆਂ। ਇਸ ਹਮਲੇ ਨਾਲ ਪਰੇਸ਼ਾਨ ਈਰਾਨ ਨੇ ਖਾੜੀ ਦੇਸ਼ਾਂ ਦੇ ਮੁੱਖ ਤੇਲ ਅਤੇ ਗੈਸ ਖੇਤਰਾਂ 'ਤੇ ਹਮਲੇ ਕੀਤੇ, ਜਿਸ ਤੋਂ ਬਾਅਦ ਊਰਜਾ ਸਰੋਤਾਂ ਦੀਆਂ ਕੀਮਤਾਂ ਅਸਮਾਨੀ ਚੜ੍ਹਣ ਲੱਗੀਆਂ।

ਇਸ ਜੰਗ 'ਚ ਅਮਰੀਕਾ ਤੇ ਨਾਟੋ ਸਹਿਯੋਗੀਆਂ ਵਿਚਾਲੇ ਅਸਹਿਯੋਗ ਵੀ ਸਪੱਸ਼ਟ ਰੂਪ ਨਾਲ ਦਿਖਾਈ ਦੇ ਰਿਹਾ ਹੈ। ਹੋਰਮੁਜ ਜਲਮਾਰਗ 'ਚ ਆਵਾਜਾਈ ਨੂੰ ਸੁਚਾਰੂ ਬਣਾਈ ਰੱਖਣ ਦੀ ਟਰੰਪ ਦੀ ਅਪੀਲ ਨੂੰ ਨਾਟੋ ਦੇਸ਼ਾਂ ਨੇ ਕੋਈ ਤਵੱਜੋ ਨਹੀਂ ਦਿੱਤੀ। ਪਰ ਬ੍ਰਿਟੇਨ ਹੀ ਕੁਝ ਸੀਮਤ ਸਹਿਯੋਗ ਲਈ ਅੱਗੇ ਆਇਆ। ਉਥੇ, ਈਰਾਨ ਨੇ ਚਲਾਕੀ ਵਾਲਾ ਦਾਅ ਖੇਡਦੇ ਹੋਏ ਕਿਹਾ ਕਿ ਹੋਰਮੁਜ ਜਲ ਮਾਰਗ ਸਿਰਫ ਹਮਲਾਵਰ ਦੇਸ਼ਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਛੱਡ ਕੇ ਬਾਕੀ ਸਭ ਲਈ ਤਾਂ ਖੁੱਲ੍ਹਾ ਹੈ। ਈਰਾਨ ਨੇ ਆਪਣੇ ਹਮਲਿਆਂ ਨਾਲ ਅਮਰੀਕੀ ਰੱਖਿਆ ਕਵਚ ਦੀ ਕਮਜੋਰੀ ਵੀ ਉਜਾਗਰ ਕਰ ਦਿੱਤੀ, ਜਿਸ ਦੇ ਭਰੋਸੇ ਖਾੜੀ ਦੇਸ਼ ਬੈਠੇ ਰਹੇ। ਈਰਾਨ ਨੇ ਜਾਹਰ ਕਰ ਦਿੱਤਾ ਕਿ ਉਨ੍ਹਾਂ ਲਈ ਅਮਰੀਕੀ ਰੱਖਿਆ ਕਵਚ ਅਟੁੱਟ ਨਹੀਂ ਹੈ। ਇਸ ਜੰਗ ਨਾਲ ਸ਼ੀਆ ਤੇ ਸੁੰਨੀ ਵਿਚਾਲੇ ਟਕਰਾਅ ਦੀ ਖੱਡ ਵੀ ਚੌੜੀ ਹੁੰਦੀ ਜਾ ਰਹੀ ਹੈ।

ਇਸ ਪੂਰੇ ਸੰਕਟ 'ਚ ਸੰਯੁਕਤ ਰਾਸ਼ਟਰ ਦਾ ਚੁੱਪੀ ਧਾਰੀ ਰੱਖਣਾ ਵੀ ਵੱਡੇ ਸਵਾਲ ਖੜ੍ਹੇ ਕਰਦਾ ਹੈ। ਖਾੜੀ ਦੇਸ਼ਾਂ ਤੇ ਜਾਰਡਨ 'ਤੇ ਈਰਾਨੀ ਹਮਲਿਆਂ ਦੀ ਨਿੰਦਾ ਤੋਂ ਇਲਾਵਾ ਸੰਯੁਕਤ ਰਾਸ਼ਟਰ ਸਿਰਫ ਖਾਨਾਪੂਰਤੀ ਹੀ ਕਰਦਾ ਦਿਖਾਈ ਦੇ ਰਿਹਾ ਹੈ। ਓਮਾਨ ਸਮੇਤ ਕੁਝ ਹੋਰ ਦੇਸ਼ ਵਿਚ-ਵਿਚਾਲੇ ਸਰਗਰਮ ਹਨ, ਪਰ ਹੁਣ ਜੰਗ ਰੋਕਣ ਲਈ ਈਰਾਨ ਬਹੁਤ ਸਖਤ ਸ਼ਰਤਾਂ ਸਾਹਮਣੇ ਰੱਖ ਰਿਹਾ ਹੈ। ਹਾਲ-ਫਿਲਹਾਲ ਸ਼ਾਂਤੀ ਦੇ ਕਿਸੇ ਮਨਜੂਰ ਸਮਝੌਤੇ 'ਤੇ ਗੱਲ ਬਣਦੀ ਤਾਂ ਨਹੀਂ ਦਿਖਾਈ ਦਿੰਦੀ, ਪਰ ਅਸੀਂ ਅਜਿਹੀ ਉਮੀਦ ਤਾਂ ਕਰ ਹੀ ਸਕਦੇ ਹਾਂ। ਸਾਲ 1961 ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦ ਈਦ ਤੇ ਨੌਰੋਜ ਇਕ ਹੀ ਸਮੇਂ 'ਤੇ ਮਨਾਏ ਗਏ। ਕਹਿਣਾ ਮੁਸ਼ਕਲ ਹੈ ਕਿ ਕੀ ਅਜਿਹਾ ਦੁਰਲੱਭ ਸੰਜੋਗ ਇਸ ਖੇਤਰ 'ਚ ਜੰਗਬੰਦੀ ਦਾ ਮਕਸਦ ਬਣ ਕੇ ਖੇਤਰ 'ਚ ਸ਼ਾਂਤੀ ਅਤੇ ਖੁਸ਼ਹਾਲੀ ਲਿਆ ਸਕਦਾ ਹੈ?

ਏ. ਭਾਰਤ ਭੂਸ਼ਣ ਬਾਬੂ

# ...ਜਦ ਵਾੜ ਹੀ ਖੇਤ ਨੂੰ ਖਾਣ ਲੱਗੇ, ਪੰਜਾਬ ਦੇ ਮੱਥੇ ਤੋਂ ਨਸ਼ੇ ਦਾ ਧੱਬਾ ਲਾਹੁਣ ਲਈ ਸਾਂਝੇ ਯਤਨਾਂ ਦੀ ਲੋੜ

ਅੰਦਾਜਨ 1980 ਤੋਂ ਪੰਜਾਬ ਨਸ਼ਿਆਂ ਦੇ ਸੰਤਾਪ ਨੂੰ ਭੋਗ ਰਿਹਾ ਹੈ। ਸਿਆਸੀ ਪਾਰਟੀਆਂ ਵੱਲੋਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਵਾਅਦਿਆਂ ਦੀ ਝੜੀ ਵਿਚ ਪੰਜਾਬ ਨੂੰ ਖੁਸਹਾਲ ਬਣਾਉਣ ਅਤੇ ਨਸ਼ਿਆਂ ਦਾ ਲੱਕ ਤੋੜਨ ਵਾਲੇ ਮੁੱਦਿਆਂ ਨੂੰ ਉਭਾਰ ਕੇ ਸਤਾ ਪ੍ਰਾਪਤੀ ਦੇ ਯਤਨ ਹੁੰਦੇ ਰਹੇ। ਖੁਸਹਾਲੀ ਤਾਂ ਸਿਆਸੀ ਲੋਕਾਂ ਦੇ ਹਿੱਸੇ ਹੀ ਆਈ ਹੈ। ਹਾਂ, ਨਸ਼ਿਆਂ ਦੀ ਮਾਰੂ ਹਨੇਰੀ ਨੇ ਲੋਕਾਂ ਦੇ ਚੁੱਲ੍ਹੇ ਠੰਢੇ ਕਰਨ ਦੇ ਨਾਲ-ਨਾਲ ਸਿਵਿਆਂ ਦੀ ਅੱਗ ਨੂੰ ਪ੍ਰਚੰਡ ਕੀਤਾ ਹੈ।

ਨਸ਼ਿਆਂ ਕਾਰਨ ਜਿੱਥੇ ਜਵਾਨੀ ਦਾ ਘਾਣ ਹੋਇਆ ਹੈ, ਉੱਥੇ ਹੀ ਮਾਵਾਂ- ਭੈਣਾਂ ਦੇ ਵਹਿੰਦੇ ਖੂਨ ਦੇ ਅੱਥਰੂ, ਬਾਪ ਦੇ ਚਿਹਰੇ 'ਤੇ ਛਾਈ ਘੋਰ ਉਦਾਸੀ ਅਤੇ ਮਸੂਮ ਬੱਚਿਆਂ ਦੀਆਂ ਚੀਕਾਂ ਨੇ ਸਮੁੱਚੇ ਪੰਜਾਬ ਦੀ ਹਵਾ ਨੂੰ ਸੋਗੀ ਕਰ ਦਿੱਤਾ ਹੈ। ਵਰਤਮਾਨ ਸਰਕਾਰ ਛੇ ਮਹੀਨਿਆਂ ਦੇ ਅੰਦਰ ਨਸ਼ੇ ਨੂੰ ਖਤਮ ਕਰਨ ਦੇ ਵਾਅਦੇ ਨਾਲ ਮਾਰਚ 2022 ਨੂੰ ਹੋਂਦ ਵਿਚ ਆਈ ਸੀ। ਸਰਕਾਰ ਵੱਲੋਂ ਨਸ਼ਾ ਤਸਕਰਾਂ ਦੀ ਗ੍ਰਿਫਤਾਰੀ ਤੇ ਵੱਡੀ ਮਾਤਰਾ ਵਿਚ ਨਸ਼ੇ ਦੀਆਂ ਖੇਪਾਂ ਨੂੰ ਫੜ ਕੇ ਸਪਲਾਈ ਲਾਈਨ ਨੂੰ ਰੋਕਣ ਅਤੇ ਨਸ਼ੱਈਆਂ ਨੂੰ ਮੁੱਖ ਧਾਰਾ ਵਿਚ ਲਿਆਉਣ ਦੇ ਯਤਨ ਤਾਂ ਹੁੰਦੇ ਰਹੇ, ਪਰ 'ਚਿੱਟੇ' ਦਾ ਮਾਰੂ ਕਹਿਰ ਪੂਰੀ ਤਰ੍ਹਾਂ ਰੁਕਿਆ ਨਹੀਂ। ਮੈਡੀਕਲ ਨਸ਼ਾ ਵੀ ਚੋਰੀ ਛੁਪੇ ਵਿਕਦਾ ਰਿਹਾ ਹੈ।

ਪੰਜਾਬ ਸਰਕਾਰ ਨੇ ਪਹਿਲਾਂ ਇਕ ਮਾਰਚ 2025 ਤੋਂ ' ਯੁੱਧ ਨਸ਼ਿਆਂ ਵਿਰੁੱਧ ' ਮੁਹਿੰਮ ਸੁਰੂ ਕੀਤੀ ਅਤੇ ਫਿਰ ' ਯੁੱਧ ਨਸ਼ਿਆਂ ਵਿਰੁੱਧ- 2' 10 ਜਨਵਰੀ 2026 ਤੋਂ ਸੁਰੂ ਕੀਤੀ ਗਈ। ਜਿਸ ਵਿਚ ਲੋਕਾਂ ਨੂੰ ਮੁਹਿੰਮ 'ਚ ਸ਼ਾਮਲ ਕਰਨ ਲਈ ਵਲੰਟੀਅਰਾਂ ਦੇ ਨਾਲ-ਨਾਲ ਪੰਜਾਬ ਦੇ 13241 ਸਰਪੰਚਾਂ ਨੂੰ ' ਪਿੰਡ ਬਚਾਓ ਕਮੇਟੀ ' ਦਾ ਮੁਖੀ ਬਣਾ ਕੇ ਹਰ ਪਿੰਡ ਨੂੰ ਨਸ਼ਾ ਮੁਕਤ ਕਰਨ ਦੀ ਜਿੰਮੇਵਾਰੀ ਸੌਂਪੀ ਗਈ। ਪੁਲਿਸ ਪ੍ਰਸਾਸਨ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ' ਪਿੰਡ ਬਚਾਓ ਕਮੇਟੀ ' ਦੇ ਮੁਖੀਆਂ ਨੂੰ ਨਸ਼ਿਆਂ ਵਿਰੁੱਧ ਜੰਗ ਵਿਚ ਪੂਰਨ ਸਹਿਯੋਗ ਦਿੱਤਾ ਜਾਵੇ।

ਪੁਲਿਸ ਵਿਭਾਗ ਵੱਲੋਂ ਲੋਕਾਂ ਨੂੰ ਸੁਚੇਤ ਕਰਨ ਲਈ ਵੱਖ-ਵੱਖ ਥਾਵਾਂ 'ਤੇ ਸੈਮੀਨਾਰ ਵੀ ਕਰਵਾਏ ਗਏ। ਤਸਕਰਾਂ ਦੀ ਫੜੋ-ਫੜੀ ਨਾਲ ਥਾਣਿਆਂ ਦੇ ਰੋਜਨਾਮਚੇ ਵਿਚ ਰਿਪੋਰਟਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ। ਪੰਜਾਬ ਦੀਆਂ ਜੇਲ੍ਹਾਂ ਵਿਚ ਪੁਰਸ ਕੈਦੀ ਰੱਖਣ ਦੀ ਸਮਰੱਥਾ 21790 ਹੈ ਪਰ 26481 ਕੈਦੀ ਜੇਲ੍ਹਾਂ ਵਿਚ ਡੱਕੇ



ਗਏ। ਇਸ ਤਰ੍ਹਾਂ ਹੀ ਔਰਤ ਕੈਦੀਆਂ ਨੂੰ ਰੱਖਣ ਦੀ ਸਮਰੱਥਾ 1408 ਹੈ। ਪਰ ਅੰਦਾਜਨ 1600 ਔਰਤ ਕੈਦੀ ਜੇਲ੍ਹ ਦੀ ਹਵਾ ਖਾ ਰਹੀਆਂ ਹਨ। ਸਰਕਾਰ ਵੱਲੋਂ ਧੂੰਆਂਧਾਰ ਪ੍ਰਚਾਰ, ਨਸ਼ੇ ਦੀ ਭਾਰੀ ਮਾਤਰਾ ਵਿਚ ਬਰਾਮਦਗੀ, ਤਸਕਰਾਂ ਦੀ ਫੜੋ-ਫੜੀ ਅਤੇ ਨਸ਼ੱਈਆਂ ਦਾ ਇਲਾਜ ਕਰਵਾ ਕੇ ਮੁੱਖ ਧਾਰਾ ਵਿਚ ਲਿਆਉਣ ਦੇ ਯਤਨ ਜੰਗੀ ਪੱਧਰ 'ਤੇ ਜਾਰੀ ਹਨ ਪਰ ਇਨ੍ਹਾਂ ਯਤਨਾਂ 'ਤੇ ਉਸ ਵੇਲੇ ਪ੍ਰਸਨ ਚਿੰਨ੍ਹ ਲੱਗ ਗਿਆ ਜਦੋਂ ਨਸ਼ੇ ਦੀ ਰੋਕਥਾਮ ਕਰਨ ਵਾਲਿਆਂ ਕੋਲੋਂ ਹੀ ਨਸ਼ੇ ਦੀ ਭਾਰੀ ਬਰਾਮਦਗੀ ਹੋਈ।

ਤਰਨਤਾਰਨ ਜਿਲ੍ਹੇ ਦੇ ਪਿੰਡ ਦਾ ਇਕ ਸਰਪੰਚ 18 ਕਿਲੋ ਹੈਰੋਇਨ ਨਾਲ 15 ਮਾਰਚ ਨੂੰ ਫੜਿਆ ਗਿਆ। ਸਰਪੰਚ ਕੋਲੋਂ ਇਹ ਬਰਾਮਦਗੀ ਰਾਸਟਰੀ ਨਾਰਕੋਟਿਕਸ ਬਿਊਰੋ ਵੱਲੋਂ ਗੁਪਤ ਸੂਚਨਾ ਦੇ ਆਧਾਰ 'ਤੇ ਉਸ ਦੇ ਘਰੋਂ ਹੀ ਕੀਤੀ ਗਈ। ਦੁੱਖ ਅਤੇ ਹੈਰਾਨੀ ਇਸ ਗੱਲ ਦੀ ਹੈ ਕਿ ਉਸ ਨੂੰ ਸਰਕਾਰ ਵੱਲੋਂ ਪਿੰਡ ਦੀ ਨਸ਼ਾ ਵਿਰੋਧੀ ਕਮੇਟੀ ਦਾ ਚੇਅਰਮੈਨ ਲਾਇਆ ਹੋਇਆ ਸੀ ਅਤੇ ਇਸ ਸਰਪੰਚ ਦੇ ਰਾਜਸੀ ਨੇਤਾਵਾਂ ਨਾਲ ਨੇੜਲੇ ਸਬੰਧ ਸਨ।

ਗੰਭੀਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਇਸ ਦੀ ਸੂਚਨਾ ਕੁਝ ਮੀਲਾਂ 'ਤੇ ਸਥਿਤ ਥਾਣੇ ਦੇ ਕਰਮਚਾਰੀਆਂ ਨੂੰ ਨਹੀਂ ਮਿਲੀ ? ਸਥਾਨਕ ਵਿਧਾਇਕ ਵੀ ਉਸ ਦੀ ਨਸ਼ਾ ਤਸਕਰੀ ਦੇ ਕਾਲੇ ਕਾਰੋਬਾਰ ਤੋਂ ਅਨਜਾਣ ਸੀ ? ਪੰਜਾਬ ਪੁਲਿਸ ਦੀ ਥਾਂ ਕੇਂਦਰੀ ਨਾਰਕੋਟਿਕਸ ਬਿਊਰੋ ਨੂੰ ਸਰਪੰਚ ਦੀ ਗ੍ਰਿਫਤਾਰੀ ਕਿਉਂ ਕਰਨੀ ਪਈ ? 90 ਕਰੋੜ ਮੁੱਲ ਦੀ ਇਸ ਹੈਰੋਇਨ ਨੇ ਪਤਾ ਨਹੀਂ ਕਿੰਨੇ ਘਰਾਂ ਦੇ ਚਿਰਾਗ ਬੁਝਾਉਣੇ ਸਨ। ਅਨੇਕਾਂ ਨੌਜਵਾਨਾਂ ਨੂੰ ਨਸ਼ਾ ਸਪਲਾਈ ਕਰਨ ਲਈ ਵਰਤੇ ਜਾਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਭਲਾ, ਦੁੱਧ ਦੀ ਰਾਖੀ ਬਿੱਲੇ ਨੂੰ ਬਿਠਾ ਕੇ ਦੁੱਧ ਦਾ ਬਚਾਓ ਕਿੰਜ ਹੋਵੇਗਾ ? ਦਰਅਸਲ ਜਦੋਂ ਦਰਬਾਨਾਂ ਦੀ ਅੱਖ ਚੋਰਾਂ ਨਾਲ ਮਿਲ ਜਾਵੇ ਤਾਂ ਜਾਨ ਅਤੇ ਮਾਲ ਦੋਵਾਂ ਨੂੰ ਹੀ ਗੰਭੀਰ ਖਤਰਾ ਹੁੰਦਾ ਹੈ। ਮਾਲੀ ਦਗਾਬਾਜ਼ ਹੋ ਜਾਣ ਤਾਂ ਮਹਿਕਾਂ ਦੀ ਪੱਤ ਰੁਲ ਜਾਂਦੀ ਹੈ। ਅਜਿਹੀਆਂ ਕਾਲੀਆਂ ਭੇਡਾਂ ਦੀ ਕਰਤੂਤ ਕਾਰਨ ਹੀ ਲੋਕਾਂ ਦੇ ਚੁੱਲ੍ਹੇ ਠੰਢੇ, ਜਵਾਨੀ ਦਾ ਘਾਣ ਅਤੇ ਸਿਵਿਆਂ ਦੀ ਅੱਗ ਪ੍ਰਚੰਡ ਹੋ ਰਹੀ ਹੈ।14 ਫਰਵਰੀ 2026 ਨੂੰ ਪੁਲਿਸ ਵਿਭਾਗ ਵਿਚ ਸੇਵਾ ਕਰਦੇ ਕਰਮਚਾਰੀ ਦਾ ਨੌਜਵਾਨ ਪੁੱਤਰ ਨਸ਼ੇ ਦੀ ਓਵਰਡੋਜ ਨਾਲ ਅੰਮ੍ਰਿਤਸਰ ਵਿਖੇ ਮਰ ਗਿਆ। ਬਾਪ ਨੇ ਭੁੱਬਾਂ ਮਾਰਦਿਆਂ ਪ੍ਰਗਟਾਵਾ ਕੀਤਾ ਕਿ ਅੰਮ੍ਰਿਤਸਰ ਦੇ ਕਈ ਮੁਹੱਲਿਆਂ ਵਿਚ ਚਿੱਟਾ ਸਰੇਆਮ ਵਿਕ ਰਿਹਾ ਹੈ। ਇਸ ਪੱਖ ਤੋਂ ਪੰਜਾਬ ਹੁਣ ਰਹਿਣ ਵਾਸਤੇ ਸੁਰੱਖਿਅਤ ਨਹੀਂ ਹੈ। ਪਿਛਲੇ ਦਿਨੀਂ ਹੀ ਐੱਸਐੱਸਪੀ ਫਰੀਦਕੋਟ ਵੱਲੋਂ ਕਾਲਜ ਵਿਚ ' ਯੁੱਧ ਨਸ਼ਿਆਂ ਵਿਰੁੱਧ ' ਅਧੀਨ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਅਤੇ ਨਸ਼ਿਆਂ ਵਿਰੁੱਧ ਲਹਿਰ ਦਾ ਹਿੱਸਾ ਬਣਾਉਣ ਲਈ ਸੈਮੀਨਾਰ ਕਰਵਾਇਆ ਗਿਆ।

ਪੁਲਿਸ ਵਿਭਾਗ ਦੇ ਆਈਜੀ ਵੀ ਸੈਮੀਨਾਰ ਵਿਚ ਸਾਮਲ ਹੋਏ। ਉਸ ਸਮੇਂ ਵਿਦਿਆਰਥੀ ਆਗੂ ਨੇ ਸੰਬੋਧਨ ਕਰਦਿਆਂ ਸਪੱਸਟ ਸਬਦਾਂ ਵਿਚ ਤੱਥਾਂ ਸਹਿਤ ਕਿਹਾ ਕਿ ਪੁਲਿਸ ਦੀਆਂ ਕੁਝ ਕਾਲੀਆਂ ਭੇਡਾਂ ਅਤੇ ਸਿਆਸੀ ਲੋਕਾਂ ਦੇ ਆਲੇ-ਦੁਆਲੇ ਮੰਡਰਾਉਂਦੇ ਲੋਕਾਂ ਕਾਰਨ ' ਯੁੱਧ ਨਸ਼ਿਆਂ ਵਿਰੁੱਧ ' ਸਫਲ ਨਹੀਂ ਹੋ ਰਿਹਾ। ਉਸ ਨੇ ਅਧਿਕਾਰੀਆਂ ਤੋਂ ਪੁੱਛਿਆ ਕਿ ਨਸ਼ੇ ਦੇ ਕਾਰੋਬਾਰ ਵਿਚ ਜੁੜੇ ਹੋਏ ਇਨ੍ਹਾਂ ਵਿਅਕਤੀਆਂ 'ਤੇ ਕਾਨੂੰਨੀ ਕਾਰਵਾਈ ਕਿਉਂ ਨਹੀਂ ਹੋਈ ?

ਸਰਹੱਦੀ ਪਿੰਡ ਤਲਵੰਡੀ ਕਲਾਂ ਦੇ ਸਰਪੰਚ ਨੇ ਭਰੇ ਮਨ ਨਾਲ ਪ੍ਰਗਟਾਵਾ ਕੀਤਾ ਕਿ ਅੰਦਾਜਨ ਅੱਧਾ ਪਿੰਡ ਨਸ਼ੇ ਦੇ ਕਾਲੇ ਕਾਰੋਬਾਰ ਨਾਲ ਜੁੜਿਆ ਹੋਇਆ ਹੈ। 13-13 ਸਾਲ ਦੇ ਬੱਚੇ ਵੀ ਨਸ਼ੇ ਦੀ ਮਾਰ ਹੇਠ ਆ ਗਏ ਹਨ। ਉਸ ਨੇ ਇਹ ਵੀ ਕਿਹਾ ਕਿ ਦੂਜੇ ਪਿੰਡਾਂ ਦੇ ਲੋਕ ਵੀ ਮੋਟਰਸਾਈਕਲ ਅਤੇ ਕਾਰਾਂ 'ਤੇ ਇਥੋਂ ਨਸ਼ਾ ਲੈਣ ਲਈ ਆਉਂਦੇ ਹਨ। ਉਸ ਨੇ ਪੁਲਿਸ ਵੱਲੋਂ ਸਹਿਯੋਗ ਨਾ ਦੇਣ ਦਾ ਸ਼ਿਕਵਾ ਵੀ ਕੀਤਾ। ਅੱਕੇ ਲੋਕਾਂ ਨੇ ਨਿਹੰਗ ਸਿੰਘਾਂ ਦਾ ਸਹਾਰਾ ਲਿਆ।

ਕੁਝ ਸਰਪੰਚਾਂ ਅਤੇ ਨੰਬਰਦਾਰਾਂ ਵਲੋਂ ਜਾਅਲੀ ਦਸਤਾਵੇਜ ਤਿਆਰ ਕਰ ਕੇ ਨਸ਼ਾ ਤਸਕਰਾਂ ਦੀ ਜ਼ਮਾਨਤ ਕਰਵਾਉਣ ਦੇ ਕੇਸ ਵੀ ਸਾਹਮਣੇ ਆਏ ਹਨ ਅਤੇ ਹੁਣ ਉਹ ਕਾਨੂੰਨ ਦਾ ਸਾਹਮਣਾ ਕਰ ਰਹੇ ਹਨ। ਨਸ਼ਾ ਤਸਕਰਾਂ ਨੂੰ ਸੁਰੱਖਿਆ ਦੇ ਕੇ ਉਨ੍ਹਾਂ ਤੋਂ ਉਗਰਾਹੀ ਕਰਨ ਵਾਲੇ ਪੁਲਿਸ ਅਤੇ ਵੱਖ-ਵੱਖ ਜੇਲ੍ਹਾਂ ਦੇ ਕਈ ਕਰਮਚਾਰੀ ਵੀ ਕਾਨੂੰਨੀ ਸ਼ਿਕੰਜੇ ਵਿਚ ਜਕੜੇ ਗਏ ਹਨ। ਦੂਜੇ ਪਾਸੇ ਨਸ਼ਾ ਤਸਕਰਾਂ ਨੇ ਹਿੰਸਕ ਹੋ ਕੇ ਪੁਲਿਸ ਕਰਮਚਾਰੀਆਂ, ਸਰਪੰਚਾਂ ਅਤੇ ਨਸ਼ਾ ਰੋਕੂ ਕਮੇਟੀਆਂ 'ਤੇ ਜਾਨਲੇਵਾ ਹਮਲੇ ਵੀ ਕੀਤੇ ਹਨ। ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਬੂਟੇ ਦੀਆਂ ਛੰਨਾਂ ਦੇ ਸਰਪੰਚ ਨੂੰ ਤਸਕਰਾਂ ਨੇ ਇਸ ਆਧਾਰ 'ਤੇ ਮੌਤ ਦੇ ਘਾਟ ਉਤਾਰ ਦਿੱਤਾ ਕਿ ਉਸ ਨੇ ਉਨ੍ਹਾਂ ਦੇ ਕਾਲੇ ਕਾਰੋਬਾਰ ਦੀ ਸੂਚਨਾ ਪੁਲਿਸ ਨੂੰ ਦਿੱਤੀ ਸੀ।

ਇਸ ਤਰ੍ਹਾਂ ਹੀ ਪਿਛਲੇ ਦਿਨੀਂ ਪਟਿਆਲਾ ਜਿਲ੍ਹੇ ਨਾਲ ਸੰਬੰਧਤ ਨਸ਼ਾ ਵਿਰੋਧੀ ਲਹਿਰ ਦੇ ਆਗੂ ਨੂੰ ਰਾਤ ਸਮੇਂ ਨਸ਼ੇ ਦੇ ਤਸਕਰਾਂ ਨੇ ਘੇਰ ਕੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਭਾਵੇਂ ਦੋਸੀਆਂ ਦੀ ਗ੍ਰਿਫਤਾਰੀ ਹੋ ਚੁੱਕੀ ਹੈ ਪਰ ਫਿਰ ਵੀ ਅਜਿਹੇ ਦੋਸੀ ਇਕ ਪਾਸੇ ਨਸ਼ਿਆਂ ਵਿਰੁੱਧ ਆਵਾਜ ਬੁਲੰਦ ਕਰਨ ਵਾਲਿਆਂ 'ਤੇ ਹਮਲੇ ਕਰ ਰਹੇ ਹਨ ਅਤੇ ਦੂਜੇ ਪਾਸੇ ਮੌਤ ਦਾ ਸਮਾਨ ਵੰਡਦੇ ਹੋਏ ਦਨਦਨਾਉਂਦੇ ਫਿਰਦੇ ਹਨ। ਆਬਾਦੀ ਦੇ ਪੱਖੋਂ ਪੰਜਾਬ ਭਾਰਤ ਦੀ ਆਬਾਦੀ ਦਾ 2.3% ਹੈ, ਹੈਰੋਇਨ ਬਰਾਮਦਗੀ ਵਿਚ ਭਾਰਤ ਵਿਚੋਂ ਹੋਈ ਕੁੱਲ ਬਰਾਮਦਗੀ ਵਿਚੋਂ 44% ਇਕੱਲੇ ਪੰਜਾਬ ਦੀ ਹੈ ਅਤੇ ਨਸ਼ੇ ਕਾਰਨ ਓਵਰਡੋਜ ਨਾਲ ਹੋਈਆਂ ਕੁੱਲ ਮੌਤਾਂ ਵਿਚੋਂ 22% ਪੰਜਾਬ ਵਿਚ ਹੋਈਆਂ ਹਨ। ਪੰਜਾਬ ਦੇ ਮੱਥੇ ਤੋਂ ਨਸ਼ੇ ਦਾ ਧੱਬਾ ਲਾਹੁਣ ਲਈ ਸਾਂਝੇ ਯਤਨਾਂ ਦੀ ਲੋੜ ਹੈ।

ਮੋਹਨ ਸਰਮਾ

## ਪਲੀਤ ਹੋ ਰਹੇ ਪਾਣੀ



ਗੁਰਬਾਣੀ ਦਾ ਮਹਾਵਾਕ 'ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ' ਇਸ ਗੱਲ ਦਾ ਸੰਦੇਸ਼ ਦਿੰਦਾ ਹੈ ਕਿ ਪਾਣੀ ਸਿਰਫ ਇਕ ਤੱਤ ਨਹੀਂ, ਸਗੋਂ ਜੀਵਨ ਦਾ ਆਧਾਰ ਹੈ। ਇਸ ਵੇਲੇ ਹਾਲਾਤ ਇਸ ਤੋਂ ਉਲਟ ਹੋ ਰਹੇ ਹਨ। ਗੰਧਲੇ ਹੋ ਰਹੇ ਪਾਣੀਆਂ ਤੇ ਜਮੀਨ ਹੇਠਲੇ ਪਾਣੀ ਦੇ ਲਗਾਤਾਰ ਘਟਦੇ ਪੱਧਰ ਦੀ ਮੌਜੂਦਾ ਸਥਿਤੀ ਚਿੰਤਾ ਵਧਾ ਰਹੀ ਹੈ। ਇਸ ਬਾਰੇ ਸੰਸਦ 'ਚ ਪੇਸ਼ ਤਾਜਾ ਅੰਕੜਿਆਂ ਮੁਤਾਬਕ ਸੂਬੇ ਦੇ ਪਾਣੀਆਂ 'ਚ ਯੂਰੇਨੀਅਮ ਪਹਿਲਾਂ ਨਾਲੋਂ ਦੁੱਗਣਾ ਹੋ ਗਿਆ ਹੈ।

ਪਿਛਲੇ ਛੇ ਸਾਲਾਂ 'ਚ ਸਥਿਤੀ ਜਿਆਦਾ ਗੰਭੀਰ ਹੋਈ ਹੈ। ਸਾਲ 2019 'ਚ ਧਰਤੀ ਹੇਠਲੇ ਪਾਣੀ 'ਚ ਯੂਰੇਨੀਅਮ 24.2 ਫੀਸਦ ਤੋਂ ਵਧ ਕੇ 2024 'ਚ 53.04% ਤੱਕ ਪੁੱਜ ਗਿਆ ਹੈ। ਪੀਣ ਵਾਲੇ ਪਾਣੀ ਦੇ ਸੈਂਪਲ ਵੀ ਲਗਾਤਾਰ ਫੇਲ੍ਹ ਹੋ ਰਹੇ ਹਨ। ਸ਼ਹਿਰਾਂ ਤੋਂ ਇਲਾਵਾ ਲੋਕਾਂ ਨੂੰ ਪਿੰਡਾਂ 'ਚ ਵੀ ਆਰਓ ਸਿਸਟਮ ਵਰਤ ਕੇ ਪਾਣੀ ਪੀਣਾ ਪੈ ਰਿਹਾ ਹੈ। ਪੰਜਾਬ ਦਾ ਜਮੀਨ ਹੇਠਲਾ ਪਾਣੀ ਪਹਿਲਾਂ ਹੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਬਣ ਚੁੱਕਾ ਹੈ।

ਸਾਲ 2024 'ਚ ਦੇਸ਼ 'ਚ ਲਏ ਗਏ ਪਾਣੀ ਦੇ ਨਮੂਨਿਆਂ 'ਚੋਂ 6.7 ਪ੍ਰਤੀਸ਼ਤ ਯੂਰੇਨੀਅਮ ਸੁਰੱਖਿਆ ਮਾਪਦੰਡਾਂ ਤੋਂ ਵੱਧ ਮਿਲਿਆ ਸੀ। ਹਾਲਾਂਕਿ ਸਾਲ 2019 'ਚ ਇਹ 3% ਸੀ। ਇਸ ਤੋਂ ਅੰਦਾਜਾ ਲਗਾਉਣਾ ਸੌਖਾ ਹੈ ਕਿ ਸਥਿਤੀ ਕਿਸ ਰਫਤਾਰ ਨਾਲ ਚਿੰਤਾਜਨਕ ਹੋਈ ਹੈ। ਮਨੁੱਖੀ ਜਰੂਰਤਾਂ ਨੂੰ ਪੂਰਾ ਕਰਨ ਲਈ ਖੇਤਾਂ ਤੋਂ ਲੈ ਕੇ ਉਦਯੋਗਾਂ ਤੱਕ ਸਭ ਲਈ ਪਾਣੀ ਜਰੂਰੀ ਹੈ। ਪਾਣੀ ਦੇ ਸਰੋਤਾਂ ਦੀ ਬੇਹਿਸਾਬੀ ਵਰਤੋਂ ਕਾਰਨ ਹੀ ਇਹ ਬੁਰੀ ਤਰ੍ਹਾਂ ਪਲੀਤ ਹੋ ਰਹੇ ਹਨ। ਇਸ ਦਾ ਸਿੱਧਾ ਅਸਰ ਮਨੁੱਖ ਦੀ ਸਿਹਤ 'ਤੇ ਪੈ ਰਿਹਾ ਹੈ। ਝੋਨਾ ਲਾਉਣ ਲਈ ਸਭ ਤੋਂ ਵੱਧ ਪਾਣੀ ਦੀ ਵਰਤੋਂ ਹੁੰਦੀ ਹੈ।

ਇਹ ਹੋਰ ਸਬਜੀਆਂ ਤੇ ਫਸਲਾਂ ਦੇ ਮੁਕਾਬਲੇ ਜਿਆਦਾ ਹੈ ਪਰ ਇਕੱਲੀ ਖੇਤੀ ਨੂੰ ਪਾਣੀਆਂ ਦੇ ਘਟਦੇ ਪੱਧਰ ਲਈ ਜਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਵਧ ਰਹੀ ਆਬਾਦੀ ਮੁਤਾਬਕ ਖਾਣ ਵਾਲੀਆਂ ਵਸਤਾਂ ਦੀ ਮੰਗ ਪੂਰੀ ਕਰਨ ਲਈ ਖੇਤੀ ਤੋਂ ਵੱਧ ਉਤਪਾਦਨ ਕਰਨ ਲਈ ਕਈ ਤਰ੍ਹਾਂ ਦੇ ਸਪਰੇਆਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਜੋ ਵੱਧ ਝਾੜ ਹਾਸਲ ਕੀਤਾ ਜਾ ਸਕੇ। ਇਸ ਦਾ ਸਿੱਧਾ ਅਸਰ ਮਿੱਟੀ ਦੀ ਉਪਜਾਊ ਸ਼ਕਤੀ 'ਤੇ ਪੈ ਰਿਹਾ ਹੈ। ਪਾਣੀਆਂ 'ਚ ਘੋਲ ਕੇ ਫਸਲਾਂ 'ਤੇ ਸੁੱਟੀਆਂ ਜਾਣ ਵਾਲੀਆਂ ਇਹ ਜਹਿਰੀਲੀਆਂ ਦਵਾਈਆਂ ਜਮੀਨੀ ਪਾਣੀ 'ਚ ਰਲ ਕੇ ਉਸ ਨੂੰ ਗੰਧਲਾ ਕਰ ਰਹੀਆਂ ਹਨ। ਫਸਲਾਂ 'ਤੇ ਜਹਿਰੀਲੀਆਂ ਦਵਾਈਆਂ ਦੀ ਵਰਤੋਂ ਨਾਲ ਕੈਂਸਰ ਵਰਗੀਆਂ ਜਾਨਲੇਵਾ ਬਿਮਾਰੀਆਂ ਵਧ ਰਹੀਆਂ ਹਨ।

ਬਠਿੰਡਾ ਤੋਂ ਰਾਜਸਥਾਨ ਮਰੀਜ ਲੈ ਕੇ ਜਾਣ ਵਾਲੀ ਕੈਂਸਰ ਰੇਲਗੱਡੀ ਇਸ ਗੱਲ ਦੀ ਗਵਾਹ ਹੈ। ਇਹ ਗੰਧਲੇ ਪਾਣੀਆਂ ਦਾ ਨਤੀਜਾ ਹੈ ਕਿ ਪੰਜਾਬ 'ਚ ਸਾਲ 2024 'ਚ 42 ਹਜਾਰ ਤੋਂ ਵੱਧ ਕੈਂਸਰ ਦੇ ਨਵੇਂ ਮਾਮਲੇ ਸਾਹਮਣੇ ਆਏ ਸਨ। ਕਈ ਮੀਡੀਆ ਰਿਪੋਰਟਾਂ ਮੁਤਾਬਕ ਇਸ ਰੋਗ ਕਾਰਨ ਪਿਛਲੇ ਸਾਲ 24 ਹਜਾਰ ਤੋਂ ਵੱਧ ਮੌਤਾਂ ਹੋਈਆਂ ਹਨ। ਹਾਲਾਤ ਇਹ ਹਨ ਕਿ ਪੰਜਾਬ ਇਸ ਵੇਲੇ ਕੈਂਸਰ ਨਾਲ ਹੋਣ ਵਾਲੀਆਂ ਰੋਜਾਨਾ 60 ਤੋਂ 100 ਮੌਤਾਂ ਨਾਲ ਪੂਰੇ ਦੇਸ਼ 'ਚ ਸਭ ਤੋਂ ਅੱਗੇ ਹੈ। ਜੇਕਰ ਪਾਣੀ 'ਚ ਯੂਰੇਨੀਅਮ ਵਧਦਾ ਹੈ ਤਾਂ ਕਿਡਨੀਆਂ ਖਰਾਬ ਤੇ ਹੱਡੀਆਂ ਕਮਜੋਰ ਹੋਣ ਲੱਗਦੀਆਂ ਹਨ।

ਇਨ੍ਹਾਂ ਅੰਕੜਿਆਂ ਨੂੰ ਬੇਹੱਦ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਉਦਯੋਗਾਂ 'ਚੋਂ ਨਿਕਲਣ ਵਾਲੇ ਜਹਿਰੀਲੇ ਪਾਣੀਆਂ ਨੂੰ ਨਹਿਰਾਂ, ਨਾਲਿਆਂ ਤੇ ਸੀਵਰੇਜਾਂ 'ਚ ਡਿੱਗਣ ਤੋਂ ਰੋਕਣਾ ਪਵੇਗਾ। ਫਸਲਾਂ ਤੇ ਸਬਜੀਆਂ ਉਗਾਉਣ ਲਈ ਅਜਿਹੇ ਬਦਲ ਲੱਭਣੇ ਸਮੇਂ ਦੀ ਲੋੜ ਹੈ ਜਿਨ੍ਹਾਂ 'ਚ ਪਾਣੀ ਦੀ ਘੱਟ ਤੋਂ ਘੱਟ ਵਰਤੋਂ ਯਕੀਨੀ ਬਣਾਈ ਜਾ ਸਕੇ। ਜਹਿਰੀ ਹੋ ਰਹੇ ਪਾਣੀਆਂ ਨੂੰ ਸਾਫ-ਸੁਥਰਾ ਰੱਖਣ ਲਈ ਸਰਕਾਰਾਂ ਤੇ ਲੋਕਾਂ ਨੂੰ ਬੇਹੱਦ ਸੰਜੀਦਗੀ ਨਾਲ ਸੋਚ ਕੇ ਹੱਲ ਲੱਭਣ ਦੀ ਜਰੂਰਤ ਹੈ।

# ਕਿਸ ਤਰ੍ਹਾਂ ਤਿਆਰ ਕਰੀਏ ਬੱਚਿਆਂ ਦਾ ਟਿਫਿਨ

ਰਜਨੀਸ਼ ਕੁਮਾਰ

ਬੱਚਿਆਂ ਨੂੰ ਭੋਜਨ ਖਾਣ ਦੀ ਆਦਤ ਸੁਰੂ ਤੋਂ ਪਾਓ। ਸਵੇਰ ਦਾ ਨਾਸਤਾ, ਦੁਪਿਹਰ ਦਾ ਅਤੇ ਰਾਤ ਦਾ ਭੋਜਨ। ਬੱਚਿਆਂ ਨੂੰ ਮਿੱਥੇ ਸਮੇਂ 'ਤੇ ਖਾਣਾ ਦਿਓ ਅਤੇ ਖਾਣ ਦੀ ਆਦਤ ਪਾਓ।

ਬੱਚੇ ਜੇਕਰ ਹਰੀਆਂ ਸਬਜੀਆਂ ਖਾਣ ਤੋਂ ਕਤਰਾਉਣ ਤਾਂ ਉਨ੍ਹਾਂ ਨੂੰ ਜਿਆਦਾ ਰੁਚੀਦਾਰ ਬਣਾ ਕੇ ਦੇਣ ਦੀ ਕੋਸਿਸ ਕਰੋ ਨਹੀਂ ਤਾਂ ਸਬਜੀਆਂ ਨੂੰ ਕੱਦੂਕਸ ਕਰਕੇ ਦਾਲਾਂ ਵਿਚ ਮਿਲਾ ਕੇ ਉਬਾਲੋ ਅਤੇ ਖਾਣ ਨੂੰ ਦਿਓ। ਖਿਚੜੀ ਬਣਾਉਂਦੇ ਸਮੇਂ ਉਸ ਵਿਚ ਕੁਝ ਸਬਜੀਆਂ ਕੱਦੂਕਸ ਕਰ ਕੇ ਜਾਂ ਬਾਰੀਕ ਕੱਟ ਕੇ ਪਾ ਦਿਓ। ਬੱਚਿਆਂ ਨੂੰ ਸਬਜੀਆਂ ਦਾ ਬਹੁਤਾ ਪਤਾ ਨਹੀਂ ਲੱਗੇਗਾ ਅਤੇ ਸਬਜੀ ਵੀ ਪੇਟ ਵਿਚ ਚਲੀ ਜਾਵੇਗੀ। ਅੱਠ ਦਸ ਸਾਲ ਤੱਕ ਦੀ ਉਮਰ ਤੱਕ ਦੇ ਬੱਚਿਆਂ ਨੂੰ ਕ੍ਰੀਮ ਵਾਲਾ ਦੁੱਧ ਦਿੱਤਾ ਜਾ ਸਕਦਾ ਹੈ ਕਿਉਂਕਿ ਕ੍ਰੀਮ ਵਾਲੇ ਦੁੱਧ ਵਿਚ ਚਰਬੀ ਅਤੇ ਵਿਟਾਮਿਨ ਬੱਚਿਆਂ ਨੂੰ ਸਹੀ ਮਾਤਰਾ ਵਿਚ ਮਿਲ ਜਾਣਗੇ। ਬੱਚਿਆਂ ਨੂੰ ਬਚਪਨ ਤੋਂ ਹੀ ਘਟ ਕੈਲੋਰੀ 'ਫੂਡ' ਨਾ ਦਿਓ ਨਹੀਂ ਤਾਂ ਉਨ੍ਹਾਂ ਦਾ ਸਰੀਰਕ ਵਿਕਾਸ ਠੀਕ ਢੰਗ ਨਾਲ ਨਹੀਂ ਹੋਵੇਗਾ। ਦਿਨ ਵਿਚ ਇਕ ਵਾਰ ਖਾਣਾ ਘੱਟ ਤੋਂ ਘੱਟ ਸਾਰੇ ਪਰਿਵਾਰ ਨਾਲ ਮਿਲ ਕੇ ਖਾਓ। ਬੱਚਿਆਂ ਨੂੰ ਵੀ ਉਨ੍ਹਾਂ ਦੀ ਪਲੇਟ ਵਿਚ ਸਭ ਕੁਝ ਉਹੀ ਰੱਖੋ ਜੋ ਤੁਸੀਂ ਖੁਦ ਖਾ ਰਹੇ ਹੋ। ਇਸ ਨਾਲ ਬੱਚੇ ਦੇਖਾ-ਦੇਖੀ ਥੋੜ੍ਹਾ-ਥੋੜ੍ਹਾ ਖਾਣਾ ਸੁਰੂ ਕਰ ਦੇਣਗੇ। ਮਾਤਾਵਾਂ ਨੂੰ ਆਪਣਾ ਕੰਮ ਬਚਾਉਣ ਲਈ ਕਦੀ ਵੀ ਬੱਚਿਆਂ ਨੂੰ ਬ੍ਰੈੱਡ ਜੈਮ, ਚਿਪਸ, ਬਿਸਕੁਟ, ਮੈਗੀ ਆਦਿ ਲਈ ਉਤਸਾਹਤ ਨਹੀਂ ਕਰਨਾ ਚਾਹੀਦਾ। ਬੱਚਿਆਂ ਦੇ ਨਾਸਤੇ ਵਿਚ ਕਦੀ ਸਟੱਫ ਪਰੌਂਠਾ ਅਤੇ ਕਦੀ ਦਾਲ ਵਾਲੇ ਆਟੇ ਦਾ ਪਰੌਂਠਾ, ਕਦੀ ਅੰਡਾ ਬ੍ਰੈੱਡ, ਕਦੀ ਦੁੱਧ ਵਾਲਾ ਦਲੀਆ ਅਤੇ ਕਦੀ ਸੂਜੀ ਦੀ ਖੀਰ ਆਦਿ ਖਾਣ ਨੂੰ ਦਿਓ। ਪੁੰਗਰੀਆਂ ਦਾਲਾਂ ਵਿਚ ਖੀਰਾ, ਟਮਾਟਰ, ਬੰਦ ਗੋਭੀ, ਪਿਆਜ, ਨਿੰਬੂ ਮਿਲਾ ਕੇ ਪੁੰਗਰੀਆਂ ਦਾਲਾਂ ਦੇ ਸਵਾਦ ਨੂੰ ਵਧਾਇਆ ਜਾ ਸਕਦਾ ਹੈ।



ਸਕੂਲ ਦੇ ਟਿਫਿਨ ਵਿਚ : ਬੱਚਿਆਂ ਨੂੰ ਸਕੂਲ ਦਾ ਟਿਫਿਨ ਇਸ ਤਰ੍ਹਾਂ ਤਿਆਰ ਕਰਕੇ ਦਿਓ ਕਿ ਬੱਚੇ ਦਾ ਖਾਣ ਨੂੰ ਮਨ ਕਰੇ। ਬੱਚੇ ਦੀ ਪਸੰਦ ਦਾ ਵੀ ਧਿਆਨ ਰੱਖੋ। ਬੱਚੇ ਨੂੰ ਪਿਆਰ ਨਾਲ ਸਮਝਾਓ ਕਿ ਲੰਚ ਸਮੇਂ ਸਭ ਬੱਚਿਆਂ ਦੇ ਨਾਲ ਮਿਲ ਕੇ ਆਪਣਾ ਟਿਫਿਨ ਖਤਮ ਕਰਕੇ ਆਵੇ। ਆਪਣੇ ਮਿੱਤਰਾਂ ਦੇ ਨਾਲ ਕੁਝ ਸਾਂਝਾ ਕਰਨ ਦੀ ਆਦਤ ਵੀ ਸਿਖਾਓ।

ਬੱਚਿਆਂ ਨੂੰ ਟਿਫਿਨ ਵਿਚ ਬੇਹਾ ਜਾਂ ਬਾਸੀ ਖਾਣਾ ਨਾ ਦਿਓ ਕਿਉਂਕਿ ਗਰਮੀਆਂ ਵਿਚ ਰਾਤ ਦਾ ਬਚਿਆ ਖਾਣਾ ਖਰਾਬ ਹੋ ਸਕਦਾ ਹੈ। ਬੱਚਿਆਂ ਨੂੰ ਟਿਫਿਨ ਵਿਚ ਕਦੀ-ਕਦੀ ਘਰ ਦੇ ਬਣੇ ਬਰਗਰ, ਬ੍ਰੈੱਡ ਪਕੌੜਾ ਆਦਿ ਦੇ ਸਕਦੇ ਹੋ। ਬੱਚਿਆਂ ਦੀ ਭੁੱਖ ਅਨੁਸਾਰ ਟਿਫਿਨ ਵਿਚ ਖਾਣਾ ਦਿਓ।

ਬੱਚਿਆਂ ਨੂੰ ਸਕੂਲ ਕੰਟੀਨ ਤੋਂ ਖਾਣ ਲਈ ਉਤਸਾਹਤ ਨਾ ਕਰੋ। ਥੋੜ੍ਹੇ ਵੱਡੇ ਬੱਚਿਆਂ ਨੂੰ ਹਫਤੇ ਵਿਚ ਇਕ ਵਾਰ ਕੰਟੀਨ ਤੋਂ ਖਾਣਾ-ਖਾਣ ਦੀ ਆਗਿਆ ਦੇ ਦਿਓ। ਸਕੂਲ ਜਾਂਦੇ ਸਮੇਂ ਦੁੱਧ ਦੇ ਨਾਲ ਫਲ ਖਾਣ ਨੂੰ ਦੇ ਸਕਦੇ ਹੋ ਜਿਵੇਂ ਸੇਬ ਅਤੇ ਕੇਲਾ ਆਦਿ।

ਸਾਮ ਨੂੰ ਬੱਚਿਆਂ ਨੂੰ ਘਰ 'ਤੇ ਬਣੇ ਸਨੈਕਸ ਦਿਓ। ਟਿਫਿਨ ਵਿਚ ਹਫਤੇ ਵਿਚ ਇਕ ਵਾਰ ਨਮਕੀਨ ਚਾਵਲ ਸਬਜੀ ਵਾਲੇ ਦੇ ਸਕਦੇ ਹੋ। ਸੈਂਡਵਿਚ, ਪਨੀਰ, ਪਿਆਜ, ਟਮਾਟਰ ਦੇ ਜਾਂ ਖੀਰੇ ਵਾਲੇ, ਮੌਸਮ ਅਨੁਸਾਰ ਦੇ ਸਕਦੇ ਹੋ। ਬੱਚਿਆਂ ਨੂੰ ਬ੍ਰੈੱਡ 'ਤੇ ਚੀਜ ਅਤੇ ਬਾਰੀਕ ਕੱਟੀ ਬੰਦਗੋਭੀ ਵੀ ਟਿਫਿਨ ਵਿਚ ਦਿੱਤੀ ਜਾ ਸਕਦੀ ਹੈ।

ਟਿਫਿਨ ਦੀ ਸਫਾਈ ਵੱਲ ਵੀ ਸਹੀ ਧਿਆਨ ਦਿਓ ਤਾਂ ਕਿ ਟਿਫਿਨ ਵਿਚ ਪਿਛਲੇ ਖਾਣੇ ਦੀ ਬਦਬੂ ਨਾ ਆਵੇ।

# ਕੁਝ ਕਹਿੰਦੇ ਹਨ ਬਜੁਰਗ

ਜਿੰਦਗੀ ਦਾ ਆਖਰੀ ਪੜਾਅ ਬੁਢਾਪਾ ਹੈ ਤੇ ਇਸ ਉਮਰ 'ਚ ਹਰ ਇਨਸਾਨ ਸਰੀਰਕ ਤੇ ਮਾਨਸਿਕ ਕਮਜੋਰੀ ਦੀ ਜਕੜ ਵਿਚ ਆ ਜਾਂਦਾ ਹੈ। ਬਚਪਨ ਤੇ ਜਵਾਨੀ ਤੋਂ ਬਾਅਦ ਪਰਿਵਾਰਕ ਜਿੰਮੇਵਾਰੀਆਂ ਨਿਭਾਉਂਦਿਆਂ ਬੱਚਿਆਂ ਦਾ ਭਵਿੱਖ ਸੰਵਾਰਨ, ਉਨ੍ਹਾਂ ਲਈ ਸੁੱਖ-ਸਾਧਨਾਂ ਤੇ ਸਹੂਲਤਾਂ ਦੇ ਉਪਰਾਲੇ ਕਰਦਿਆਂ ਉਮਰ ਦੇ ਇਸ ਪੜਾਅ 'ਤੇ ਉਹ ਇਕੱਲਤਾ ਤੇ ਖਾਲੀਪਨ ਦਾ ਅਹਿਸਾਸ ਪਾਲਦਾ ਹੈ। ਪਹਿਲੇ ਵੇਲਿਆਂ ਵਿਚ ਬਜੁਰਗ ਨੂੰ ਘਰ ਵਿਚ ਸਭ ਤੋਂ ਵੱਡਾ ਤੇ ਸਿਆਣਾ ਜਾਣ ਕੇ ਸਭ ਵਲੋਂ ਸਤਿਕਾਰ ਮਿਲਦਾ ਸੀ। ਉਨ੍ਹਾਂ



ਦੀ ਦੇਖਭਾਲ ਤੇ ਸਾਂਭ-ਸੰਭਾਲ ਆਪਣੇ ਕੰਮ ਦਾ ਹਿੱਸਾ ਸਮਝ ਕੇ ਪੁੱਤ-ਭਤੀਜੇ ਤੇ ਪੋਤਰੇ ਰਲ ਕੇ ਕਰਦੇ ਸਨ। ਬੱਚੇ ਇਹ ਕੁਝ ਅੱਖੀਂ ਵੇਖਦੇ ਤੇ ਵੱਡੇ ਹੋ ਕੇ ਰਿਸਤਿਆਂ ਦੀ ਅਹਿਮੀਅਤ ਖੁਦ-ਬਖੁਦ ਪਛਾਣਨ ਲੱਗ ਜਾਂਦੇ ਹਨ ਪਰ ਅੱਜ ਮਾਹੌਲ ਬਦਲ ਚੁੱਕਾ ਹੈ। ਬਜੁਰਗਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਸਮਝਣ ਤੇ ਵੇਖਣ ਕਿ ਸਾਡੇ ਕੋਲ ਸਮਾਂ ਤੇ ਵਿਹਲ ਕਿੱਥੇ ? ਉਹ ਖੁਦ ਹੀ ਆਪਣੇ-ਆਪ ਨੂੰ ਸੰਭਾਲਣ। ਹਰ ਬਜੁਰਗ ਮਾਂ-ਬਾਪ ਵੀ ਪੂਰੀ ਵਾਹ ਲਾਉਂਦੇ ਹਨ ਕਿ ਸਾਡੇ ਬੱਚਿਆਂ ਦੀ ਜੀਵਨ-ਸੈਲੀ ਵਿਚ ਸਾਡੇ ਕਾਰਨ ਕੋਈ ਵਿਘਨ ਨਾ ਆਵੇ। ਇਸ ਸਥਿਤੀ ਵਿਚ ਬਜੁਰਗ ਅੱਜ ਦੀ ਪੀੜ੍ਹੀ ਅੱਗੇ ਕੁਝ ਮੰਗਾਂ ਰੱਖ ਕੇ, ਆਸਾਂ ਉਮੀਦਾਂ ਨਾਲ ਉਨ੍ਹਾਂ ਦੇ ਫਰਜ ਯਾਦ ਕਰਵਾਉਂਦੇ ਹੋਏ ਕੁਝ ਨੁਕਤਿਆਂ 'ਤੇ ਗੌਰ ਕਰਨ ਲਈ ਉਨ੍ਹਾਂ ਨੂੰ ਕੁਝ ਇਸ ਤਰ੍ਹਾਂ ਵੰਗਾਰਦੇ ਹਨ:

ਜਦੋਂ ਅਸੀਂ ਬੁੱਢੇ ਤੇ ਕਮਜੋਰ ਹੋਣ ਦੀ ਸਿਕਾਇਤ ਕਰਦੇ ਹਾਂ ਤਾਂ ਤਲਖ ਨਾ ਹੋਵੋ, ਧੀਰਜ ਰੱਖੋ ਤੇ ਸਾਨੂੰ ਸਮਝਣ ਦੀ ਕੋਸਿਸ ਕਰੋ, ਜਿਵੇਂ ਅਸੀਂ ਤੁਹਾਨੂੰ ਸਮਝਦੇ ਰਹੇ ਹਾਂ।

ਖਾਣਾ ਖਾਣ ਲੱਗੇ ਗੰਦੇ ਹੋ ਜਾਈਏ ਅਤੇ ਕੱਪੜੇ ਆਪ ਨਾ ਪਾ ਸਕੀਏ ਤਾਂ ਸਾਨੂੰ ਸਹਿਣ ਕਰੋ ਤੇ ਸਾਡੀ ਮਦਦ ਕਰੋ। ਉਹ ਸਮਾਂ ਯਾਦ ਕਰੋ ਜਦੋਂ ਅਸੀਂ ਤੁਹਾਨੂੰ ਖਾਣ-ਪੀਣ ਤੋਂ ਬਾਅਦ ਸਾਫ ਕਰਕੇ ਤਿਆਰ ਕਰਦੇ ਰਹੇ ਹਾਂ।

ਜੇਕਰ ਅਸੀਂ ਬੋਲਦੇ ਸਮੇਂ ਇਕੋ ਗੱਲ ਵਾਰ-ਵਾਰ ਦੁਹਰਾਉਂਦੇ ਜਾਈਏ ਤਾਂ ਸਾਨੂੰ ਟੋਕੋ ਨਾ, ਨਿੱਕੇ ਹੁੰਦਿਆਂ ਜਿੰਨਾ ਚਿਰ ਤੁਸੀਂ ਸੌਂ ਨਹੀਂ ਸੀ ਜਾਂਦੇ, ਅਸੀਂ ਉਹੀ ਕਹਾਣੀ ਵਾਰ-ਵਾਰ ਸੁਣਾਉਂਦੇ ਸੀ।

ਜੇਕਰ ਸਾਡਾ ਨਹਾਉਣ ਦਾ ਮਨ ਨਾ ਹੋਵੇ ਤਾਂ ਸਾਨੂੰ ਦਬਕੇ ਨਾ ਮਾਰੋ ਤੇ ਨਾ ਹੀ ਸਰਮਸਾਰ ਕਰੋ, ਯਾਦ ਕਰੋ ਤੁਹਾਨੂੰ ਨਹਾਉਣ ਲੱਗੇ ਸਾਨੂੰ ਕਈ ਬਹਾਨੇ ਸੁਣਨੇ ਪੈਂਦੇ ਸਨ।

ਜੇਕਰ ਕੋਈ ਗੱਲ ਭੁੱਲ ਜਾਈਏ ਜਾਂ ਗੱਲਾਂ ਕਰਦੇ ਲੜੀ ਟੁੱਟ ਜਾਵੇ ਤਾਂ ਸਾਨੂੰ ਯਾਦ ਕਰਨ ਲਈ ਲੋੜੀਂਦਾ ਸਮਾਂ ਦੇ ਕੇ ਸਾਡੇ ਕੋਲ ਬੈਠ ਕੇ ਸੁਣੋ ਜਰੂਰ।

ਜਦੋਂ ਸਾਡੀਆਂ ਕਮਜੋਰ ਲੱਤਾਂ ਤੁਰਨ ਤੋਂ ਆਤੁਰ ਹੋ ਜਾਣ ਤਾਂ ਸਾਡੇ ਨਾਲ ਤੁਰੋ, ਸਾਨੂੰ ਆਪਣਾ ਹੱਥ ਦਿਓ, ਜਿਵੇਂ ਤੁਸੀਂ ਸਾਡਾ ਹੱਥ ਫੜ ਕੇ ਚੱਲਣਾ ਸਿੱਖਦੇ ਸੀ।

ਸਾਡੇ ਇਹ ਨੁਕਤੇ ਪੜ੍ਹ-ਸੁਣ ਕੇ ਤੁਸੀਂ ਘੜਿਆ-ਘੜਾਇਆ ਜਵਾਬ ਜਰੂਰ ਦਿਓਗੇ ਕਿ ਇਹ ਤਾਂ ਤੁਹਾਡੇ ਫਰਜ ਸਨ ਪਰ ਅਸੀਂ ਤੁਹਾਨੂੰ ਜਰੂਰ ਕਹਾਂਗੇ ਕਿ ਤੁਸੀਂ ਵੀ ਸਾਡੇ ਪ੍ਰਤੀ ਆਪਣੇ ਫਰਜ ਤੇ ਜਿੰਮੇਵਾਰੀ ਦਾ ਅਹਿਸਾਸ ਕਰੋ। ਕਿਸੇ ਦਿਨ ਤੁਸੀਂ ਜਾਣ ਜਾਓਗੇ ਕਿ ਤੁਹਾਡੀਆਂ ਕਈ ਗਲਤੀਆਂ ਦੇ ਹੁੰਦਿਆਂ ਵੀ ਅਸੀਂ ਤੁਹਾਡੇ ਲਈ ਵਧੀਆ ਸੋਚਿਆ ਤੇ ਤੁਹਾਡੇ ਲਈ ਰਸਤੇ ਤਿਆਰ ਕੀਤੇ।

ਅਸੀਂ ਤੁਹਾਨੂੰ ਜਾਣ ਲੱਗੇ ਵੀ ਮੁਸਕਰਾਹਟ ਤੇ ਦਿਲੀ ਪਿਆਰ ਹੀ ਦੇ ਕੇ ਜਾਵਾਂਗੇ। ਜੋ ਪਿਆਰ, ਸਤਿਕਾਰ ਦਾ ਪ੍ਰਗਟਾਵਾ ਤੇ ਵਿਖਾਵਾ ਤੁਹਾਨੂੰ ਸਾਡੇ ਜਾਣ ਤੋਂ ਬਾਅਦ ਲੱਖਾਂ ਰੁਪਏ ਖਰਚ ਕਰਕੇ ਕਰਨਾ ਪੈਂਦਾ ਹੈ, ਉਸ ਦੀ ਬਜਾਏ ਸਾਡਾ ਬੁਢਾਪਾ ਵਧੀਆ ਯਾਦਗਾਰ ਤੇ ਸੁਖਦਮਈ ਬਣਾ ਕੇ ਲੋਕਾਂ ਵਿਚ ਮਿਸਾਲ ਪੈਦਾ ਕਰ ਦਿਓ।

ਕੁਲਮਿੰਦਰ ਕੌਰ

# ਕੇਲੇ ਦੇ ਰੋਲਜ

ਤਿਆਰੀ ਦਾ ਸਮਾਂ 10 ਮਿੰਟ, ਪਕਾਉਣ 'ਚ ਲੱਗਣ ਵਾਲਾ ਸਮਾਂ 15 ਮਿੰਟ (ਅੱਠ ਰੋਲਜ ਬਣਾਉਣ ਲਈ)



ਸਮੱਗਰੀ : ਦੋ ਕੱਚੇ ਕੇਲੇ, ਦੋ ਚਾਹ ਵਾਲੇ ਚਮਚ ਬਾਰੀਕ ਕੱਟਿਆ ਅਦਰਕ, ਇਕ ਵੱਡੀ ਇਲਾਇਚੀ ਦੇ ਦਾਣੇ, 1/4 ਕੱਪ ਦੜਊ (ਕੁੱਟੂ) ਦਾ ਆਟਾ, ਸਵਾਦ ਅਨੁਸਾਰ ਸੇਂਧਾ ਨਮਕ, ਦੋ ਚਾਹ ਵਾਲੇ ਚਮਚ ਭੁੰਨਿਆ ਪੀਸਿਆ ਸੁੱਕਾ ਧਨੀਆ, ਅੱਧਾ ਚਾਹ ਵਾਲਾ ਚਮਚ ਮਿਰਚ ਪਾਊਡਰ, ਦੋ ਚਮਚ ਨਿੰਬੂ ਦਾ ਰਸ, ਦੋ ਬਾਰੀਕ ਕੱਟੀਆਂ ਹਰੀਆਂ ਮਿਰਚਾਂ, ਦੋ ਚਮਚ (ਟੇਬਲ) ਕੱਟਿਆ ਹਰਾ ਧਨੀਆ ਅਤੇ ਤਲਣ ਲਈ ਤੇਲ।

ਵਿਧੀ : ਕੇਲੇ ਨੂੰ ਚੰਗੀ ਤਰ੍ਹਾਂ ਧੋ ਕੇ ਛਿੱਲ ਲਓ ਅਤੇ ਅੱਧ 'ਚੋਂ ਕੱਟ ਲਓ। ਕੇਲਾ, ਅਦਰਕ, ਇਲਾਇਚੀ ਸਾਰਿਆਂ ਨੂੰ ਇਕੱਠੇ ਭਾਫ ਲਗਾ ਕੇ ਜਾਂ ਪਾਣੀ ਵਿਚ ਪਾ ਕੇ ਉਦੋਂ ਤੱਕ ਪਕਾਓ ਜਦੋਂ ਤੱਕ ਕਿ ਕੇਲਾ ਪੱਕ ਨਾ ਜਾਵੇ। ਇਹ ਧਿਆਨ ਜਰੂਰ ਰੱਖੋ ਕਿ ਕੇਲਾ ਨਾ ਤਾਂ ਜਿਆਦਾ ਗਲੇ ਅਤੇ ਨਾ ਹੀ ਭਾਂਡੇ ਵਿਚ ਪਾਣੀ ਬਾਕੀ ਰਹੇ . ਪੱਕਣ ਤੋਂ ਬਾਅਦ ਅੱਗ ਤੋਂ ਲਾਹ ਕੇ ਠੰਢਾ ਹੋਣ ਲਈ ਛੱਡ ਦਿਓ। ਜਦੋਂ ਠੰਢਾ ਹੋ ਜਾਵੇ ਤਾਂ ਕੇਲੇ ਨੂੰ ਮਸਲ ਕੇ ਘਿਓ ਤੋਂ ਇਲਾਵਾ ਬਾਕੀ ਸਾਰੀ ਸਮੱਗਰੀ ਪਾ ਕੇ ਚੰਗੀ ਤਰ੍ਹਾਂ ਹਿਲਾ ਲਓ . ਹੁਣ ਇਸ ਮਿਸਰਨ ਦੇ ਛੋਟੇ-ਛੋਟੇ ਗੋਲੇ ਬਣਾ ਰੋਲਜ ਨੂੰ ਮੱਧਮ ਅੱਗ 'ਤੇ ਦੋਵਾਂ ਪਾਸਿਓ ਤੋਂ ਸੁਨਹਿਰਾ ਹੋਣ ਤੱਕ ਭੁੰਨੋ। ਕੇਲੇ ਦੇ ਰੋਲਜ ਤਿਆਰ ਹਨ। ਗਰਮ-ਗਰਮ ਪਰੋਸੋ।

# ਸੁੰਦਰਤਾ ਸਾਧਨਾਂ ਦੇ ਮਾੜੇ ਪ੍ਰਭਾਵਾਂ ਤੋਂ ਬਚੋ

ਖੂਬਸੂਰਤ ਦਿਸਣ ਲਈ ਅਸੀਂ ਕਈ ਤਰ੍ਹਾਂ ਦੇ ਸੁੰਦਰਤਾ ਸਾਧਨਾਂ ਦੀ ਵਰਤੋਂ ਕਰਦੇ ਹਾਂ, ਕਈ ਵਾਰ ਇਨ੍ਹਾਂ ਨੂੰ ਲੈਣ ਤੋਂ ਬਾਅਦ ਚਮੜੀ ਵਿਚ ਕਈ ਹੋਰ ਤਰ੍ਹਾਂ ਦੀ ਸਮੱਸਿਆ ਪੈਦਾ ਹੋ ਜਾਂਦੀਆਂ ਹਨ। ਕਿਸ ਤਰ੍ਹਾਂ ਦੇ ਸੁੰਦਰਤਾ ਸਾਧਨਾਂ ਦੇ ਕੀ ਮਾੜੇ ਪ੍ਰਭਾਵ ਪੈ ਸਕਦੇ ਹਨ, ਉਨ੍ਹਾਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ, ਆਓ ਜਾਣੀਏ-

ਵਾਲਾਂ ਨੂੰ ਸਿੱਧੇ ਕਰਨਾ : ਵਾਲਾਂ ਨੂੰ ਸਿੱਧਾ ਕਰਨ ਲਈ ਉਨ੍ਹਾਂ 'ਤੇ ਡ੍ਰਾਇਰ ਜਾਂ ਆਇਰਨ ਕਰਨਾ ਜਾਂ ਸੈਲੂਨ ਵਿਚ ਜਾ ਕੇ ਉੱਚ ਤਾਪਮਾਨ ਇਲਾਜ ਨਾਲ ਵਾਲਾਂ 'ਤੇ ਮਾੜਾ ਅਸਰ ਹੁੰਦਾ ਹੈ। ਵਾਲਾਂ 'ਤੇ ਰੋਜ਼ ਡ੍ਰਾਇਰ ਜਾਂ ਆਇਰਨ ਕਰਨਾ ਉਨ੍ਹਾਂ ਨੂੰ ਖਰਾਬ ਕਰ ਸਕਦਾ ਹੈ। ਇਸ ਲਈ ਇਨ੍ਹਾਂ ਨੂੰ ਸਿੱਧੇ ਕਰਨ ਲਈ ਚੰਗੇ ਸੈਲੂਨ ਵਿਚ ਕਿਸੇ ਅਨੁਭਵੀ ਦੀ ਮਦਦ ਲਓ। ਜੋ ਵਾਲਾਂ ਨੂੰ ਸਿੱਧਾ ਕਰਨ ਲਈ ਸਹੀ ਤਰੀਕਾ ਅਪਣਾਵੇ।

ਮੈਨੀਕਿਉਰ, ਪੈਡੀਕਿਉਰ : ਹੱਥਾਂ ਅਤੇ ਪੈਰਾਂ ਨੂੰ ਖੂਬਸੂਰਤ ਬਣਾਉਣ ਲਈ ਇਸ ਨੂੰ ਕਰਾਇਆ ਜਾਂਦਾ ਹੈ। ਇਸ ਵਿਚ ਨਹੁੰਆਂ ਨੂੰ ਇਕਸਾਰ ਦਿਖਾਉਣ ਲਈ ਇਨ੍ਹਾਂ ਦੀ ਉਪਰਲੀ ਪਰਤ ਨੂੰ ਰਗੜਿਆ ਜਾਂਦਾ ਹੈ, ਜਿਸ ਨਾਲ ਉਨ੍ਹਾਂ ਦੀ ਪਰਤ ਦੀ ਨਮੀ ਖ਼ਤਮ ਹੋ ਜਾਂਦੀ ਹੈ ਅਤੇ ਨਹੁੰ ਕਮਜ਼ੋਰ ਹੋ ਜਾਂਦੇ ਹਨ। ਜੇ ਮੈਨੀਕਿਉਰ ਅਤੇ ਪੈਡੀਕਿਉਰ ਕਰਨ ਵਾਲੇ ਟੱਬ ਦੀ ਸ਼ੁੱਧਤਾ ਸੁਨਿਸਚਿਤ ਨਾ ਹੋਵੇ ਤਾਂ ਬੈਕਟੀਰੀਅਲ ਇਨਫੈਕਸ਼ਨ ਹੋ ਸਕਦਾ ਹੈ। ਇਸ ਤੋਂ ਬਚਣ ਲਈ ਜ਼ਰੂਰੀ ਹੈ ਕਿ ਸੈਲੂਨ ਵਿਚ ਇਸਤੇਮਾਲ ਹੋਣ ਵਾਲੇ ਔਜ਼ਾਰ ਕੀਟਾਣੂ ਮੁਕਤ ਹੋਣੇ ਚਾਹੀਦੇ ਹਨ। ਟੱਬ ਚੰਗੀ ਤਰ੍ਹਾਂ ਸਾਫ਼ ਹੋਣਾ ਚਾਹੀਦਾ ਹੈ। ਬਿਹਤਰ ਹੋਵੇਗਾ ਜੇ ਸਵੇਰ ਦੇ ਸਮੇਂ ਇਸ ਨੂੰ ਕਰਾਇਆ ਜਾਵੇ, ਕਿਉਂਕਿ ਉਸ ਸਮੇਂ ਇਹ ਸਾਫ਼-ਸੁਥਰਾ ਅਤੇ ਧੋਤਾ ਹੁੰਦਾ ਹੈ।

ਨਹੁੰ-ਪਾਲਿਸ਼ ਉਤਾਰਨ ਵਾਲੇ ਤਰਲ ਨਾਲ ਨਹੁੰ ਖੁਸ਼ਕ ਹੋ ਜਾਂਦੇ ਹਨ ਅਤੇ ਇਕ ਵਾਰ ਨਹੁੰਆਂ ਉੱਤੋਂ ਨਹੁੰ-ਪਾਲਿਸ਼ ਲਾਹ ਦੇਣ ਤੋਂ ਬਾਅਦ ਕੁਝ ਦਿਨ ਉਨ੍ਹਾਂ ਨੂੰ ਇੰਜ ਹੀ ਛੱਡ ਦੇਣਾ ਚਾਹੀਦਾ ਹੈ।



ਹੇਅਰ ਬਲੀਚਿੰਗ : ਵਾਲਾਂ ਨੂੰ ਰੰਗ ਕਰਨ ਲਈ ਅਮੋਨੀਆ ਦੀ ਵਰਤੋਂ ਵਾਲਾਂ ਨੂੰ ਨੁਕਸਾਨ ਕਰ ਸਕਦੀ ਹੈ। ਰੰਗ ਕਰਨ ਵਾਲੇ ਉਤਪਾਦਾਂ ਵਿਚ ਮੌਜੂਦ ਰਸਾਇਣ ਵਾਲਾਂ ਦੇ ਕਿਊਟੀਕਲਸ ਨੂੰ ਖੋਲ੍ਹ ਕੇ ਇਸ ਦੇ ਅੰਦਰ ਰੰਗ ਨੂੰ ਪਹੁੰਚਾਉਂਦਾ ਹੈ, ਜਿਸ ਲਈ ਉਨ੍ਹਾਂ ਨੂੰ ਬਲੀਚ ਕੀਤਾ ਜਾਂਦਾ ਹੈ। ਵਾਲਾਂ ਦੇ ਕਿਊਟੀਕਲਸ ਖੁੱਲ੍ਹਣ ਤੋਂ ਬਾਅਦ ਵਾਲਾਂ ਦੀ ਨਮੀ ਖ਼ਤਮ ਹੋ ਜਾਂਦੀ ਹੈ। ਇਹ ਰੁੱਖੇ, ਬੇਜਾਨ ਅਤੇ ਦੋ-ਮੂੰਹੇਂ ਹੋ ਕੇ ਟੁੱਟਣ ਲਗਦੇ ਹਨ। ਜੇ ਸੈਲੂਨ ਵਿਚ ਜਾ ਕੇ ਵਾਲਾਂ ਨੂੰ ਬਲੀਚ ਕਰਾਉਣਾ ਹੋਵੇ ਤਾਂ ਅਮੋਨੀਆ ਮੁਕਤ ਵਿਧੀ ਅਪਣਾਓ ਅਤੇ ਆਪਣੇ ਵਾਲਾਂ ਵਿਚ ਵਾਰ-ਵਾਰ ਰੰਗ ਨਾ ਬਦਲੋ, ਕਿਉਂਕਿ ਵਾਰ-ਵਾਰ ਅਮੋਨੀਆ ਦੀ ਵਰਤੋਂ ਨਾਲ ਵਾਲ ਖਰਾਬ ਹੋ ਸਕਦੇ ਹਨ।

ਫੇਸ਼ੀਅਲ ਬਲੀਚਿੰਗ : ਚਮੜੀ ਮਾਹਿਰਾਂ ਦੀ ਮੰਨੀਏ ਤਾਂ ਮਹੀਨੇ ਵਿਚ ਇਕ ਹੀ ਵਾਰ ਫੇਸ਼ੀਅਲ ਕਰਾਉਣਾ ਚਾਹੀਦਾ ਹੈ। ਇਸ ਦੀ ਪ੍ਰਕਿਰਿਆ ਬੇਹੱਦ ਆਸਾਨ ਹੁੰਦੀ ਹੈ ਅਤੇ ਬਾਜ਼ਾਰ ਵਿਚ ਇਸ ਦੀ ਕਿੱਟ ਵੀ ਮਿਲਦੀ ਹੈ।

ਪਰ ਜੇ ਇਸ ਨੂੰ ਘਰ ਵਿਚ ਹੀ ਕਰਨਾ ਹੋਵੇ ਤਾਂ ਇਸ ਨੂੰ ਘੋਲਣ ਲਈ ਕਿਸੇ ਧਾਤ ਦੇ ਭਾਂਡੇ ਦੀ ਵਰਤੋਂ ਨਾ ਕਰੋ ਅਤੇ ਚਿਹਰੇ 'ਤੇ ਇਸ ਦੀ ਵਰਤੋਂ ਕਰਨ ਤੋਂ ਪਹਿਲਾਂ ਸਰੀਰ ਦੇ ਛੋਟੇ ਜਿਹੇ ਹਿੱਸੇ ਵਿਚ ਲਗਾ ਕੇ ਦੇਖੋ ਕਿ ਇਸ ਨਾਲ ਚਮੜੀ ਵਿਚ ਖਾਰਸ਼ ਤਾਂ ਨਹੀਂ ਹੁੰਦੀ ?

20 ਸਾਲ ਦੀ ਉਮਰ ਤੋਂ ਪਹਿਲਾਂ ਬਲੀਚਿੰਗ ਨਹੀਂ ਕਰਾਉਣੀ ਚਾਹੀਦੀ। ਇਸ ਦੀ ਵਜ੍ਹਾ ਨਾਲ ਚਿਹਰੇ 'ਤੇ ਖਾਰਸ਼ ਦਾ ਹੋਣਾ, ਚਮੜੀ ਦਾ ਲਾਲ ਹੋਣਾ, ਚਮੜੀ ਦਾ ਰੰਗ ਕਾਲਾ ਪੈਣਾ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਜੇ ਇਕ ਨਿਸਚਿਤ ਸਮੇਂ ਦੇ ਅੰਦਰ ਇਸ ਨੂੰ ਚਿਹਰੇ ਤੋਂ ਨਾ ਹਟਾਇਆ ਜਾਵੇ ਤਾਂ ਚਮੜੀ ਨੁਕਸਾਨਗ੍ਰਸਤ ਹੋ ਸਕਦੀ ਹੈ। ਇਸ ਨਾਲ ਚਮੜੀ ਦੀ ਬਾਹਰੀ ਹੀ ਨਹੀਂ, ਅੰਦਰੂਨੀ ਪਰਤ ਨੂੰ ਵੀ ਨੁਕਸਾਨ ਹੋ ਸਕਦਾ ਹੈ।

# ਜਿੰਦਗੀ ਤਾਂ ਆਪਣੇ ਬਲ ਤੇ ਜੀਅ ਜਾਂਦੀ ਹੈ, ਦੂਜਿਆਂ ਦੇ ਮੋਢਿਆਂ ਤੇ ਤਾਂ ਕੇਵਲ ਜਨਾਜੇ ਜਾਂਦੇ ਹਨ - ਭਗਤ ਸਿੰਘ



ਸ਼ਹੀਦ ਭਗਤ ਸਿੰਘ ਦਾ ਜਨਮ 28 ਸਤੰਬਰ, 1907 ਨੂੰ ਲਾਇਲਪੁਰ ਜਿਲ੍ਹੇ ਦੇ ਪਿੰਡ ਬੰਗਾ (ਪੰਜਾਬ, ਬਰਤਾਨਵੀ ਭਾਰਤ, ਹੁਣ ਪਾਕਿਸਤਾਨ) ਵਿਚ ਹੋਇਆ। ਸਹੀਦ ਭਗਤ ਸਿੰਘ ਦਾ ਜੱਦੀ ਨਿਵਾਸ ਅੱਜ ਵੀ ਭਾਰਤੀ ਪੰਜਾਬ ਦੇ ਨਵਾਂ ਸਹਿਰ (ਹੁਣ ਸਹੀਦ ਭਗਤ ਸਿੰਘ ਨਗਰ) ਜਿਲ੍ਹੇ ਦੇ ਖਟਕੜ ਕਲਾਂ ਪਿੰਡ ਵਿੱਚ ਸਥਿਤ ਹੈ। ਉਨ੍ਹਾਂ ਦੇ ਪਿਤਾ ਦਾ ਨਾਮ ਸਰਦਾਰ ਕਿਸਨ ਸਿੰਘ ਅਤੇ ਮਾਤਾ ਦਾ ਨਾਮ ਵਿਦਿਆਵਤੀ ਸੀ। ਭਗਤ ਸਿੰਘ ਨੂੰ ਦੇਸ਼ ਭਗਤੀ ਦੀ ਗੁੜ੍ਹਤੀ ਪਰਿਵਾਰ ਵਲੋਂ ਹੀ ਮਿਲੀ। ਉਨ੍ਹਾਂ ਦੇ ਪਿਤਾ ਅਤੇ ਚਾਚੇ ਸੁਤੰਤਰਤਾ ਸੰਗਰਾਮੀ ਸਨ। ਭਗਤ ਸਿੰਘ ਦੀ ਉੱਚ ਸਿੱਖਿਆ ਲਾਇਲਪੁਰ ਦੇ ਜਿਲ੍ਹਾ ਬੋਰਡ ਪ੍ਰਾਇਮਰੀ ਸਕੂਲ ਵਿੱਚ ਹੋਈ। ਬਾਅਦ ਵਿੱਚ ਉਹ ਡੀ ਏ ਵੀ ਹਾਈ ਸਕੂਲ ਲਾਹੌਰ ਵਿੱਚ ਦਾਖਲ ਹੋ ਗਿਆ। ਅੰਮ੍ਰਿਤਸਰ ਵਿੱਚ 13 ਅਪ੍ਰੈਲ 1919 ਨੂੰ ਹੋਏ ਜਲ੍ਹਿਆਂ ਵਾਲਾ ਬਾਗ ਹੱਤਿਆਕਾਂਡ ਨੇ ਭਗਤ ਸਿੰਘ ਦੀ ਸੋਚ ਤੇ ਡੂੰਘਾ ਅਸਰ ਪਾਇਆ ਸੀ। ਇਸ ਘਟਨਾ ਨੇ ਉਨ੍ਹਾਂ ਦੇ ਮਨ 'ਚ ਅੰਗਰੇਜ਼ਾਂ ਦੇ ਪ੍ਰਤੀ ਨਫਰਤ ਭਰ ਦਿੱਤੀ। ਫਰਵਰੀ 1921 ਨੂੰ ਨਨਕਾਣਾ ਸਾਹਿਬ ਗੁਰਦੁਆਰੇ ਦੇ ਮੋਰਚੇ ਨੇ ਭਗਤ ਸਿੰਘ ਦੇ ਮਨ ਤੇ ਡੂੰਘੀ ਛਾਪ ਛੱਡੀ। ਨਾਮਿਲਵਰਤਨ ਅੰਦੋਲਨ ਵਾਪਸ ਲੈਣ ਤੋਂ ਬਾਅਦ ਭਗਤ ਸਿੰਘ ਮਹਾਤਮਾ ਗਾਂਧੀ ਦੇ ਅਹਿੰਸਾ ਦੇ ਦਰਸਨ ਤੋਂ ਨਿਰਾਸ ਹੋ ਗਿਆ। ਭਗਤ ਸਿੰਘ ਨੇ ਨੌਜਵਾਨ ਇਨਕਲਾਬੀ ਲਹਿਰ ਵਿੱਚ ਸ਼ਾਮਲ ਹੁੰਦਿਆਂ ਭਾਰਤ ਵਿੱਚੋਂ ਬ੍ਰਿਟਿਸ ਸਰਕਾਰ ਦੇ ਹਿੰਸਕ ਵਿਰੋਧ ਦੀ ਵਕਾਲਤ ਕਰਨੀ ਸੁਰੂ ਕਰ ਦਿੱਤੀ। ਨੇ 1923 ਵਿਚ ਲਾਹੌਰ ਦੇ ਨੈਸਨਲ ਕਾਲਜ ਵਿਚ ਦਾਖਲਾ ਲਿਆ। ਉਸ ਵੇਲੇ ਤੱਕ ਇਹ ਨੌਜਵਾਨ ਉਰਦੂ, ਹਿੰਦੀ, ਪੰਜਾਬੀ, ਅੰਗਰੇਜੀ ਤੇ ਸੰਸਕ੍ਰਿਤ ਭਾਸਾਵਾਂ 'ਤੇ ਖਾਸੀ ਪਕੜ ਬਣਾ ਚੁੱਕਿਆ ਸੀ। ਭਗਤ ਸਿੰਘ ਨੇ ਭਾਰਤ ਦੀ ਆਜਾਦੀ ਲਈ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਕ੍ਰਾਂਤੀਕਾਰੀ ਸਾਥੀ ਬਟੁਕੇਸਵਰ ਦੱਤ ਦੇ ਨਾਲ ਮਿਲਕੇ ਭਗਤ ਸਿੰਘ ਨੇ ਨਵੀਂ ਦਿੱਲੀ ਦੀ ਸੈਂਟਰਲ ਅਸੈਂਬਲੀ ਦੇ ਸਭਾ ਹਾਲ ਵਿੱਚ 8 ਅਪ੍ਰੈਲ, 1928 ਨੂੰ ਅੰਗਰੇਜ ਸਰਕਾਰ ਨੂੰ ਜਗਾਉਣ ਦੇ ਲਈ ਬੰਬ ਸੁੱਟਿਆ। ਬੰਬ ਸੁੱਟਣ ਦੇ ਬਾਅਦ ਉੱਥੇ ਹੀ ਦੋਨਾਂ ਨੇ ਆਪਣੀ ਗਿਰਫਤਾਰੀ ਦੇ ਦਿੱਤੀ। ਜਲ੍ਹਿਆਂ ਵਾਲਾ ਬਾਗ ਹੱਤਿਆਕਾਂਡ ਦੀ ਸੂਚਨਾ ਮਿਲਦੇ ਹੀ ਭਗਤ ਸਿੰਘ ਆਪਣੇ ਸਕੂਲ ਤੋਂ 12 ਮੀਲ ਪੈਦਲ ਚੱਲ ਕੇ ਜੱਲਿਆਂਵਾਲਾ ਬਾਗ ਪਹੁੰਚ ਗਏ। ਇਸ ਉਮਰ ਵਿੱਚ ਭਗਤ ਸਿੰਘ ਆਪਣੇ ਚਾਚਿਆਂ ਦੀਆਂ ਕ੍ਰਾਂਤੀਕਾਰੀ ਕਿਤਾਬਾਂ ਪੜ੍ਹਦੇ ਅਤੇ ਸੋਚਦੇ ਸਨ ਕਿ ਉਨ੍ਹਾਂ ਦਾ ਰਸਤਾ ਠੀਕ ਹੈ ਕਿ ਨਹੀਂ ? ਗਾਂਧੀ ਜੀ ਦੇ ਨਾਮਿਲਵਰਤਨ ਅੰਦੋਲਨ ਛਿੜਨ ਦੇ ਬਾਅਦ ਉਹ ਗਾਂਧੀ ਜੀ ਦੇ ਅਹਿੰਸਕ ਤਰੀਕਿਆਂ ਅਤੇ ਹਿੰਸਕ ਅੰਦੋਲਨ ਵਿੱਚੋਂ ਆਪਣੇ ਲਈ ਰਸਤਾ ਚੁਣਨ ਲੱਗੇ। ਮੁਕੱਦਮੇ ਦੌਰਾਨ ਭਾਰਤ ਦੇ ਇਸ ਮਹਾਨ ਸਪੂਤ ਨੇ ਆਪਣੀ ਰਿਹਾਈ ਲਈ ਭੋਰਾ ਵੀ ਜੋਰ ਨਹੀਂ ਲਗਾਇਆ ਪਰ ਦੇਸ ਦੀ ਆਜਾਦੀ ਲਈ ਆਖਰੀ ਸਾਹ ਤੱਕ ਲੜਨ ਦਾ ਐਲਾਨ ਕੀਤਾ। ਜੇਲ੍ਹ ਵਿੱਚ ਭਗਤ ਸਿੰਘ ਅਤੇ ਬਾਕੀ ਸਾਥੀਆਂ ਨੇ 64 ਦਿਨਾਂ ਤੱਕ ਭੁੱਖ ਹੜਤਾਲ ਕੀਤੀ। ਗਾਂਧੀਵਾਦੀ ਤਰੀਕਿਆਂ ਦੀ ਏਨੀ ਸ਼ਿੱਦਤ ਨਾਲ ਵਰਤੋਂ ਕਰਨ ਦੀ ਇਹ ਅਦੁੱਤੀ ਮਿਸਾਲ ਹੈ। 5 ਜੁਲਾਈ 1929 ਨੂੰ ਪੰਡਤ ਜਵਾਹਰਲਾਲ ਨਹਿਰੂ ਨੇ ਕਾਂਗਰਸ ਸਕੱਤਰ ਦੀ ਹੈਸੀਅਤ ਨਾਲ ਪ੍ਰੈਸ ਨੂੰ ਇੱਕ ਬਿਆਨ ਦਿੱਤਾ "ਮੈਂ ਬਹੁਤ ਦੁੱਖ ਨਾਲ ਭਗਤ ਸਿੰਘ ਅਤੇ ਦੱਤ ਦੀ ਭੁੱਖ ਹੜਤਾਲ ਦਾ ਸਮਾਚਾਰ ਸੁਣਿਆ ਹੈ। ਪਿਛਲੇ 20 ਜਾਂ ਜਿਆਦਾ ਦਿਨਾਂ ਤੋਂ ਉਨ੍ਹਾਂ ਨੇ ਕੁਝ ਵੀ ਖਾਣ ਤੋਂ ਆਪਣੇ ਆਪ ਨੂੰ ਦੂਰ ਰੱਖਿਆ ਹੈ। ਮੈਨੂੰ ਪਤਾ ਚੱਲਿਆ ਹੈ ਕਿ ਜਬਰਦਸਤੀ ਵੀ ਖਾਣਾ ਖਿਲਾਇਆ ਜਾ ਰਿਹਾ ਹੈ। ਅਜਿਹੇ, ਆਪਣੀ ਇੱਛਾ ਨਾਲ ਅਪਣਾਏ ਕਸਟ ਦੇ ਵਕਤ ਸਾਡੇ ਸਭ ਦੇ ਦਿਲ ਉਨ੍ਹਾਂ ਦੇ ਵੱਲ ਉੱਮੜਦੇ ਹਨ। ਉਹ ਆਪਣੇ ਕਿਸੇ ਸਵਾਰਥ ਲਈ ਭੁੱਖ ਹੜਤਾਲ ਤੇ ਨਹੀਂ ਹਨ, ਸਗੋਂ ਰਾਜਨੀਤਕ ਕੈਦੀਆਂ ਦੀ ਹਾਲਤ ਸੁਧਾਰਨ ਲਈ ਅਜਿਹਾ ਕਰ ਰਹੇ ਹਨ। ਜਿਵੇਂ ਜਿਵੇਂ ਦਿਨ ਗੁਜਰ ਰਹੇ ਹਨ ਅਸੀਂ ਇਸ ਔਖੀ ਪਰੀਖਿਆ ਨੂੰ ਬੜੀ ਉਤੇਜਨਾ ਨਾਲ ਵੇਖਦੇ ਰਹਾਂਗੇ ਅਤੇ ਮਨ ਵਿੱਚ ਤੀਬਰ ਇੱਛਾ ਰੱਖਾਂਗੇ ਕਿ ਸਾਡੇ ਇਹ ਦੋਨੋਂ ਬਹਾਦਰ ਭਰਾ ਇਸ ਅਗਨੀ-ਪਰੀਖਿਆ ਵਿੱਚ ਸਫਲ ਹੋਣ।" ਫਾਂਸੀ ਦੇ ਬਾਦ ਕੋਈ ਅੰਦੋਲਨ ਨਾ ਭੜਕ ਜਾਵੇ ਇਸਦੇ ਡਰ ਤੋਂ ਅੰਗਰੇਜਾਂ ਨੇ ਪਹਿਲਾਂ ਉਨ੍ਹਾਂ ਲਾਸਾਂ ਦੇ ਟੁਕੜੇ ਕੀਤੇ ਅਤੇ ਫਿਰ ਬੋਰੀਆਂ ਵਿਚ ਭਰ ਕੇ ਫਿਰੋਜਪੁਰ ਦੇ ਵੱਲ ਲੈ ਗਏ ਜਿੱਥੇ ਮਿੱਟੀ ਦਾ ਤੇਲ ਪਾ ਕੇ ਇਨ੍ਹਾਂ ਨੂੰ ਜਲਾਇਆ ਜਾਣ ਲੱਗਾ। ਪਿੰਡ ਦੇ ਲੋਕਾਂ ਨੇ ਅੱਗ ਵੇਖੀ ਤਾਂ ਕੋਲ ਆਏ। ਇਸ ਤੋਂ ਡਰਕੇ ਅੰਗਰੇਜ ਉਨ੍ਹਾਂ ਦੀਆਂ ਲਾਸਾਂ ਦੇ ਅੱਧਜਲੇ ਟੁਕੜੇ ਸਤਲੁਜ ਨਦੀ ਵਿਚ ਸੁੱਟਕੇ ਭੱਜਣ ਲੱਗੇ। ਜਦੋਂ ਪਿੰਡ ਵਾਲੇ ਕੋਲ ਆਏ ਤਾਂ ਉਨ੍ਹਾਂ ਨੇ ਉਨ੍ਹਾਂ ਦੀਆਂ ਲਾਸਾਂ ਦੇ ਟੁਕੜਿਆਂ ਨੂੰ ਇਕੱਠਾ ਕਰ ਕੇ ਵਿਧੀਵਤ ਦਾਹ ਸੰਸਕਾਰ ਕੀਤਾ। ਭਗਤ ਸਿੰਘ ਹਮੇਸਾ ਲਈ ਅਮਰ ਹੋ ਗਏ। ਇਸ ਤੋਂ ਬਾਅਦ ਲੋਕ ਅੰਗਰੇਜਾਂ ਦੇ ਨਾਲ ਨਾਲ ਮਹਾਤਮਾ ਗਾਂਧੀ ਨੂੰ ਵੀ ਉਨ੍ਹਾਂ ਦੀ ਮੌਤ ਦਾ ਜਿੰਮੇਵਾਰ ਸਮਝਣ ਲੱਗੇ। ਇਸ ਕਾਰਨ ਜਦੋਂ ਗਾਂਧੀਜੀ ਕਾਂਗਰਸ ਦੇ ਕਰਾਚੀ ਸੈਸਨ ਵਿਚ ਹਿੱਸਾ ਲੈਣ ਜਾ ਰਹੇ ਸਨ ਤਾਂ ਲੋਕਾਂ ਨੇ ਕਾਲੇ ਝੰਡਿਆਂ ਦੇ ਨਾਲ ਗਾਂਧੀਜੀ ਦਾ ਸਵਾਗਤ ਕੀਤਾ। ਭਗਤ ਸਿੰਘ ਨੂੰ ਹਿੰਦੀ, ਉਰਦੂ, ਪੰਜਾਬੀ ਅਤੇ ਅੰਗਰੇਜੀ ਦੇ ਇਲਾਵਾ ਬੰਗਲਾ ਵੀ ਆਉਂਦੀ ਸੀ ਜੋ ਕਿ ਉਨ੍ਹਾਂ ਨੇ ਬਟੁਕੇਸਵਰ ਦੱਤ ਤੋਂ ਸਿੱਖੀ ਸੀ। ਭਗਤ ਸਿੰਘ , ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਲਾਉਣ ਦੀ ਮਿਤੀ 24 ਮਾਰਚ, 1931 ਮੁਕਰਰ ਕੀਤੀ ਗਈ ਸੀ। ਪਰੰਤੂ ਲੋਕਾਂ ਦਾ ਇਕੱਠ 23 ਮਾਰਚ ਸਵੇਰ ਤੋਂ ਜੇਲ੍ਹ ਦੇ ਗੇਟ ਬਾਹਰ ਇਕੱਠਾ ਹੋਣ ਲੱਗਾ। ਲੋਕਾਂ ਦੀ ਬਗਾਵਤ ਤੋਂ ਡਰਦਿਆਂ ਅੰਗਰੇਜ਼ ਹਕੂਮਤ ਨੇ ਇੱਕ ਕੋਝੀ ਚਾਲ ਚਲਦਿਆਂ 23 ਮਾਰਚ,1931 ਨੂੰ ਸ਼ਾਮ 7:30 ਵਜੇ ਫਾਂਸੀ ਦੇਣ ਦੀ ਯੋਜਨਾ ਬਣਾਈ। ਜਦੋਂ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਫਾਂਸੀ ਦੇ ਤੱਖਤੇ ਤੱਕ ਲਿਜਾਉਣ ਲਈ ਪੁਲਿਸ ਕਰਮਚਾਰੀ ਆਏ ਤਾਂ ਉਸ ਸਮੇਂ ਭਗਤ ਸਿੰਘ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਫਾਂਸੀ ਸਮੇਂ ਭਗਤ ਸਿੰਘ ਦੀ ਉਮਰ 23 ਸਾਲ , 5 ਮਹੀਨੇ ਅਤੇ 27 ਦਿਨ ਸੀ। ਲੋਕਾਂ ਦੇ ਇਕੱਠ ਤੋਂ ਡਰਦਿਆਂ ਜੇਲ੍ਹ ਦੀ ਪਿਛਲੀ ਦੀਵਾਰ ਤੋੜ ਕੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਲਾਸ਼ਾਂ ਹੁਸੈਨੀਵਾਲਾ (ਫਿਰੋਜ਼ਪੁਰ) ਸਤਲੁਜ ਦਰਿਆਂ ਦੇ ਕੰਢੇ ਤੇ ਜਲ੍ਹਾ ਦਿੱਤੀਆਂ ਗਈਆਂ। ਅੱਜ ਲੋੜ ਹੈ ਉਹਨਾਂ ਦੇ ਦਿਖਾਏ ਰਸਤੇ ਤੇ ਚੱਲਣ ਦੀ। ਭਗਤ ਸਿੰਘ ਤੇ ਉਸਦੇ ਸਾਥੀ ਸਾਡੇ ਦਿਲਾਂ ਵਿੱਚ ਹਮੇਸ਼ਾ ਅਮਰ ਰਹਿਣਗੇ।

# ਆਪਾ-ਵਿਰੋਧੀ ਟਰੰਪ

ਈਰਾਨ 'ਤੇ ਭਿਆਨਕ ਹਮਲੇ ਕਰਨ ਦੀਆਂ ਧਮਕੀਆਂ ਦੇਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਿਸ ਤਰ੍ਹਾਂ ਅਚਾਨਕ ਪੰਜ ਦਿਨਾਂ ਤੱਕ ਈਰਾਨ ਦੇ ਬਿਜਲੀ ਪਲਾਂਟਾਂ 'ਤੇ ਹਮਲੇ ਰੋਕਣ ਦੀ ਗੱਲ ਕਹੀ, ਉਹ ਉਨ੍ਹਾਂ ਦੇ ਆਪਾ-ਵਿਰੋਧੀ ਰਵੱਈਏ ਦਾ ਨਵਾਂ ਸਬੂਤ ਹੀ ਹੈ। ਉਨ੍ਹਾਂ ਨੇ ਬੀਤੇ ਦਿਨੀਂ ਹੀ ਇਹ ਧਮਕੀ ਦਿੱਤੀ ਸੀ ਕਿ ਜੇ ਈਰਾਨ ਨੇ ਹੋਰਮੁਜ ਸਮੁੰਦਰੀ ਮਾਰਗ ਨਹੀਂ ਖੋਲ੍ਹਿਆ ਤਾਂ ਉਸ ਦੇ ਬਿਜਲੀ ਪਲਾਂਟਾਂ ਨੂੰ ਤਬਾਹ ਕਰ ਦਿੱਤਾ ਜਾਵੇਗਾ।



ਇਸ 'ਤੇ ਈਰਾਨ ਨੇ ਚੇਤਾਵਨੀ ਦਿੱਤੀ ਸੀ ਕਿ ਜੇ ਅਜਿਹਾ ਹੋਇਆ ਤਾਂ ਉਕਤ ਜਲ ਮਾਰਗ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਜਾਵੇਗਾ ਅਤੇ ਬਿਜਲੀ ਪਲਾਂਟਾਂ ਦੀ ਮੁਰੰਮਤ ਹੋਣ ਤੱਕ ਉਸ ਨੂੰ ਖੋਲ੍ਹਿਆ ਵੀ ਨਹੀਂ ਜਾਵੇਗਾ। ਇਸ ਤੋਂ ਬਾਅਦ ਟਰੰਪ ਨੇ ਈਰਾਨ ਨਾਲ ਉਸਾਰੂ ਗੱਲ ਹੋਣ ਅਤੇ ਇਸ ਦੇ ਨਤੀਜੇ ਵਿਚ ਉਸ ਦੇ ਬਿਜਲੀ ਪਲਾਂਟਾਂ ਅਤੇ ਤੇਲ ਤੇ ਗੈਸ ਟਿਕਾਣਿਆਂ 'ਤੇ ਅਮਰੀਕੀ ਹਮਲੇ ਮੁਕੰਮਲ ਤੌਰ 'ਤੇ ਰੋਕਣ ਦਾ ਐਲਾਨ ਕੀਤਾ। ਬੇਸ਼ੱਕ ਇਹ ਰਾਹਤ ਵਾਲੀ ਗੱਲ ਹੁੰਦੀ ਜੇ ਈਰਾਨ ਨੇ ਉਨ੍ਹਾਂ ਦੇ ਇਸ ਦਾਅਵੇ 'ਤੇ ਸਹਿਮਤੀ ਜਾਹਰ ਕੀਤੀ ਹੁੰਦੀ।

ਟਰੰਪ ਦੇ ਦਾਅਵੇ ਦੇ ਉਲਟ ਈਰਾਨ ਦਾ ਕਹਿਣਾ ਹੈ ਕਿ ਅਮਰੀਕਾ ਨਾਲ ਨਾ ਤਾਂ ਕੋਈ ਸਿੱਧੀ ਗੱਲ ਹੋਈ ਹੈ ਅਤੇ ਨਾ ਹੀ ਅਸਿੱਧੀ। ਇਸ ਦੀ ਵੀ ਅਣਦੇਖੀ ਨਾ ਕਰੀਏ ਕਿ ਚੰਦ ਦਿਨ ਪਹਿਲਾਂ ਹੀ ਈਰਾਨੀ ਵਿਦੇਸ਼ ਮੰਤਰੀ ਨੇ ਸਾਫ ਕਿਹਾ ਸੀ ਕਿ ਅਮਰੀਕਾ ਨਾਲ ਵਾਰਤਾ ਵਾਸਤੇ ਕੋਈ ਗੁੰਜਾਇਸ਼ ਨਹੀਂ ਹੈ ਕਿਉਂਕਿ ਉਸ ਨੇ ਧੋਖਾ ਦਿੱਤਾ ਹੈ। ਉਨ੍ਹਾਂ ਦਾ ਮਤਲਬ ਅਮਰੀਕੀ ਪ੍ਰਤੀਨਿਧੀਆਂ ਨਾਲ ਗੱਲਬਾਤ ਦੌਰਾਨ ਇਜਰਾਈਲ ਤੇ ਅਮਰੀਕਾ ਦੇ ਉਨ੍ਹਾਂ ਹਮਲਿਆਂ ਤੋਂ ਸੀ ਜੋ 28 ਫਰਵਰੀ ਨੂੰ ਸ਼ੁਰੂ ਹੋਏ ਸਨ।

ਮੰਨਿਆ ਜਾਂਦਾ ਸੀ ਕਿ ਪਿਛਲੇ ਸਾਲ ਜੂਨ ਦੀ ਤਰ੍ਹਾਂ ਇਸ ਵਾਰ ਵੀ ਈਰਾਨ ਇਜਰਾਈਲ ਅਤੇ ਅਮਰੀਕਾ ਦੇ ਸਾਂਝੇ ਹਮਲਿਆਂ ਦਾ ਜਿਆਦਾ ਦਿਨਾਂ ਤੱਕ ਸਾਹਮਣਾ ਨਹੀਂ ਕਰ ਸਕੇਗਾ ਪਰ ਇਨ੍ਹਾਂ ਹਮਲਿਆਂ ਵਿਚ ਆਪਣੇ ਸਰਬਉੱਚ ਨੇਤਾ ਅਯਾਤੁੱਲਾ ਅਲੀ ਖਾਮਨੇਈ ਸਮੇਤ ਹੋਰ ਸੀਨੀਅਰ ਨੇਤਾਵਾਂ ਅਤੇ ਫੌਜੀ ਅਫਸਰਾਂ ਦੇ ਮਾਰੇ ਜਾਣ ਤੋਂ ਬਾਅਦ ਵੀ ਈਰਾਨ ਜਵਾਬੀ ਕਾਰਵਾਈ ਕਰਨ ਵਿਚ ਸਮਰੱਥ ਬਣਿਆ ਹੋਇਆ ਹੈ।

ਉਸ ਨੇ ਇਜਰਾਈਲ ਦੇ ਨਾਲ ਹੀ ਖਾੜੀ ਦੇ ਦੇਸ਼ਾਂ ਨੂੰ ਨਿਸ਼ਾਨਾ ਬਣਾ ਕੇ ਜੰਗ ਨੂੰ ਇਕ ਨਵਾਂ ਵਿਸਥਾਰ ਤਾਂ ਦਿੱਤਾ ਹੀ, ਹੋਰਮੁਜ ਜਲ ਮਾਰਗ ਬੰਦ ਕਰ ਕੇ ਦੁਨੀਆ ਭਰ 'ਚ ਤੇਲ ਅਤੇ ਗੈਸ ਦਾ ਸੰਕਟ ਵੀ ਖੜ੍ਹਾ ਕਰ ਦਿੱਤਾ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਅਮਰੀਕੀ ਰਾਸ਼ਟਰਪਤੀ ਈਰਾਨ ਦੀ ਇਸ ਹਮਲਾਵਰ ਯੁੱਧ ਰਣਨੀਤੀ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਸਨ। ਲੱਗਦਾ ਹੈ ਕਿ ਈਰਾਨ ਦੀ ਚੌਤਰਫਾ ਜਵਾਬੀ ਕਾਰਵਾਈ ਅਤੇ ਉਸ ਦੀ ਵਧਦੀ ਹੋਈ ਮਾਰੂ ਸਮਰੱਥਾ ਨੂੰ ਦੇਖ ਕੇ ਟਰੰਪ ਨੂੰ ਸਮਝ ਨਹੀਂ ਆ ਰਿਹਾ ਹੈ ਕਿ ਉਹ ਕੀ ਕਰਨ ?

ਕਿਤੇ ਉਹ ਇਸ ਜੰਗ ਤੋਂ ਨਿਕਲਣ ਦਾ ਸਨਮਾਨਯੋਗ ਰਾਹ ਤਾਂ ਨਹੀਂ ਤਿਆਰ ਕਰ ਰਹੇ ਹਨ ? ਜੋ ਵੀ ਹੋਵੇ, ਉਨ੍ਹਾਂ ਦੀ ਸਮੱਸਿਆ ਇਸ ਲਈ ਵਧ ਗਈ ਹੈ ਕਿਉਂਕਿ ਇਕ ਪਾਸੇ ਜਿੱਥੇ ਊਰਜਾ ਸੰਕਟ ਦੀ ਅੱਗ ਦਾ ਸੇਕ ਅਮਰੀਕਾ ਵਿਚ ਵੀ ਮਹਿਸੂਸ ਹੋਣ ਲੱਗਾ ਹੈ, ਓਥੇ ਹੀ ਦੂਜੇ ਪਾਸੇ ਮਿੱਤਰ ਦੇਸ਼ ਇਸ ਜੰਗ ਵਿਚ ਦਖਲ ਦੇਣ ਨੂੰ ਤਿਆਰ ਨਹੀਂ ਹਨ। ਟਰੰਪ ਜੋ ਕੁਝ ਕਰ ਰਹੇ ਹਨ, ਉਸ 'ਤੇ ਭਰੋਸਾ ਕਰਨਾ ਕਠਿਨ ਹੈ।

ਈਰਾਨ ਨਾਲ ਕਥਿਤ ਵਾਰਤਾ ਉਸ ਨੂੰ ਧੋਖਾ ਦੇਣ ਦੀ ਉਨ੍ਹਾਂ ਦੀ ਚਾਲ ਵੀ ਹੋ ਸਕਦੀ ਹੈ। ਇਸ ਤੋਂ ਇਲਾਵਾ ਇਹ ਤਾਂ ਜਗ ਜਾਹਰ ਹੀ ਹੈ ਕਿ ਉਹ ਆਪਣੇ ਕਹੇ ਤੋਂ ਪਲਟਣ ਦੇ ਮਾਹਰ ਹਨ। ਉਨ੍ਹਾਂ ਦਾ ਆਪਾ-ਵਿਰੋਧੀ ਸੁਭਾਅ ਉਨ੍ਹਾਂ ਨੂੰ ਗੈਰ-ਭਰੋਸੇਯੋਗ ਬਣਾਉਣ ਦੇ ਨਾਲ ਹੀ ਉਨ੍ਹਾਂ ਦੀ ਫਜੀਹਤ ਹੀ ਕਰਵਾਉਂਦਾ ਹੈ।

# ਧਿਆਨ ਨਾਲ ਖਾਓ ਕੈਲੋਰੀ ਵਾਲਾ ਭੋਜਨ

**ਪੀਜ਼ਾ**

ਪੀਜ਼ਾ ਮੌਜੂਦਾ ਪੀੜ੍ਹੀ ਨੂੰ ਤਾਂ ਏਨਾ ਪਸੰਦ ਹੈ ਕਿ ਜਦੋਂ ਚਾਹੁਣ ਬਿਨਾਂ ਭੁੱਖ ਦੇ ਵੀ ਪੀਜ਼ਾ ਸਾਹਮਣੇ ਆ ਜਾਏ ਤਾਂ ਖਾਣ ਤੋਂ ਗੁਰੇਜ਼ ਨਹੀਂ ਕਰਨਗੇ, ਭਾਵੇਂ ਪੀਜ਼ਾ ਖਾਣ ਤੋਂ ਬਾਅਦ ਖੱਟੇ ਡਕਾਰ ਅਤੇ ਬੇਆਰਾਮੀ ਹੀ ਕਿਉਂ ਨਾ ਹੋਵੇ। ਪੀਜ਼ਾ ਕੋਈ ਹਲਕਾ ਭੋਜਨ ਨਹੀਂ ਸਗੋਂ ਕੈਲੋਰੀ ਨਾਲ ਭਰਪੂਰ ਹੁੰਦਾ ਹੈ ਕਿਉਂਕਿ ਇਸ ਵਿਚ ਪਨੀਰ ਦੀ ਮਾਤਰਾ ਕਾਫੀ ਹੁੰਦੀ ਹੈ ਅਤੇ ਪੀਜ਼ਾ ਵੀ ਮੈਦੇ ਦਾ ਹੁੰਦਾ ਹੈ।



ਇਸ ਦੇ ਖਾਣ ਨਾਲ ਤੇਜ਼ਾਬ ਪੈਦਾ ਹੁੰਦਾ ਹੈ ਅਤੇ ਜਲਣ ਪੈਦਾ ਹੁੰਦੀ ਹੈ ਕਿਉਂਕਿ ਇਸ ਨੂੰ ਪਚਾਉਣ ਲਈ ਸਾਡੇ ਪਾਚਣ ਤੰਤਰ ਨੂੰ ਕਾਫੀ ਮਿਹਨਤ ਕਰਨੀ ਪੈਂਦੀ ਹੈ। ਦਿਨ ਵਿਚ ਵੀ ਜੇ ਖਾਣਾ ਹੋਵੇ ਤਾਂ ਦੋ-ਤਿੰਨ ਸਲਾਈਸ ਸਿਰਫ ਸਵਾਦ ਲਈ ਹੀ ਖਾਓ।

**ਸੋਚ-ਸਮਝ ਕੇ ਖਾਓ ਸਨੈਕਸ**

ਸਨੈਕਸ ਵੀ ਸੋਚ-ਸਮਝ ਕੇ ਖਾਣਾ ਚਾਹੀਦਾ ਹੈ। ਜ਼ਿਆਦਾਤਰ ਸਨੈਕਸ ਤਲੇ ਹੋਏ ਹੁੰਦੇ ਹਨ ਅਤੇ ਚਿਪਸ ਜਾਂ ਇਸ ਨਾਲ ਮਿਲਦੇ-ਜੁਲਦੇ ਸਨੈਕਸ ਵਿਚ ਮੋਨੋਸੋਡੀਅਮ ਗਲੂਟਾਮੇਟ ਨਾਮੀ ਤੱਤ ਹੁੰਦਾ ਹੈ, ਜਿਸ ਨਾਲ ਨੀਂਦ ਵਿਚ ਰੁਕਾਵਟ ਪੈਦਾ ਹੁੰਦੀ ਹੈ। ਨਮਕ ਅਤੇ ਮਸਾਲੇ ਵੀ ਜ਼ਿਆਦਾ ਹੋਣ ਕਾਰਨ ਬਲੱਡ ਪ੍ਰੈਸ਼ਰ ਦੇ ਵਧਣ ਦਾ ਖ਼ਤਰਾ ਰਹਿੰਦਾ ਹੈ।

**ਚਾਕਲੇਟ ਖਾਓ ਧਿਆਨ ਨਾਲ**

ਉਂਜ ਡਾਰਕ ਚਾਕਲੇਟ ਦਿਮਾਗ ਲਈ ਚੰਗਾ ਹੁੰਦਾ ਹੈ ਪਰ ਇਸ ਦੀ ਜ਼ਿਆਦਾ ਵਰਤੋਂ ਨਾਲ ਵਜ਼ਨ ਵਧਦਾ ਹੈ ਅਤੇ ਜ਼ਿਆਦਾ ਕੈਫੀਨ ਦੀ ਵਰਤੋਂ ਨਾਲ ਦਿਮਾਗ ਅਤੇ ਦਿਲ ਵਧੇਰੇ ਸੁਚੇਤ ਰਹਿੰਦੇ ਹਨ ਜੋ ਨੀਂਦ ਆਉਣ ਵਿਚ ਰੁਕਾਵਟ ਪੈਦਾ ਕਰਦੇ ਹਨ ਜਦੋਂ ਕਿ ਰਾਤ ਨੂੰ ਸੌਣ ਲਈ ਦਿਲ ਅਤੇ ਦਿਮਾਗ ਦਾ ਥੱਕਿਆ ਹੋਣਾ ਜ਼ਰੂਰੀ ਹੈ। ਦਿਨ ਵਿਚ ਕਦੇ-ਕਦੇ ਥੋੜ੍ਹਾ ਚਾਕਲੇਟ ਸਵਾਦ ਲਈ ਲੈ ਸਕਦੇ ਹੋ।

**ਰਾਤ ਨੂੰ ਚਿੱਲੀ ਸਾਸ ਨਾ ਖਾਓ**

ਚਿੱਲੀ ਸਾਸ ਵਿਚ ਪ੍ਰੋਟੀਨ ਅਤੇ ਹੌਲੀ-ਹੌਲੀ ਪਚਣ ਵਾਲੇ ਕਾਰਬੋਹਾਈਡ੍ਰੇਟਸ ਹੁੰਦੇ ਹਨ। ਨਾਲ ਹੀ ਮਿਰਚ ਦੀ ਮਾਤਰਾ ਵੀ ਵਧੇਰੇ ਹੁੰਦੀ ਹੈ ਜਿਸ ਨਾਲ ਵਜ਼ਨ ਵੀ ਵਧਦਾ ਹੈ ਅਤੇ ਜ਼ਿਆਦਾ ਮਿਰਚ ਲੈਣ ਨਾਲ ਤੇਜ਼ਾਬ ਵੀ ਬਣਦਾ ਹੈ। ਬਿਹਤਰ ਹੈ ਰਾਤ ਨੂੰ ਚਿੱਲੀ ਸਾਸ ਨਾ ਲਈ ਜਾਵੇ।

**ਪਾਸਤਾ ਨਾ ਬਾਬਾ ਨਾ!**

ਪਾਸਤਾ ਸਭ ਤੋਂ ਵਧੇਰੇ ਚਿਕਨਾਈ ਵਾਲਾ ਹੁੰਦਾ ਹੈ। ਇਸ ਵਿਚ ਕਾਰਬੋਹਾਈਡ੍ਰੇਟ ਦੀ ਮਾਤਰਾ ਵਧੇਰੇ ਹੁੰਦੀ ਹੈ ਜੋ ਰਾਤ ਨੂੰ ਖਾਣ ਤੋਂ ਬਾਅਦ ਚਿਕਨਾਈ ਵਿਚ ਬਦਲ ਜਾਂਦੀ ਹੈ। ਇਸ ਨਾਲ ਬਦਹਜ਼ਮੀ ਦੀ ਸ਼ਿਕਾਇਤ ਵਧਦੀ ਹੈ ਅਤੇ ਕਬਜ਼ ਹੁੰਦੀ ਹੈ। ਜੇ ਪਾਸਤਾ ਖਾਣਾ ਹੈ ਤਾਂ ਦਿਨ ਵਿਚ ਸਬਜ਼ੀਆਂ ਨਾਲ ਭਰਪੂਰ ਪਾਸਤਾ ਖਾਓ। ਉਸ ਵਿਚ ਪਨੀਰ, ਕੋਈ ਵੀ ਸਾਸ, ਮੱਖਣ, ਮਲਾਈ ਦੀ ਵਰਤੋਂ ਨਾ ਕਰੋ। ਬਸ ਥੋੜ੍ਹੇ ਜਿਹੇ ਤੇਲ ਵਿਚ ਸਬਜ਼ੀਆਂ ਭੁੰਨ ਕੇ ਉੱਬਲੇ ਪਾਸਤੇ ਵਿਚ ਮਿਲਾਓ।

**ਕੁਝ ਸਬਜ਼ੀਆਂ ਵੀ ਫੁਲਾਉਂਦੀਆਂ ਹਨ ਪੇਟ**

ਰਾਤ ਨੂੰ ਸਿਰਫ ਹਰੀਆਂ ਅਤੇ ਹਲਕੀਆਂ ਸਬਜ਼ੀਆਂ ਹੀ ਖਾਓ। ਕੁਝ ਲੋਕ ਜ਼ਿਆਦਾ ਤੇਲ ਅਤੇ ਮਸਾਲਿਆਂ ਵਿਚ ਸਬਜ਼ੀ ਬਣਾਉਂਦੇ ਹਨ ਜੋ ਪਚਣ ਵਿਚ ਮੁਸ਼ਕਿਲ ਆਉਂਦੀ ਹੈ ਅਤੇ ਤੇਜ਼ ਮਸਾਲੇ ਨੀਂਦ ਆਉਣ ਵਿਚ ਰੁਕਾਵਟ ਪੈਦਾ ਕਰਦੇ ਹਨ। ਤਲੀਆਂ ਸਬਜ਼ੀਆਂ ਦੀ ਵਰਤੋਂ ਨਾ ਕਰੋ। ਰਾਤ ਨੂੰ ਵਧੇਰੇ ਪਿਆਜ਼, ਲਸਣ ਵਾਲੀਆਂ ਸਬਜ਼ੀਆਂ ਵੀ ਨਾ ਖਾਓ। ਬੰਦਗੋਭੀ, ਬ੍ਰੋਕਲੀ ਵੀ ਰਾਤ ਨੂੰ ਖਾਣ ਤੋਂ ਬਚੋ ਕਿਉਂਕਿ ਇਨ੍ਹਾਂ ਵਿਚ ਨਾ ਘੁਲਣ ਵਾਲੇ ਫਾਈਬਰ ਹੁੰਦੇ ਹਨ ਜਿਨ੍ਹਾਂ ਨਾਲ ਪੇਟ ਭਾਰੀ ਅਤੇ ਫੁੱਲਿਆ ਹੋਇਆ ਮਹਿਸੂਸ ਹੁੰਦਾ ਹੈ। ਇਹ ਬਦਹਜ਼ਮੀ ਦਾ ਕਾਰਨ ਬਣਦੇ ਹਨ।

# ਪਪੀਤੇ ਦੇ ਪੱਤਿਆਂ ਦੇ ਲਾਭ

**ਪੇਟ ਲਈ ਲਾਭਦਾਇਕ**

ਪਪੀਤੇ ਦੇ ਪੱਤਿਆਂ ਦਾ ਜੂਸ ਪੇਟ ਦੇ ਕਈ ਰੋਗਾਂ ਨਾਲ ਲੜਨ ਵਿਚ ਮਦਦ ਕਰਦਾ ਹੈ। ਪਪੀਤੇ ਦੇ ਪੱਤਿਆਂ ਵਿਚ ਕਈ ਤਰ੍ਹਾਂ ਦੇ ਐਂਜਾਇਮਜ਼ ਹੁੰਦੇ ਹਨ ਜਿਵੇਂ ਪਾਪੇਨ, ਕਾਇਮੋਪਾਪੇਨ, ਪ੍ਰੋਟੀਜ ਅਤੇ ਏਮਿਲੇਜ ਆਦਿ। ਇਸ ਲਈ ਰੋਜ਼ਾਨਾ ਇਕ ਕੱਪ ਪਪੀਤੇ ਦੇ ਪੱਤਿਆਂ ਦਾ ਜੂਸ ਜਾਂ ਚਾਹ ਪੀਣ ਨਾਲ ਪੇਟ ਦੀਆਂ ਸਾਰੀਆਂ ਸਮੱਸਿਆਵਾਂ ਤੋਂ ਆਰਾਮ ਮਿਲਦਾ ਹੈ। ਇਹ ਤੁਹਾਡੀ ਪਾਚਣ ਸ਼ਕਤੀ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਨਾਲ ਹੀ ਪੇਟ ਵਿਚ ਗੈਸ ਦੀ ਸਮੱਸਿਆ ਨੂੰ ਵੀ ਦੂਰ ਕਰਦਾ ਹੈ।



**ਸ਼ੂਗਰ ਨੂੰ ਕੰਟਰੋਲ ਕਰਦਾ ਹੈ**

ਸ਼ੂਗਰ ਦੇ ਮਰੀਜ਼ ਬਲੱਡ ਸ਼ੂਗਰ ਨੂੰ ਘੱਟ ਕਰਨ ਲਈ ਪਪੀਤੇ ਦੇ ਪੱਤਿਆਂ ਦਾ ਰਸ ਆਪਣੇ ਰੋਜ਼ਾਨਾ ਦੇ ਭੋਜਨ ਵਿਚ ਸ਼ਾਮਿਲ ਕਰ ਸਕਦੇ ਹਨ। ਪਪੀਤੇ ਦੇ ਪੱਤਿਆਂ ਦਾ ਰਸ ਸ਼ੂਗਰ ਤੋਂ ਪੀੜਤ ਚੂਹਿਆਂ ਵਿਚ ਸ਼ੂਗਰ ਅਤੇ ਲਿਪਿਡ ਲੈਵਲ ਨੂੰ ਘੱਟ ਕਰਨ ਲਈ ਸਾਬਤ ਹੋਇਆ ਹੈ। ਜੋ ਲੋਕ ਪਹਿਲਾਂ ਤੋਂ ਹੀ ਸ਼ੂਗਰ ਦੀ ਦਵਾਈ ਲੈਂਦੇ ਹਨ, ਉਨ੍ਹਾਂ ਨੂੰ ਡਾਕਟਰ ਦੀ ਸਲਾਹ ਤੋਂ ਬਿਨਾਂ ਪਪੀਤੇ ਦੇ ਪੱਤਿਆਂ ਦਾ ਰਸ ਨਹੀਂ ਲੈਣਾ ਚਾਹੀਦਾ।

**ਖ਼ੂਨ ਦੇ ਪਲੇਟਲੈਟਸ ਨੂੰ ਵਧਾਉਂਦੇ ਹਨ**

ਜਿਨ੍ਹਾਂ ਲੋਕਾਂ ਨੂੰ ਡੇਂਗੂ ਹੁੰਦਾ ਹੈ, ਉਨ੍ਹਾਂ ਵਿਚ ਹੌਲੀ-ਹੌਲੀ ਬਲੱਡ ਪਲੇਟਲੈਟਸ ਦੀ ਗਿਣਤੀ ਘੱਟ ਹੋਣ ਲਗਦੀ ਹੈ। ਇਸ ਨੂੰ ਵਧਾਉਣ ਲਈ ਲੋਕ ਪਪੀਤੇ ਦੇ ਪੱਤਿਆਂ ਦਾ ਰਸ ਮਰੀਜ਼ ਨੂੰ ਪਿਲਾਉਂਦੇ ਹਨ, ਤਾਂ ਕਿ ਖ਼ੂਨ ਦੇ ਸੈੱਲ ਵਧ ਸਕਣ। ਕਈ ਖੋਜਾਂ ਵਿਚ ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਪਪੀਤੇ ਦੇ ਪੱਤਿਆਂ ਦਾ ਰਸ ਪੀਣ ਨਾਲ ਪਲੇਟਲੈਟਸ ਅਤੇ ਆਰ.ਬੀ.ਸੀ. ਦੀ ਗਿਣਤੀ ਵਧਦੀ ਹੈ। ਖ਼ੂਨ ਦੇ ਵਹਾਅ ਵਿਚ ਸੁਧਾਰ ਹੁੰਦਾ ਹੈ।

**ਇਮਿਊਨਿਟੀ ਤੇਜ਼ ਕਰਦੇ ਹਨ**

ਖੋਜਾਂ ਅਨੁਸਾਰ ਪਪੀਤੇ ਦੇ ਪੱਤਿਆਂ ਦੇ ਰਸ ਵਿਚ ਵੱਡੀ ਮਾਤਰਾ ਵਿਚ ਐਂਟੀਆਕਸੀਡੈਂਟ ਹੁੰਦੇ ਹਨ। ਇਸ ਦਾ ਜੂਸ ਪੀਣ ਨਾਲ ਆਕਸੀਡੇਟਿਵ ਸਟ੍ਰੈੱਸ ਘੱਟ ਕਰਨ ਅਤੇ ਕਿਡਨੀ, ਲੀਵਰ ਅਤੇ ਪੇਟ ਨੂੰ ਤੰਦਰੁਸਤ ਰੱਖਣ ਵਿਚ ਮਦਦ ਮਿਲਦੀ ਹੈ।

**ਕੈਂਸਰ ਤੋਂ ਬਚਾਅ**

ਪਪੀਤੇ ਦੇ ਪੱਤਿਆਂ ਦੇ ਰਸ ਵਿਚ ਐਂਟੀ-ਟਿਊਮਰ ਗੁਣ ਹੁੰਦੇ ਹਨ, ਜੋ ਕੈਂਸਰ ਦੀਆਂ ਕਈ ਕਿਸਮਾਂ, ਵੱਖ-ਵੱਖ ਤਰ੍ਹਾਂ ਦੇ ਐਲਰਜੀ ਵਿਕਾਰ ਅਤੇ ਇਮਿਊਨੋਸੁਪ੍ਰੇਸੈਂਟ ਰੋਗਾਂ ਦੀ ਸ਼ੁਰੂਆਤ ਵਿਚ ਦੇਰੀ ਕਰਨ ਵਿਚ ਮਦਦ ਕਰਦੇ ਹਨ। ਪਪੀਤੇ ਦੇ ਪੱਤਿਆਂ ਵਿਚ ਕੈਂਸਰ ਮਾਰੂ ਗੁਣ ਹੁੰਦੇ ਹਨ, ਜੋ ਪਾਚਨ ਸ਼ਕਤੀ ਨੂੰ ਵਧਾਉਣ ਵਿਚ ਮਦਦ ਕਰਦੇ ਹਨ ਅਤੇ ਸਰਵਾਈਕਲ, ਛਾਤੀ ਦੇ ਕੈਂਸਰ ਵਰਗੇ ਕੈਂਸਰ ਸੈੱਲਾਂ ਨੂੰ ਬਣਨ ਤੋਂ ਰੋਕਦੇ ਹਨ।

**ਐਗਜ਼ੀਮਾ ਦਾ ਇਲਾਜ**

ਪਪੀਤੇ ਦੇ ਪੱਤਿਆਂ ਤੋਂ ਕੱਢਿਆ ਗਿਆ ਰਸ ਐਗਜ਼ੀਮਾ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਜੇ ਤੁਹਾਨੂੰ ਇਹ ਸਮੱਸਿਆ ਹੈ ਤਾਂ ਚਮੜੀ ਨੂੰ ਸਕ੍ਰਬ ਕਰਨ ਤੋਂ ਬਾਅਦ ਪਪੀਤੇ ਦੇ ਪੱਤਿਆਂ ਦਾ ਰਸ ਲਗਾਓ। ਐਗਜ਼ੀਮਾ ਦੀ ਸਮੱਸਿਆ ਤੋਂ ਰਾਹਤ ਮਿਲੇਗੀ।

**ਖ਼ੂਨ ਦੀ ਕਮੀ ਵਿਚ ਲਾਭਦਾਇਕ**

ਪਪੀਤੇ ਦਾ ਰਸ ਵੀ ਦਵਾਈ ਤੋਂ ਘੱਟ ਨਹੀਂ ਹੈ। ਜੇਕਰ ਤੁਹਾਡੇ ਖ਼ੂਨ ਦੇ ਸੈੱਲ ਘੱਟ ਹੋ ਰਹੇ ਹਨ ਤਾਂ ਇਸ ਨੂੰ ਪੀਣ ਨਾਲ ਖ਼ੂਨ ਦੇ ਸੈੱਲ ਵਧਣੇ ਸ਼ੁਰੂ ਹੋ ਜਾਂਦੇ ਹਨ।

# ਇਕ ਘੰਟਾ ਪੈਦਲ ਚੱਲਣ ਨਾਲ ਦੋ ਘੰਟੇ ਵਧਦੀ ਹੈ ਉਮਰ



ਦਿਲ ਦੇ ਰੋਗਾਂ ਦੇ ਮਾਹਿਰ ਡਾ: ਕੇ.ਕੇ. ਅਗਰਵਾਲ ਅਨੁਸਾਰ ਪੈਦਲ ਤੁਰਨਾ ਦਿਲ ਦੇ ਰੋਗੀਆਂ ਲਈ ਕਾਫੀ ਲਾਭਦਾਇਕ ਹੁੰਦਾ ਹੈ। ਉਨ੍ਹਾਂ ਅਨੁਸਾਰ ਦੇਸ਼ ਵਿਚ ਹਰ ਸਾਲ 25 ਲੱਖ ਤੋਂ ਜ਼ਿਆਦਾ ਲੋਕ ਦਿਲ ਦੇ ਰੋਗ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਬਹੁਤ ਸਾਰੇ ਦਿਲ ਦੇ ਰੋਗੀ ਤਾਂ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਦਿੰਦੇ ਹਨ। ਡਾ: ਅਗਰਵਾਲ ਦਾ ਕਹਿਣਾ ਹੈ ਕਿ ਇਕ ਘੰਟਾ ਪੈਦਲ ਚੱਲਣ ਨਾਲ ਦੋ ਘੰਟੇ ਉਮਰ ਵਧ ਜਾਂਦੀ ਹੈ। ਆਪਣੇ ਦਿਲ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਪੈਦਲ ਚੱਲਣਾ ਬਹੁਤ ਜ਼ਰੂਰੀ ਹੈ।

# ਰਾਤ ਨੂੰ ਭੋਜਨ - ਨਹੀਂ-ਨਹੀਂ!!

ਸਿਹਤਮੰਦ ਰਹਿਣ ਲਈ ਜ਼ਰੂਰੀ ਹੈ ਤੰਦਰੁਸਤੀ ਦੇ ਕੁਝ ਨਿਯਮਾਂ ਦੀ ਪਾਲਣਾ ਕਰਨਾ। ਭੋਜਨ ਕਰਨ ਦਾ ਵੀ ਸਮਾਂ ਹੁੰਦਾ ਹੈ। ਜੇਕਰ ਅਸੀਂ ਸਮੇਂ ਅਨੁਸਾਰ ਭੋਜਨ ਨਹੀਂ ਕਰਾਂਗੇ ਤਾਂ ਚਾਹੇ ਜਿੰਨਾ ਮਰਜ਼ੀ ਪੌਸ਼ਟਿਕ ਭੋਜਨ ਕਿਉਂ ਨਾ ਖਾ ਲਈਏ, ਬਿਮਾਰ ਜ਼ਰੂਰ ਹੋਵਾਂਗੇ। ਭੋਜਨ ਕਰਨ ਦੇ ਕੀ ਨਿਯਮ ਹਨ, ਪਹਿਲਾਂ ਇਨ੍ਹਾਂ ਨੂੰ ਜਾਣ ਲਈਏ ਤਾਂ ਹੀ ਸਿਹਤਮੰਦ ਰਹਿ ਸਕਾਂਗੇ।

ਸਾਡੀ ਸਭ ਤੋਂ ਵੱਡੀ ਗਲਤੀ ਇਹ ਹੁੰਦੀ ਹੈ ਕਿ ਦਿਨ ਭਰ ਜਦੋਂ ਅਸੀਂ ਕੰਮ ਵਿਚ ਲੱਗੇ ਰਹਿੰਦੇ ਹਾਂ ਤਾਂ ਸਾਡੇ ਕੋਲ ਖਾਣਾ ਖਾਣ ਦਾ ਸਮਾਂ ਨਹੀਂ ਹੁੰਦਾ ਜਦ ਕਿ ਰਾਤ ਨੂੰ ਜੋ ਸਾਡੇ ਆਰਾਮ ਕਰਨ ਦਾ ਸਮਾਂ ਹੁੰਦਾ ਹੈ, ਉਦੋਂ ਅਸੀਂ ਢਿੱਡ ਭਰ ਕੇ ਖਾਣਾ ਖਾਂਦੇ ਹਾਂ। ਇਸ ਕਰਕੇ ਸਿਹਤ ਖ਼ਰਾਬ ਹੁੰਦੀ ਜਾਂਦੀ ਹੈ।



ਸਾਡੇ ਸਰੀਰ ਨੂੰ ਤਾਕਤ ਮਿਲਦੀ ਹੈ ਦੁਪਹਿਰ ਦੇ ਭੋਜਨ ਤੋਂ ਨਾ ਕਿ ਰਾਤ ਦੇ ਭੋਜਨ ਤੋਂ। ਸਗੋਂ ਰਾਤ ਵਿਚ ਭੋਜਨ ਕਰਨ ਨਾਲ ਬਿਮਾਰੀਆਂ ਨੂੰ ਘਰ ਕਰਨ ਦਾ ਮੌਕਾ ਮਿਲਦਾ ਹੈ। ਰਾਤ ਨੂੰ ਭੋਜਨ ਕਰਨ ਤੋਂ ਬਚਣਾ ਚਾਹੀਦਾ। ਦਿਨ ਵਿਚ ਢਿੱਡ ਭਰ ਕੇ ਭੋਜਨ ਖਾਣਾ ਚਾਹੀਦਾ ਹੈ। ਭੋਜਨ ਤਾਜ਼ਾ ਅਤੇ ਗਰਮ ਹੋਣਾ ਚਾਹੀਦਾ ਹੈ। ਉਸ ਵਿਚ ਸਬਜ਼ੀ, ਫਲ, ਸਲਾਦ ਭਰਪੂਰ ਮਾਤਰਾ ਵਿਚ ਹੋਣਾ ਚਾਹੀਦਾ ਹੈ। ਭੋਜਨ ਦਿਨ ਵਿਚ ਹੀ ਕਈ ਵਾਰ ਕਰ ਲਓ। ਭੋਜਨ ਇਸ ਤਰ੍ਹਾਂ ਕਰੋ ਕਿ ਦੂਜੇ ਸਮੇਂ ਤੱਕ ਭੁੱਖ ਖੁੱਲ੍ਹ ਕੇ ਲੱਗ ਜਾਵੇ।

ਸ਼ਿਖਾ ਚੌਧਰੀ

# ਪਾਣੀ ਪੀਣ ਦੇ ਫਾਇਦੇ

**ਸਰੀਰ ਦੇ ਤਰਲ ਨੂੰ ਸੰਤੁਲਿਤ ਰੱਖੇ ਪਾਣੀ**

ਸਾਡੇ ਸਰੀਰ ਵਿਚ 60 ਫ਼ੀਸਦੀ ਪਾਣੀ ਹੁੰਦਾ ਹੈ। ਇਸ ਲਈ ਇਕ ਸਿਹਤਮੰਦ ਸਰੀਰ ਲਈ ਪਾਣੀ ਖ਼ਾਸ ਭੂਮਿਕਾ ਨਿਭਾਉਂਦਾ ਹੈ। ਇਸ ਨਾਲ ਸਰੀਰ ਦਾ ਪਾਚਣ ਤੰਤਰ, ਸੈਲਾਈਵਾ ਭਾਵ ਲਾਰ, ਗੈਸੀਟ੍ਰਿਕ ਜੂਸ, ਜਠਰ ਅਗਨੀ ਦੇ ਰਸ, ਪਿਤ ਦੇ ਰਸ ਨੂੰ ਪੈਦਾ ਕਰਨ ਵਿਚ ਮਦਦ ਮਿਲਦੀ ਹੈ। ਇਥੇ ਪਾਣੀ ਸਰੀਰ ਦੇ ਤਾਪਮਾਨ ਨੂੰ ਆਮ ਰੱਖਣ ਵਿਚ ਮਦਦ ਕਰਦਾ ਹੈ। ਇਹ ਸਰੀਰ ਦੇ ਠੀਕ ਕੰਮ ਕਰਨ ਵਿਚ ਵੀ ਮਦਦ ਕਰਦਾ ਹੈ।

**ਮਜ਼ਬੂਤ ਹੁੰਦੀਆਂ ਮਾਸਪੇਸ਼ੀਆਂ**

ਸਾਡੀਆਂ ਮਾਸਪੇਸ਼ੀਆਂ ਵਿਚ 75 ਫ਼ੀਸਦੀ ਪਾਣੀ ਹੁੰਦਾ ਹੈ। ਮਾਸਪੇਸ਼ੀਆਂ ਠੀਕ ਢੰਗ ਨਾਲ ਕੰਮ ਕਰਨ, ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਸਹੀ ਮਾਤਰਾ ਵਿਚ ਪਾਣੀ ਮਿਲੇ। ਪਾਣੀ ਦੀ ਘਾਟ ਹੋਣ ਨਾਲ ਮਾਸਪੇਸ਼ੀਆਂ ਵਿਚ ਦਰਦ ਅਤੇ ਪ੍ਰੇਸ਼ਾਨੀ ਹੋ ਸਕਦੀ ਹੈ। ਇਸ ਲਈ ਜ਼ਰੂਰੀ ਹੈ ਕਿ ਵਧੇਰੇ ਮਾਤਰਾ ਵਿਚ ਪਾਣੀ ਪੀਓ।



**ਕਬਜ਼ ਦੂਰ ਕਰੇ ਪਾਣੀ**

ਗੁਰਦੇ ਠੀਕ ਢੰਗ ਨਾਲ ਕੰਮ ਕਰਨ, ਇਸ ਲਈ ਪਾਣੀ ਦੀ ਜ਼ਰੂਰਤ ਜ਼ਿਆਦਾ ਹੁੰਦੀ ਹੈ। ਸਰੀਰ ਵਿਚ ਪਾਣੀ ਦੀ ਘਾਟ ਹੋਵੇਗੀ ਤਾਂ ਗੁਰਦੇ ਵੀ ਠੀਕ ਢੰਗ ਨਾਲ ਕੰਮ ਨਹੀਂ ਕਰਨਗੇ, ਜਿਸ ਕਰਕੇ ਸਰੀਰ ਵਿਚੋਂ ਜ਼ਹਿਰੀਲੇ ਪਦਾਰਥ ਨਿਕਲਣ ਵਿਚ ਵੀ ਮੁਸ਼ਕਿਲ ਹੋ ਸਕਦੀ ਹੈ। ਸੋ, ਭਰਪੂਰ ਮਾਤਰਾ ਵਿਚ ਪਾਣੀ ਪੀਣਾ ਜ਼ਰੂਰੀ ਹੈ। ਪਾਣੀ ਪੀਣ ਨਾਲ ਤੁਹਾਡੇ ਗੁਰਦੇ ਠੀਕ ਢੰਗ ਨਾਲ ਕੰਮ ਕਰਨਗੇ।

**ਹੱਥਾਂ-ਪੈਰਾਂ ਦੀ ਸੋਜ਼ ਤੋਂ ਬਚਾਏ ਪਾਣੀ**

ਕਈ ਵਾਰ ਸਰੀਰ ਵਿਚ ਪਾਣੀ ਭਰ ਜਾਂਦਾ ਹੈ। ਸਾਧਾਰਨ ਸ਼ਬਦਾਂ ਵਿਚ ਕਹੀਏ ਤਾਂ ਕੁਝ ਕਾਰਨਾਂ ਦੇ ਚਲਦਿਆਂ ਸਰੀਰ ਦੇ ਅੰਗਾਂ ਵਿਚ ਪਾਣੀ ਭਰ ਜਾਂਦਾ ਹੈ। ਇਸ ਨਾਲ ਹੱਥਾਂ-ਪੈਰਾਂ ਵਿਚ ਸੋਜ਼ ਆਉਣ ਲਗਦੀ ਹੈ। ਅਜਿਹਾ ਹੋਣ 'ਤੇ ਬਰਾਬਰ ਮਾਤਰਾ ਵਿਚ ਪਾਣੀ ਪੀਓ (ਭਾਵ ਨਾ ਜ਼ਿਆਦਾ ਨਾ ਘੱਟ)। ਇਸ ਨਾਲ ਇਸ ਪ੍ਰੇਸ਼ਾਨੀ ਤੋਂ ਬਚਾਅ ਕੀਤਾ ਜਾ ਸਕਦਾ ਹੈ। ਇਸ ਦਾ ਮਤਲਬ ਹੈ ਕਿ ਸਰੀਰ 'ਚ ਜੇਕਰ ਸਹੀ ਮਾਤਰਾ ਵਿਚ ਪਾਣੀ ਮੌਜੂਦ ਹੈ, ਤਾਂ ਇਸ ਸਮੱਸਿਆ ਦੇ ਜੋਖਮ ਤੋਂ ਬਚਿਆ ਜਾ ਸਕਦਾ ਹੈ।

**ਸਰੀਰ ਨੂੰ ਕਰੇ ਜ਼ਹਿਰੀਲੇ ਤੱਤਾਂ ਤੋਂ ਮੁਕਤ**

ਪਾਣੀ ਸਰੀਰ ਨੂੰ ਜ਼ਹਿਰੀਲੇ ਤੱਤਾਂ ਤੋਂ ਮੁਕਤ ਕਰਨ ਵਿਚ ਕੰਮ ਕਰਦਾ ਹੈ। ਭਰਪੂਰ ਮਾਤਰਾ ਵਿਚ ਪਾਣੀ ਪੀਣ ਨਾਲ ਤੁਹਾਡੇ ਗੁਰਦੇ ਠੀਕ ਕੰਮ ਕਰਨਗੇ, ਜਿਸ ਨਾਲ ਸਰੀਰ ਵਿਚੋਂ ਜ਼ਹਿਰੀਲੇ ਤੱਤ ਬਾਹਰ ਨਿਕਲਣ ਵਿਚ ਮਦਦ ਮਿਲੇਗੀ। ਰੋਜ਼ਾਨਾ ਘੱਟ ਤੋਂ ਘੱਟ 10-12 ਗਿਲਾਸ ਪਾਣੀ ਪੀਣਾ ਚਾਹੀਦਾ ਹੈ।

**ਕੋਲੋਨ ਸਫ਼ਾਈ ਦਾ ਕੰਮ ਕਰੇ**

ਕੋਲੋਨ ਪਾਚਣ ਤੰਤਰ ਦਾ ਇਕ ਹਿੱਸਾ ਹੈ। ਇਸ ਦੀ ਸਫਾਈ ਨਾਲ ਸਰੀਰ ਦੇ ਜ਼ਹਿਰੀਲੇ ਤੱਤ ਬਾਹਰ ਨਿਕਲਦੇ ਹਨ। ਪਾਣੀ ਕੋਲੋਨ ਸਫ਼ਾਈ ਦਾ ਇਕ ਬਿਹਤਰੀਨ ਸਰੋਤ ਹੈ। ਪਾਣੀ ਦੀ ਮਦਦ ਨਾਲ ਕੋਲੋਨ ਦੀ ਸਫ਼ਾਈ ਇਕ ਕੁਦਰਤੀ ਅਤੇ ਆਸਾਨ ਤਰੀਕਾ ਹੈ। ਕੋਲੋਨ ਦੀ ਸਫ਼ਾਈ ਕਰਨ ਲਈ ਤੁਹਾਨੂੰ ਦਿਨ ਵਿਚ ਕਰੀਬ 10 ਤੋਂ 12 ਗਿਲਾਸ ਪਾਣੀ ਪੀਣਾ ਚਾਹੀਦਾ ਹੈ।

**ਖਾਣਾ ਖਾਣ ਸਮੇਂ ਪਾਣੀ ਨਾ ਪੀਓ**

ਖਾਣਾ ਖਾਣ ਸਮੇਂ ਪਾਣੀ ਜਾਂ ਤੁਰੰਤ ਬਾਅਦ ਪਾਣੀ ਪੀਣ ਤੋਂ ਬਚਣਾ ਚਾਹੀਦਾ ਹੈ। ਇਸ ਨਾਲ ਖਾਣਾ ਪਚਾਉਣ ਵਿਚ ਸਹਾਇਕ ਗੈਸਟ੍ਰਿਕ ਜੂਸ ਕਮਜ਼ੋਰ ਹੋ ਜਾਂਦੇ ਹਨ, ਜਿਸ ਕਰਕੇ ਖਾਣਾ ਸਹੀ ਤਰ੍ਹਾਂ ਨਾਲ ਪਚਣ ਵਿਚ ਪ੍ਰੇਸ਼ਾਨੀ ਹੁੰਦੀ ਹੈ। ਬਿਹਤਰ ਹੋਵੇਗਾ ਕਿ ਖਾਣਾ ਖਾਣ ਤੋਂ ਘੱਟ ਤੋਂ ਘੱਟ ਚਾਲੀ ਮਿੰਟ ਬਾਅਦ ਹੀ ਪਾਣੀ ਪੀਤਾ ਜਾਵੇ।

# ਸਿਡਨੀ ਤੋਂ ਮੈਲਬੌਰਨ ਦੀ ਅਣਕਿਆਸੀ ਵਾਪਸੀ




ਜਦੋਂ ਤੋਂ ਬੇਟੇ ਨੇ ਆਸਟਰੇਲੀਆ ਵਿਚ ਸਿਡਨੀ ਤੋਂ ਸ਼ਿਫਟ ਹੋ ਕੇ ਮੈਲਬੌਰਨ ਵਿਚ ਆਪਣਾ ਘਰ ਖ੍ਰੀਦ ਲਿਆ ਉਦੋਂ ਤੋਂ ਸਾਡਾ ਆਉਣਾ ਜਾਣਾ ਵੀ ਅੰਮ੍ਰਿਤਸਰ ਤੋਂ ਮੈਲਬੌਰਨ ਨੂੰ ਹੋ ਗਿਆ। ਸਾਢੇ ਕੁ ਤਿੰਨ ਸਾਲ ਪਹਿਲਾਂ ਜਦ ਸਿਡਨੀ ਵਿਚ ਰਹਿੰਦੇ ਹੁੰਦੇ ਸਾਂ ਉਥੇ ਬਹੁਤ ਸਾਰੇ ਸੱਜਣਾਂ ਮਿੱਤਰਾਂ ਨਾਲ ਪਕੇਰੀ ਸਾਂਝ ਪੈ ਗਈ ਸੀ। ਵੈਸੇ ਵੀ ਉਥੋਂ ਦੀ ਬਲੈਕਟਾਊਨ ਦੀ ਲਾਇਬ੍ਰੇਰੀ ਦੇ ਮਲਟੀਕਲਚਰਲ ਸੈਕਸ਼ਨ ਦੇ ਇੰਚਾਰਜ ਮਿਸਟਰ ਜੋਇਲਮੋਨ ਨੇ ਮੈਨੂੰ ਅਤੇ ਮੇਰੇ ਇਕ ਹੋਰ ਮਿੱਤਰ ਨੂੰ ਕਮਿਊਨਿਟੀ ਲੈਂਗੂਏਜ਼ ਐਂਬੈਸੇਡਰ ਦੇ ਤੌਰ ਤੇ ਡਿਊਟੀ ਦੇ ਰਖੀ ਸੀ। ਇਸ ਵਾਰ ਜਦ ਮੈਂ ਮੈਲਬੌਰਨ ਪੁੱਜਾ ਤਾਂ ਸਿਡਨੀ ਨੂੰ ਜਾਣ ਦਾ ਸਬੱਬ ਬਣ ਗਿਆ। ਮੇਰੇ ਇਕ ਵਾਕਫਕਾਰ ਕਾਰ ਤੇ ਸਿਡਨੀ ਤੋਂ ਮੈਲਬੌਰਨ ਆਏ ਹੋਏ ਸਨ ਉਨ੍ਹਾਂ ਦੇ ਨਾਲ ਮੈਂ ਵੀ ਆਪਣਾ ਪ੍ਰੋਗਰਾਮ ਬਣਾ ਲਿਆ।

ਸਵੇਰੇ ਸੱਤ ਵਜੇ ਇਥੋਂ ਜਦ ਰਵਾਨਾ ਹੋਏ ਤਾਂ ਮੌਸਮ ਬੜਾ ਸੁਹਾਵਣਾ ਜਿਹਾ ਸੀ। ਇਹ ਆਮ ਹੀ ਕਿਹਾ ਜਾਂਦਾ ਹੈ ਕਿ ਇਥੇ ਦਿਨ ਦੇ ਵਿਚ ਕਈ ਤਰ੍ਹਾਂ ਦੇ ਮੌਸਮ ਬਦਲਦੇ ਹਨ। ਥੋੜ੍ਹਾ ਚਿਰ ਹੀ ਚਲੇ ਸੀ ਤਾਂ ਗਰਮੀ ਮਹਿਸੂਸ ਹੋਣੀ ਸ਼ੁਰੂ ਹੋ ਗਈ। 900 ਕਿਲੋਮੀਟਰ ਦੇ ਲੰਬੇ ਸਫਰ ਦੌਰਾਨ ਰਸਤੇ ਵਿਚ ਬੜੇ ਖੂਬਸੂਰਤ ਨਜ਼ਾਰੇ ਦੇਖਣ ਨੂੰ ਮਿਲੇ। ਕਈ ਜਗ੍ਹਾ ਤੇ ਕਈ ਕਈ ਕਿਲੋਮੀਟਰ ਵਿਚ ਖੇਤਾਂ ਵਿਚ (ਧੁੱਪ ਤੋਂ ਬਿਜਲੀ ਪੈਦਾ ਕਰਨ ਦੇ) ਸੋਲਰ ਸਿਸਟਮ ਲਗੇ ਹੋਏ ਸਨ। ਇਸ ਤੋਂ ਇਲਾਵਾ ਕਈ ਜਗ੍ਹਾ ਤੇ ਹਵਾ ਨਾਲ ਚਲਣ ਵਾਲੇ ਵਿੰਡਮਿੱਲ ਪੱਖੇ ਲਗੇ ਹੋਏ ਸਨ ਜਿਨ੍ਹਾਂ ਰਾਹੀਂ ਬਿਜਲੀ ਪੈਦਾ ਕੀਤੀ ਜਾਂਦੀ ਹੈ। ਜਿਵੇਂ ਕਿ ਮੈਂ ਉਪਰ ਗੱਲ ਕਰ ਰਿਹਾ ਸਾਂ ਕਿ ਇਥੇ ਮੌਸਮ ਕਈ ਰੰਗ ਬਦਲਦੇ ਹਨ। ਜਦ ਸ਼ਾਮ ਪੈਣੀ ਸ਼ੁਰੂ ਹੋਈ ਤਾਂ ਬੱਦਲਵਾਈ ਦੇਖਣ ਨੂੰ ਮਿਲੀ। ਖੈਰ ਅਜੇ ਸਿਡਨੀ ਤੋਂ 200 ਕਿਲੋਮੀਟਰ ਦੀ ਦੂਰੀ ਤੇ ਹੋਵਾਂਗੇ ਕਿ ਬੜੀ ਤੇਜੀ ਨਾਲ ਬਾਰਸ਼ ਦੇ ਛਿੱਟੇ ਪੈਣੇ ਸ਼ੁਰੂ ਹੋ ਗਏ। 110 ਕਿਲੋਮੀਟਰ ਪ੍ਰਤੀ ਘੰਟੇ ਦੇ ਜ਼ੋਨ ਨੂੰ ਕੁਝ ਠੱਲ੍ਹ ਪੈ ਗਈ। ਪੂਰੇ ਬਾਰ੍ਹਾਂ ਘੰਟੇ ਬਾਅਦ ਅਸੀਂ ਆਪਣੀ ਮੰਜ਼ਿਲ ਤੇ ਪਹੁੰਚ ਗਏ।

ਇਸ ਫੇਰੀ ਦੌਰਾਨ ਕੁਝ ਖੱਟੇ ਮਿੱਠੇ ਤਜਰਬੇ ਵੀ ਸਹਿਣ ਨੂੰ ਮਿਲੇ ਜਿਨ੍ਹਾਂ ਦਾ ਜ਼ਿਕਰ ਮੈਂ ਅੱਗੇ ਜਾ ਕੇ ਕਰਾਂਗਾ। ਅਗਲੇ ਦਿਨ ਇਥੋਂ ਦੇ ਗਲੈਨਵੁੱਡ ਗੁਰਦੁਆਰੇ ਦੇ ਸੀਨੀਅਰ ਸਿਟੀਜਨਜ਼ ਗਰੁੱਪ ਦੇ ਸਾਹਿਤ ਪ੍ਰੇਮੀਆਂ ਵਲੋਂ ਕਿਸੇ ਦੇ ਗ੍ਰਹਿ ਵਿਖੇ ਇਕ ਵਿਚਾਰ ਗੋਸ਼ਟੀ ਰੱਖੀ ਗਈ ਸੀ। ਮੈਂ ਸਭ ਤੋਂ ਪਹਿਲਾਂ ਐਨ ਪੀ ਸਿੰਘ ਨਾਲ ਬਲੈਕਟਾਊਨ ਲਾਇਬ੍ਰੇਰੀ ਦੇ ਮਿਸਟਰ ਜੋਇਲਮੋਨ ਨੂੰ ਮਿਲਿਆ। ਗੱਲਬਾਤ ਉਪਰੰਤ ਜਦ ਸਮੇਂ ਸਿਰ ਵਿਚਾਰ ਗੋਸ਼ਟੀ ਵਿਚ ਪਹੁੰਚਣ ਲਈ ਅਸੀਂ ਉਸ ਤੋਂ ਇਜਾਜ਼ਤ ਲਈ ਤਾਂ ਉਸ ਨੇ ਕਿਹਾ ਕਿ ਪੰਜਾਬੀ ਕਮਿਊਨਿਟੀ ਵਾਲਿਆਂ ਨੂੰ ਇਕ ਸੁਨੇਹਾ ਦਿਓ ਕਿ ਉਹ ਲਾਇਬ੍ਰੇਰੀ ਵਿਚ ਆ ਕੇ ਆਪਣੇ ਸਾਹਿਤਕ ਸਮਾਗਮ ਕਰ ਸਕਦੇ ਹਨ। ਲਾਇਬ੍ਰੇਰੀ ਇਸ ਦੇ ਇਵਜ਼ ਵਿਚ ਕੋਈ ਪੈਸਾ ਚਾਰਜ ਨਹੀਂ ਕਰਦੀ। ਉਪਰੰਤ ਸਾਨੂੰ ਅਵਤਾਰ ਐਸ ਸੰਘਾ ਮੁੱਖ ਸੰਪਾਦਕ (ਪੰਜਾਬ ਹੇਰਲਡ) ਬਲੈਕਟਾਊਨ ਲਾਇਬ੍ਰੇਰੀ ਤੋਂ ਵਿਚਾਰ ਗੋਸ਼ਟੀ ਵਾਲੇ ਸਥਾਨ ਤੇ ਲੈ ਗਏ। ਵੱਖ ਵੱਖ ਸਾਹਿਤ ਪ੍ਰੇਮੀਆਂ ਵਲੋਂ ਆਪਣੀਆਂ ਰਚਨਾਵਾਂ ਪੜ੍ਹੀਆਂ ਗਈਆਂ। ਮੈਂ ਵੀ ਆਪਣੇ ਕੁਝ ਵਿਚਾਰ ਸਾਂਝੇ ਕੀਤੇ। ਇਸੇ ਦੌਰਾਨ ਐਨ ਪੀ ਸਿੰਘ ਨੇ ਪ੍ਰਬੰਧਕਾਂ ਨੂੰ ਮਿਸਟਰ ਜੋਇਲਮੋਨ ਦੇ ਸੰਦੇਸ਼ ਬਾਰੇ ਜਾਣੂ ਕਰਵਾਇਆ।

ਅਗਲੇ ਦਿਨ ਸ਼ਾਮ ਨੂੰ ਮੇਰੀ ਵਾਪਸੀ ਸੀ। ਇਥੋਂ ਮੇਰੀ ਇਸ ਫੇਰੀ ਦਾ ਕੁਝ ਕੌੜਾ ਮੋੜ ਸ਼ੁਰੂ ਹੁੰਦਾ ਹੈ। ਸਾਰਾ ਦਿਨ ਯਾਰਾਂ ਬੇਲੀਆਂ ਨਾਲ ਹੱਸਦੇ ਖੇਡਦੇ ਲੰਘ ਗਿਆ। ਮੇਰੇ ਬੇਟੇ ਨੇ ਸਿਡਨੀ ਸੈਂਟਰਲ ਤੋਂ ਰਾਤ 8.42 ਤੇ ਚਲਣ ਵਾਲੀ ਗੱਡੀ ਲਈ ਸੀਟ ਬੁੱਕ ਕਰਵਾ ਦਿੱਤੀ ਸੀ। ਮੈਂ ਸਮੇਂ ਸਿਰ ਸਟੇਸ਼ਨ ਪਹੁੰਚ ਗਿਆ। ਗੱਡੀ ਵੀ ਪੂਰੇ ਸਮੇਂ ਤੇ ਰਵਾਨਾ ਹੋ ਗਈ। ਰਾਤ ਬਾਰ੍ਹਾਂ ਕੁ ਵਜੇ ਗੱਡੀ ਗੌਲਬਰਨ ਸਟੇਸ਼ਨ ਤੇ ਜਾ ਰੁਕੀ। ਕਾਫੀ ਦੇਰ ਉਥੇ ਹੀ ਰੁਕੀ ਰਹੀ। ਜਦ ਬਹੁਤਾ ਚਿਰ ਉਥੇ ਰੁਕੀ ਰਹੀ ਤਾਂ ਕੁਝ ਇਕ ਸਵਾਰੀਆਂ ਨੇ ਸਟਾਫ ਕੋਲੋਂ ਪੁੱਛ-ਗਿੱਛ ਕਰਨੀ ਸ਼ੁਰੂ ਕਰ ਦਿੱਤੀ। ਵਿਚ ਵਿਚ ਗੱਡੀ ਵਿਚ ਐਨਾਊਂਸਮੈਂਟ ਵੀ ਹੋ ਰਹੀ ਸੀ ਪਰ ਮੈਨੂੰ ਉਸਦੀ ਕੁਝ ਸਮਝ ਨਹੀਂ ਆ ਰਹੀ ਸੀ। ਮੈਂ ਭਾਵੇਂ ਅੰਗ੍ਰੇਜ਼ੀ ਲਿਖ, ਪੜ੍ਹ ਅਤੇ ਕੁਝ ਬੋਲ ਵੀ ਲੈਂਦਾ ਹਾਂ ਪਰ ਫਿਰ ਵੀ ਮੈਨੂੰ ਉਨ੍ਹਾਂ ਦੇ ਬੋਲਣ ਦੇ ਲਹਿਜ਼ੇ ਦੀ ਸਮਝ ਨਹੀਂ ਆ ਰਹੀ ਸੀ। ਮੇਰੀ ਪ੍ਰੇਸ਼ਾਨੀ ਇਸ ਕਰਕੇ ਵੀ ਵੱਧ ਗਈ ਕਿਉਂਕਿ ਮੈਂ ਸ਼ਾਇਦ ਇਕੋ ਇਕ ਇੰਡੀਅਨ ਸਾਂ ਉਸ ਗੱਡੀ ਵਿਚ। ਏਨੀ ਕੁ ਗੱਲ ਮੇਰੇ ਪੱਲੇ ਜ਼ਰੂਰ ਪੈ ਗਈ ਕਿ ਗੱਡੀ ਹੁਣ ਵਾਪਸ ਸਿਡਨੀ ਜਾਵੇਗੀ ਜਿਥੋਂ ਕਿ ਇਹ ਰਵਾਨਾ ਹੋਈ ਸੀ।

ਸਮਾਂ ਅੱਧੀ ਰਾਤ ਤੋਂ ਵੱਧ ਹੋ ਚੁਕਾ ਸੀ ਮੈਂ ਆਪਣੇ ਘਰਦਿਆਂ ਨੂੰ ਵੀ ਕਿਸੇ ਪ੍ਰੇਸ਼ਾਨੀ ਵਿਚ ਨਹੀਂ ਸੀ ਪਾਉਣਾ ਚਾਹੁੰਦਾ। ਖੈਰ ਮੈਂ ਮੈਲਬੌਰਨ ਆਪਣੇ ਬੇਟੇ ਨੂੰ ਮੈਸੇਜ਼ ਕਰ ਦਿੱਤਾ ਅਤੇ ਕਿਉਂਕਿ ਇੰਡੀਆ ਵਿਚ ਉਸ ਵਕਤ ਅਜੇ ਸ਼ਾਮ ਦਾ ਸਮਾਂ ਸੀ ਇਸ ਲਈ ਉਥੇ ਬੇਟੀ ਨਾਲ ਫੋਨ ਤੇ ਗੱਲ ਕਰ ਦਿੱਤੀ (ਉਹ ਵੀ ਜਦ ਕੁਝ ਮਹੀਨੇ ਪਹਿਲਾਂ ਆਪਣੇ ਸਾਰੇ ਪਰਵਾਰ ਨਾਲ ਇਥੇ ਆਸਟਰੇਲੀਆ ਆਈ ਸੀ ਤਾਂ ਉਸ ਨਾਲ ਵੀ ਕੁਝ ਇਸੇ ਰੂਟ ਅਤੇ ਇਸੇ ਗੱਡੀ ਵਿਚ ਕੁਝ ਅਜਿਹਾ ਵਾਪਰਿਆ ਸੀ। ਉਸ ਨੇ ਦੱਸਿਆ ਕਿ ਉਨ੍ਹਾਂ ਦੇ ਸਮੇਂ ਬਾਰਸ਼ ਨਾਲ ਟ੍ਰੈਕ ਤੇ ਪਾਣੀ ਆ ਗਿਆ ਸੀ ਤੇ ਪਹਿਲਾਂ ਗੱਡੀ ਵਾਪਸ ਜਾਣ ਲਈ ਤਿਆਰ ਹੋ ਗਈ ਸੀ ਫਿਰ ਪ੍ਰਬੰਧਕਾਂ ਵਲੋਂ ਸਪੀਡ ਘਟਾ ਕੇ ਅੱਗੇ ਲਿਜਾਣ ਦਾ ਫੈਸਲਾ ਲਿਆ ਗਿਆ ਸੀ ਅਤੇ ਟ੍ਰੇਨ ਅਗਲੇ ਦਿਨ ਚਾਰ ਘੰਟੇ ਦੀ ਦੇਰੀ ਨਾਲ ਮੈਲਬੌਰਨ ਜਾ ਪੁੱਜੀ ਸੀ)

ਇਕ ਹੋਰ ਪ੍ਰੇਸ਼ਾਨੀ ਇਹ ਆ ਰਹੀ ਸੀ ਕਿ ਮੋਬਾਇਲ ਫੋਨ ਲਈ ਟ੍ਰੇਨ ਵਿਚ ਕੋਈ ਪਾਵਰ ਪੁਆਇੰਟ ਨਹੀਂ ਸੀ। ਸਾਰਾ ਦਿਨ ਫੋਨ ਚਲਦੇ ਰਹਿਣ ਕਾਰਣ ਬੈਟਰੀ ਲਗਾਤਾਰ ਘਟ ਰਹੀ ਸੀ। ਏਨੇ ਨੂੰ ਬੇਟੇ ਦਾ ਫੋਨ ਆ ਗਿਆ ਮੈਂ ਉਸਨੂੰ ਸਾਰੀ ਗੱਲ ਜਿੰਨੀ ਕੁ ਮੈਨੂੰ ਸਮਝ ਆ ਰਹੀ ਸੀ ਦੱਸੀ। ਉਸਨੇ ਮੈਨੂੰ ਫੋਨ ਤੇ ਸਟਾਫ ਦੇ ਕਿਸੇ ਮੈਂਬਰ ਨਾਲ ਗੱਲ ਕਰਾਉਣ ਲਈ ਕਿਹਾ। ਮੈਂ ਉਸ ਦੀ ਗੱਲ ਕਰਵਾਈ ਤਾਂ ਉਸ ਦਾ ਜਵਾਬ ਸੀ ਕਿ ਟ੍ਰੈਕ ਤੇ ਕੋਈ ਸਮੱਸਿਆ ਆਈ ਹੈ ਜੋ ਜਲਦੀ ਠੀਕ ਹੋਣ ਵਾਲੀ ਨਹੀਂ ਇਸ ਲਈ ਟ੍ਰੇਨ ਵਾਪਸ ਸਿਡਨੀ ਜਾਵੇਗੀ ਅਤੇ ਬਾਕੀ ਫੈਸਲਾ ਉਥੇ ਜਾ ਕੇ ਲਿਆ ਜਾਵੇਗਾ। ਟ੍ਰੇਨ ਉਥੋਂ ਚਲ ਕੇ ਚਾਰ ਕੁ ਵਜੇ ਦੁਬਾਰਾ ਸਿਡਨੀ ਦੇ ਪਲੇਟਫਾਰਮ ਨੰਬਰ ਚਾਰ ਤੇ ਜਾ ਲੱਗੀ। ਉਸ ਵਕਤ ਸਟੇਸ਼ਨ ਤੇ ਕੋਈ ਰੌਣਕ ਨਹੀਂ ਸੀ ਅਤੇ ਨਾ ਹੀ ਕੋਈ ਟ੍ਰੇਨ ਆ ਜਾ ਰਹੀ ਸੀ। ਸਾਰੀਆਂ ਸਵਾਰੀਆਂ ਪਲੇਟਫਾਰਮ ਨੰਬਰ ਇਕ ਤੇ ਵੇਟਿੰਗ ਰੂਮ ਵਲ ਨੂੰ ਚਲ ਪਈਆਂ। ਜਦ ਟ੍ਰੇਨ ਅਜੇ ਵਾਪਸ ਆ ਰਹੀ ਸੀ ਤਾਂ ਮੈਨੂੰ ਇਕ ਚਿੰਤਾ ਇਸ ਗੱਲ ਦੀ ਵੀ ਲੱਗੀ ਹੋਈ ਸੀ ਕਿ ਜੇ ਸਾਰੀਆਂ ਸਵਾਰੀਆਂ ਉਥੇ ਕੋਈ ਆਪਣਾ ਪ੍ਰਬੰਧ ਕਰਨ ਵਲ ਨੂੰ ਹੋ ਤੁਰੀਆਂ ਤਾਂ ਮੈਂ ਇਥੇ ਇਕੱਲਾ ਕੀ ਕਰਾਂਗਾ? ਖੈਰ ਜਦ ਵੇਟਿੰਗ ਰੂਮ ਵਿਚ ਸਾਰੇ ਇਕੱਠੇ ਹੋ ਗਏ ਤਾਂ ਮੈਨੂੰ ਵੀ ਕੁਝ ਹੌਂਸਲਾ ਹੋ ਗਿਆ। ਹੈਰਾਨਗੀ ਇਸ ਗੱਲ ਦੀ ਵੀ ਸੀ ਕਿ ਨਾ ਤਾਂ ਪਲੇਟਫਾਰਮ ਤੇ ਅਤੇ ਨਾ ਹੀ ਵੇਟਿੰਗ ਰੂਮ ਵਿਚ ਕੋਈ ਚਾਰਜਿੰਗ ਪੁਆਇੰਟ ਲੱਗਾ ਹੋਇਆ ਸੀ।

ਹਰ ਕੋਈ ਉਤਾਵਲਾ ਹੋ ਰਿਹਾ ਸੀ ਕਿ ਹੁਣ ਕੀ ਹੋਵੇਗਾ? ਇਥੇ ਸਾਰੇ ਇਕੱਠੇ ਹੋ ਜਾਣ ਤੇ ਮੈਂ ਆਪਣੇ ਆਸ ਪਾਸ ਇਹ ਦੇਖਣਾ ਚਾਹਿਆ ਕਿ ਸ਼ਾਇਦ ਇਨ੍ਹਾਂ ਸਵਾਰੀਆਂ ਵਿਚ ਕੋਈ ਇੰਡੀਅਨ ਮਿਲ ਜਾਵੇ। ਇਕ ਔਰਤ ਦਾ ਮੁਹਾਂਦਰਾ ਮੈਨੂੰ ਇੰਡੀਅਨ ਜਿਹਾ ਲੱਗਾ, ਮੈਂ ਉਸਨੂੰ ਪੁੱਛ ਲਿਆ, "ਆਰ ਯੂ ਇੰਡੀਅਨ"? ਉਸਨੇ ਜਦ 'ਯੱਸ' ਕਿਹਾ ਤਾਂ ਮੈਨੂੰ ਹੌਂਸਲਾ ਹੋ ਗਿਆ। ਉਸਨੇ ਮੈਨੂੰ ਹਿੰਦੀ ਵਿਚ ਕਿਹਾ ਕਿ ਉਹ ਮੱਧ ਪ੍ਰਦੇਸ਼ ਤੋਂ ਹੈ ਪਰ ਹੁਣ ਤਾਂ ਉਹ ਇਥੋਂ ਦੀ ਹੀ ਹੈ। ਮੈਂ ਉਸਨੂੰ ਕਿਹਾ ਕਿ ਮੈਨੂੰ ਗੋਰਿਆਂ ਦੀ ਐਨਾਊਂਸਮੈਂਟ ਸਮਝ ਨਹੀਂ ਆਉਂਦੀ ਇਸ ਕਰਕੇ ਲੋੜ ਪੈਣ ਤੇ ਉਹ ਮੇਰੀ ਕਿਸੇ ਵੇਲੇ ਮਦਦ ਕਰ ਦੇਵੇ। ਸਟਾਫ ਸਾਨੂੰ ਸਿਡਨੀ ਪਹੁੰਚਾਣ ਲਈ ਕੋਈ ਬਦਲ ਦੇ ਪ੍ਰਬੰਧ ਵਿਚ ਜੁਟਿਆ ਹੋਇਆ ਸੀ। ਏਨੇ ਨੂੰ ਮੈਨੂੰ ਇਕ ਹੋਰ ਲੜਕਾ ਜਿਸ ਦਾ ਚਿਹਰਾ ਮੁਹਰਾ ਏਸ਼ੀਅਨ ਜਿਹਾ ਲੱਗਦਾ ਸੀ। ਮੈਂ ਉਸਨੂੰ ਪੁੱਛਿਆ, "ਯੂ ਆਰ ਫਰੋਮ ਇੰਡੀਆ ਔਰ ਫਰੋਮ ਅਦਰ ਕੰਟਰੀ"? ਉਸ ਦਾ ਜਵਾਬ ਸੀ 'ਬੰਗਲਾਦੇਸ਼'। ਮੈਂ ਉਸਨੂੰ ਆਪਣੀ ਸਮੱਸਿਆ ਦੱਸੀ। ਉਸਦਾ ਕਹਿਣਾ ਸੀ ਕਿ ਕੀ ਤੁਹਾਨੂੰ (ਭਾਵ ਕਿ ਮੈਨੂੰ) ਹਿੰਦੀ ਆਉਂਦੀ ਹੈ? ਮੈਂ 'ਹਾਂ' ਵਿਚ ਜਵਾਬ ਦੇ ਦਿੱਤਾ। ਉਸਨੇ ਕਿਹਾ 'ਨੋ ਪ੍ਰਾਬਲੈਮ'। ਉਸਨੂੰ ਹਿੰਦੀ ਆਉਂਦੀ ਸੀ।

ਸਾਢੇ ਕੁ ਛੇ ਵਜੇ ਸਟਾਫ ਦੇ ਇਕ ਮੈਂਬਰ ਨੇ ਆ ਕੇ ਕਿਹਾ ਕਿ ਮੈਲਬੌਰਨ ਜਾਣ ਵਾਲੇ ਇਕ ਲਾਈਨ ਵਿਚ ਆ ਜਾਓ ਅਤੇ ਰਸਤੇ ਵਿਚ ਉਤਰਣ ਵਾਲੇ ਦੂਸਰੀ ਲਾਈਨ ਵਿਚ ਆ ਜਾਓ। ਮੈਂ ਉਸ ਮੱਧ ਪ੍ਰਦੇਸ਼ ਵਾਲੀ ਔਰਤ ਨੂੰ ਇਸ ਬਾਰੇ ਹਿੰਦੀ ਵਿਚ ਬੋਲ ਕੇ ਪੁੱਛਿਆ ਕਿ ਸਟਾਫ ਮੈਂਬਰ ਕੀ ਕਹਿ ਰਿਹਾ ਸੀ? ਤਾਂ ਮੈਂ ਉਸਦਾ ਜਵਾਬ ਸੁਣ ਕੇ ਇਕਦਮ ਹੈਰਾਨ ਹੋ ਗਿਆ। ਉਹ ਕਹਿਣ ਲੱਗੀ, "ਨੋ ਹਿੰਦੀ ਓਨਲੀ ਇੰਗਲਿਸ਼"। ਮੈਂ ਉਸ ਔਰਤ ਵਿਚ ਆਏ ਬਦਲਾਅ ਤੋਂ ਬੜਾ ਹੈਰਾਨ ਹੋਇਆ ਕਿ ਆਖਰ ਇਹ ਕੀ ਭਾਣਾ ਵਰਤਿਆ ਹੈ ਜਿਹੜੀ ਆਪਣੀ ਹਿੰਦੀ ਭਾਸ਼ਾ ਨੂੰ ਸਮਝਣ ਤੋਂ ਵੀ ਮੁਨਕਰ ਹੋ ਰਹੀ ਹੈ। ਮੈਨੂੰ ਇਨ੍ਹਾਂ ਦੋਹਾਂ ਦਾ--ਇਕ ਬੰਗਲਾਦੇਸ਼ੀ ਲੜਕੇ ਅਤੇ ਦੂਸਰੀ ਉਸ ਮੱਧ ਪ੍ਰਦੇਸ਼ ਦੀ ਔਰਤ ਜਿਹੜੀ ਹਿੰਦੀ ਬੋਲਣ ਅਤੇ ਸਮਝਣ-ਸਮਝਾਉਣ ਤੋਂ ਵੀ ਇਨਕਾਰੀ ਹੋ ਰਹੀ ਸੀ ਅਤੇ ਦੂਸਰੇ ਪਾਸੇ ਬੰਗਲਾਦੇਸ਼ੀ ਲੜਕਾ ਹਿੰਦੀ ਵਿਚ ਮੈਨੂੰ ਸਾਰੀ ਗੱਲ ਸਮਝਾਉਣ ਲਈ ਤਿਆਰ ਹੋ ਗਿਆ ਸੀਇਸ ਸਾਰੀ ਫੇਰੀ ਦੌਰਾਨ ਇਹ ਵੀ ਇਕ ਅਜੀਬ ਤਰ੍ਹਾਂ ਦਾ ਟਵਿਸਟ ਸੀ। ਮੈਂ ਉਸ ਬੰਗਲਾਦੇਸ਼ੀ ਲੜਕੇ ਨਾਲ ਲਾਈਨ ਵਿਚ ਲੱਗ ਗਿਆ। ਸਾਢੇ ਕੁ ਸੱਤ ਵਜੇ ਰੇਲਵੇ ਵਲੋਂ ਸਵਾਰੀਆਂ ਲਈ ਚਾਹ ਪਾਣੀ ਦਾ ਪ੍ਰਬੰਧ ਕਰ ਦਿੱਤਾ ਗਿਆ। ਏਨੇ ਚਿਰ ਨੂੰ ਬੱਸਾਂ ਵੀ ਸਟੇਸ਼ਨ ਦੇ ਬਾਹਰ ਆ ਲੱਗੀਆਂ। ਸਾਰੀਆਂ ਸਵਾਰੀਆਂ ਬਣੀ ਲਿਸਟ ਅਨੁਸਾਰ ਬੱਸ ਵਿਚ ਆ ਗਈਆਂ। ਸੋਚਿਆ ਸੀ ਕਿ ਸ਼ਾਇਦ ਬੱਸ ਵਿਚ ਚਾਰਜਿੰਗ ਪੁਆਇੰਟ ਹੋਣਗੇ ਪਰ ਇਥੇ ਵੀ ਨਿਰਾਸ਼ਾ ਮਹਿਸੂਸ ਹੋਈ। ਆਪਣੇ ਇੰਡੀਆ ਵਿਚ ਤਾਂ ਹੁਣ ਤਕਰੀਬਨ ਸਾਰੀਆਂ ਲਗਜ਼ਰੀ ਬੱਸਾਂ ਵਿਚ ਅਜਿਹੀ ਸਹੂਲਤ ਹੁੰਦੀ ਹੈ। ਜਦ ਦੇਖਿਆ ਕਿ ਬੱਸ ਵਿਚ ਵੀ ਕੋਈ ਵੀ ਅਜਿਹੀ ਵਿਵਸਥਾ ਨਹੀਂ ਸੀ ਤਾਂ ਫੋਨ ਰਸਤੇ ਵਿਚ ਕਈ ਜਗ੍ਹਾ ਤੇ ਬੰਦ ਕਰਕੇ ਰੱਖਣਾ ਪਿਆ ਕਿ ਕਿਤੇ ਮੈਂ ਕੋਈ ਜ਼ਰੂਰੀ ਗੱਲ ਕਰਨ ਤੋਂ ਵੀ ਅਸਮਰੱਥ ਨਾ ਹੋ ਜਾਵਾਂ। ਬੱਸ ਅੱਠ ਵਜੇ ਦੇ ਕਰੀਬ ਇਥੋਂ ਰਵਾਨਾ ਹੋ ਗਈ। ਚਾਰ ਕੁ ਘੰਟੇ ਦੇ ਸਫਰ ਉਪਰੰਤ ਜਦ ਬੱਸ ਇਕ ਰੈਸਟੋਰੈਂਟ ਵਿਖੇ ਰੁਕੀ ਤਾਂ ਉਥੇ ਇਕ ਪੁਆਇੰਟ ਤੇ ਕੁਝ ਸਮਾਂ ਲਗਾ ਕੇ ਚਾਰਜ ਕੀਤਾ।

ਜਦ ਬੱਸ ਅਜੇ ਮੈਲਬੌਰਨ ਤੋਂ ਸੌ ਕੁ ਕਿਲੋਮੀਟਰ ਦੂਰ ਸੀ ਤਾਂ ਡਰਾਈਵਰ ਨੇ ਕਿਹਾ ਕਿ ਅੱਗੇ ਬੁਸ਼ਫਾਇਰ ਹੋ ਰਹੀ ਹੈ ਮੇਨ ਹਾਈਵੇਅ ਦੀ ਬਜਾਇ ਪਿੰਡਾਂ ਦੇ ਵਿਚੋਂ ਦੀ ਜਾਣਾ ਪਵੇਗਾ ਜਿਸ ਕਾਰਣ ਆਪਣੀ ਮੰਜ਼ਿਲ ਤੇ ਪਹੁੰਚਣ ਵਿਚ ਕੁਝ ਦੇਰੀ ਵੀ ਹੋ ਸਕਦੀ ਹੈ। ਬੱਸ 20-25 ਕਿਲੋਮੀਟਰ ਦਾ ਸਫਰ ਪਿੰਡਾਂ ਵਿਚੋਂ ਦੀ ਕਰਦੀ ਹੋਈ ਮੇਨ ਹਾਈਵੇਅ ਤੇ ਪੁੱਜੀ ਤਾਂ ਅੱਗੋਂ ਬਾਰਸ਼ ਸ਼ੁਰੂ ਹੋ ਗਈ। ਬਾਰਸ਼ ਕੋਈ ਬਹੁਤੀ ਜ਼ਿਆਦਾ ਨਹੀਂ ਸੀ ਅਤੇ ਜਲਦੀ ਹੀ ਰੁਕ ਗਈ। ਡਰਾਈਵਰ ਨੇ ਠੀਕ ਸਾਢੇ ਸੱਤ ਵਜੇ ਮੈਲਬੌਰਨ ਦੇ ਸਾਊਥਰਨ ਕਰਾਸ ਸਟੇਸ਼ਨ ਤੇ ਆ ਉਤਾਰਿਆ। ਇਸ ਤਰ੍ਹਾਂ ਮੈਂ ਪੂਰੇ ਚੌਵੀ ਘੰਟੇ ਬਾਅਦ ਆਪਣੀ ਮੰਜ਼ਿਲ ਤੇ ਆ ਪਹੁੰਚਿਆ। ਇਹ ਸੀ ਮੇਰਾ ਸਿਡਨੀ ਦੇ ਕੌੜੇ-ਮਿੱਠੇ ਸਫਰ ਦਾ ਬ੍ਰਿਤਾਂਤ। ਹਾਂ ਅਗਲੇ ਦਿਨ ਬੇਟੇ ਨੇ ਕਿਹਾ ਕਿ ਰੇਲਵੇ ਵਲੋਂ ਮੈਸੇਜ਼ ਆਇਆ ਹੈ ਕਿ ਤੁਹਾਡੀ ਟਿਕਟ ਦੇ ਪੈਸੇ ਕੁਝ ਦਿਨਾਂ ਵਿਚ ਰਿਫੰਡ ਹੋ ਜਾਣਗੇ। ਕੁਝ ਦਿਨਾਂ ਬਾਅਦ ਇਹ ਰਿਫੰਡ ਆ ਵੀ ਗਿਆ। ਭਾਵੇਂ ਕਿ ਮੈਨੂੰ ਜਿਸਮਾਨੀ ਅਤੇ ਮਾਨਸਿਕ ਤੌਰ ਤੇ ਥੋੜ੍ਹਾ ਕਸ਼ਟ ਸਹਿਣਾ ਪਿਆ ਪਰ ਰੇਲਵੇ ਦਾ ਇਹ ਕਦਮ ਅਤਿ ਸ਼ਲਾਘਾਯੋਗ ਸੀ।

ਸੁਖਵਿੰਦਰ ਸਿੰਘ
ਨਰੂਲਾ



# ਵਿਸ਼ਾ ਵਿਦਿਆਰਥੀ ਜੀਵਨ ਦੇ ਕੁਝ ਮਹੱਤਵਪੂਰਨ ਪੱਖ

ਵਿਦਿਆਰਥੀ ਸਾਡੇ ਸਮਾਜ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ ਕਿਉਂਕਿ ਇਹ ਦੇਸ ਦਾ ਭਵਿੱਖ ਹੁੰਦੇ ਹਨ। ਇਹਨਾਂ ਦਾ ਮੁੱਖ ਕਰਤਵ ਪੜਾਈ, ਅਨੁਸਾਸਨ ਵਿੱਚ ਰਹਿਣਾ ,ਨੈਤਿਕ ਮੁੱਲਾ ਨੂੰ ਅਪਣਾਉਣਾ ਹੈ। । ਅਜੋਕਾ ਸਮਾਂ ਟੈਕਨੋਲਜੀ ਦੀ ਮਹਾਰਤ ਦਾ ਯੁੱਗ ਹੈ। ਜਿਸ ਕਾਰਨ ਵਿਦਿਆਰਥੀਆਂ ਦੀ ਸਿੱਖਣ ਸਮਰਥਾ ਸੁਤੰਤਰ ਹੋ ਕੇ ਵਿਚਰਨ ਦੀ ਹੈ। ਆਧੁਨਿਕ ਸਮੇਂ ਅਸੀਂ ਦੇਖਦੇ ਹਾਂ ਕਿ ਸਿੱਖਿਆ ਮਾਹੌਲ ਵਿੱਚ ਕਾਫੀ ਬਦਲਾਅ ਸਾਡੇ ਸਾਹਮਣੇ ਆਏ ਹਨ ਜਿਵੇਂ ਆਨਲਾਈਨ ਕੋਰਸ, ਡਿਜੀਟਲ ਪੁਸਤਕਾਂ ,ਇੰਟਰਨੈਟ ਰਾਹੀ ਜਾਣਕਾਰੀ ਪ੍ਰਾਪਤ ਕਰਨਾ ਆਦਿ ਪਰ ਇਸ ਦੇ ਨਾਲ ਹੀ ਅਜੋਕੇ ਸਮੇਂ ਵਿਦਿਆਰਥੀਆਂ ਅੰਦਰ ਕੁਝ ਇਸ ਤਰ੍ਹਾਂ ਦੇ ਮਹੱਤਵਪੂਰਨ ਪੱਖ ਸਾਹਮਣੇ ਆਏ ਹਨ ਜਿਨਾਂ ਤੇ ਵਿਚਾਰ ਕਰਨਾ ਜਰੂਰੀ ਹੋ ਜਾਂਦਾ ਹੈ।

1 ਵਿਦਿਆਰਥੀਆਂ ਅੰਦਰ ਟੈਕਨੋਲਜੀ ਦਾ ਜਿਆਦਾ ਪ੍ਰਭਾਵ :-

ਅਜੋਕੇ ਸਮੇਂ ਇਹ ਆਮ ਹੀ ਦੇਖਣ ਵਿੱਚ ਆਇਆ ਹੈ ਕਿ ਵਿਦਿਆਰਥੀਆਂ ਤੇ ਟੈਕਨੋਲਜੀ ਦਾ ਜਿਆਦਾ ਪ੍ਰਭਾਵ ਪੈ ਰਿਹਾ ਹੈ। ਬੇਸੱਕ ਇਸ ਰਾਹੀਂ ਸਿੱਖਣ ਦੀ ਪ੍ਰਕਿਰਿਆ ਬਹੁਤ ਪ੍ਰਭਾਵਸਾਲੀ ਬਣ ਜਾਂਦੀ ਹੈ ਪਰ ਇਸ ਦੀ ਜਿਆਦਾ ਵਰਤੋਂ ਨੁਕਸਾਨਦਾਇਕ ਵੀ ਹੈ। ਇਸ ਰਾਹੀਂ ਵਿਦਿਆਰਥੀਆਂ ਦਾ ਪੜ੍ਹਾਈ ਤੋ ਧਿਆਨ ਭਟਕ ਰਿਹਾ ਹੈ। ਸਰੀਰਕ ਕਿਰਿਆਵਾਂ ਦੀ ਘਾਟ ,ਅੱਖਾਂ ਤੇ ਬੁਰਾ ਪ੍ਰਭਾਵ ਤੇ ਆਪਸੀ ਮੇਲ ਜੋਲ ਘੱਟ ਰਿਹਾ ਜੋ ਕਿ ਚਿੰਤਾ ਦਾ ਵਿਸਾ ਹੈ ਸੋ ਵਿਦਿਆਰਥੀਆਂ ਨੂੰ ਟੈਕਨੋਲੋਜੀ ਦੀ ਉਨੀ ਹੀ ਵਰਤੋਂ ਕਰਨੀ ਚਾਹੀਦੀ ਹੈ ਜਿੰਨੀ ਉਹਨਾਂ ਲਈ ਫਾਇਦੇਮੰਦ ਹੋਵੇ।

2 ਵਿਦਿਆਰਥੀਆਂ ਦੇ ਕਿਰਦਾਰ ਵਿੱਚ ਗਿਰਾਵਟ:-

ਅੱਜ ਦੇ ਸਮੇਂ ਵਿੱਚ ਵਿਦਿਆਰਥੀਆਂ ਦੇ ਕਿਰਦਾਰ ਵਿੱਚ ਵੀ ਲਗਾਤਾਰ ਗਿਰਾਵਟ ਆ ਰਹੀ ਦਿੱਖ ਰਹੀ ਹੈ। ਯੂਟੀਊਬ, ਟਿਕ ਟੋਕ ਆਦਿ ਤੇ ਵੀਡੀਓ ਦੀ ਭਰਮਾਰ ਹੁੰਦੀ ਹੈ। ਇਹ ਵੀਡੀਓ ਸਾਫ ਸੁਥਰੀਆਂ ਨਹੀਂ ਹੁੰਦੀਆਂ ਪਰ ਵਿਦਿਆਰਥੀ ਜਦ ਮੋਬਾਇਲ ਤੇ ਇਸ ਤਰ੍ਹਾਂ ਦੀਆਂ ਵੀਡੀਓ ਦੇਖਦੇ ਹਨ ਤਾਂ ਉਹਨਾਂ ਦਾ ਧਿਆਨ ਚੰਗੇ ਪਾਸੇ ਨਾ ਹੋ ਕੇ ਗਲਤ ਪਾਸੇ ਜਾਂਦਾ ਹੈ। ਜਿਸ ਕਾਰਨ ਉਹਨਾਂ ਦੇ ਅੰਦਰ ਚੰਗੇ ਸੰਸਕਾਰ, ਅਨੁਸਾਸਨ ,ਇਮਾਨਦਾਰੀ ,ਸੱਚਾਈ ਆਦਿ ਵਰਗੀਆਂ ਕਦਰਾਂ ਕੀਮਤਾਂ ਦੀ ਘਾਟ ਹੋ ਗਈ ਹੈ ਜਦੋਂ ਵਿਦਿਆਰਥੀ ਝੂਠ ਦੀ ਥਾਂ ਸੱਚ ,ਨਫਰਤ ਦੀ ਥਾਂ ਪਿਆਰ, ਈਰਖਾ ਦੀ ਥਾਂ ਪ੍ਰਸੰਸਾ, ਬੇਈਮਾਨੀ ਦੀ ਥਾਂ ਇਮਾਨਦਾਰੀ, ਹੰਕਾਰ ਦੀ ਥਾਂ ਨਿਮਰਤਾ ਅਪਣਾਵਾਂਗੇ ਤਾਂ ਹੀ ਵਿਦਿਆਰਥੀ ਚੰਗੀ ਸੇਧ ਵੱਲ ਜਾ



ਸਕਦੇ ਹਨ।

3 ਵਿਦਿਆਰਥੀਆਂ ਅੰਦਰ ਸਹਜ ਸਬਰ ਦੀ ਘਾਟ:-

ਵਰਤਮਾਨ ਸਮੇਂ ਅਸੀਂ ਦੇਖਦੇ ਹਾਂ ਕਿ ਵਿਦਿਆਰਥੀਆਂ ਅੰਦਰ ਗੁੱਸੇ ਦੀ ਭਾਵਨਾ ਦਿਨੋਂ ਦਿਨ ਵੱਧ ਰਹੀ ਹੈ ਟੈਕਨੋਲਜੀ ਦੇ ਵਾਧੇ ਸੋਸਲ ਮੀਡੀਆ ਦੀ ਵੱਧ ਵਰਤੋਂ ਕਾਰਨ ਉਹਨਾਂ ਅੰਦਰ ਗੁੱਸਾ ਵੱਧ ਰਿਹਾ ਹੈ। ਉਹ ਹਰ ਕੰਮ ਦਾ ਨਤੀਜਾ ਵੀ ਤੁਰੰਤ ਚਾਹੁੰਦੇ ਹਨ। ਉਹਨਾਂ ਵਿੱਚ ਸਹਿਜ ਸਬਰ ਦੀ ਘਾਟ ਹੋ ਰਹੀ ਹੈ। ਉਹਨਾਂ ਅੰਦਰ ਕਿਸੇ ਚੀਜ ਲਈ ਉਡੀਕ ਕਰਨ ਦੀ ਆਦਤ ਨਹੀਂ ਹੈ ।ਵਿਦਿਆਰਥੀ ਛੋਟੀਆਂ ਛੋਟੀਆਂ ਗੱਲਾਂ ਤੇ ਹਾਰ ਮੰਨ ਲੈਂਦੇ ਹਨ ਜਿਸ ਕਾਰਨ ਉਹ ਡਿਪਰੈਸਨ, ਤਨਾਅ ਦਾ ਸਿਕਾਰ ਹੋ ਜਾਂਦੇ ਹਨ। ਇਸ ਸਮੱਸਿਆ ਦਾ ਹੱਲ ਸਹੀ ਮਾਰਗਦਰਸਨ ਵੀ ਹੈ ।ਮਾਪਿਆਂ ਨੂੰ ਚਾਹੀਦਾ ਕਿ ਉਹ ਆਪਣੇ ਬੱਚਿਆਂ ਨੂੰ ਸਬਰ ਸੰਜਮ ਤੇ ਮਿਹਨਤ ਦਾ ਮੁੱਲ ਸਮਝਾਉਣ। ਉਹਨਾਂ ਅੰਦਰ ਕਿਤਾਬਾਂ ਪੜਨ ਦੀ ਆਦਤ ਵਿੱਚ ਵਾਧਾ ਕਰਨ ਤਾਂ ਹੀ ਉਹਨਾਂ ਅੰਦਰ ਸਹਿਜ ਤੇ ਸਬਰ ਆ ਸਕਦਾ ਹੈ।

4 ਵਿਦਿਆਰਥੀਆਂ ਵੱਲੋਂ ਅਧਿਆਪਕ ਦਾ ਸਤਿਕਾਰ :-

ਵਰਤਮਾਨ ਸਮੇਂ ਆਮ ਹੀ ਸਕੂਲਾਂ ਵਿੱਚ ਇਹ ਦੇਖਣ ਵਿੱਚ ਆਇਆ ਹੈ ਕਿ ਵਿਦਿਆਰਥੀਆਂ ਵੱਲੋਂ ਅਧਿਆਪਕਾਂ ਦਾ ਸਤਿਕਾਰ ਘਟਦਾ ਜਾ ਰਿਹਾ ਹੈ। ਉਹ ਅਧਿਆਪਕਾਂ ਦੀ ਗੱਲ ਨਹੀਂ ਸੁਣਦੇ ਤੇ ਨਾ ਹਦਾਇਤਾਂ ਦਾ ਪਾਲਣ ਕਰਦੇ ਹਨ। ਅਧਿਆਪਕ ਨਾਲ ਨਿਮਰਤਾ ਨਾਲ ਗੱਲ ਕਰਨ ਦੀ ਥਾਂ ਬਦਤਮੀਜੀ ਨਾਲ ਗੱਲ ਕਰਦੇ ਹਨ। ਜੇ ਵਿਦਿਆਰਥੀ ਸਤਿਕਾਰ ਦੇਣ ਤਾਂ ਅਧਿਆਪਕ ਵੀ ਖੁਸ ਹੋ ਕੇ ਪੜਾਉਂਦੇ ਹਨ। ਜਿਸ ਨਾਲ ਵਿਦਿਆਰਥੀਆਂ ਦਾ ਭਵਿੱਖ ਰੋਸਨ ਹੁੰਦਾ ਹੈ। ਅਧਿਆਪਕਾਂ ਦਾ ਸਤਿਕਾਰ ਕਰਨਾ ਚੰਗੇ ਚਰਿੱਤਰ ਦੀ ਨਿਸਾਨੀ ਹੁੰਦੀ ਹੈ। ਸੋ ਵਿਦਿਆਰਥੀਆਂ ਨੂੰ ਅਧਿਆਪਕਾਂ ਦੀ ਇੱਜਤ ਕਰਨੀ ਚਾਹੀਦੀ ਹੈ ਤਾਂ ਜੋ ਉਹਨਾਂ ਅੰਦਰ ਵਧੀਆ ਚਰਿੱਤਰ ਦਾ ਨਿਰਮਾਣ ਹੋ ਸਕੇ।

5 ਵਿਦਿਆਰਥੀਆਂ ਅੰਦਰ ਮਿਹਨਤ ਕਰਨ ਦੀ ਸਕਤੀ :-

ਵਰਤਮਾਨ ਸਮੇਂ ਦੇ ਵਿਦਿਆਰਥੀ ਮਿਹਨਤ ਤੋਂ ਦੂਰ ਭੱਜਦੇ ਨਜਰ ਆਉਂਦੇ ਹਨ। ਇਹ ਆਸ ਕਰਦੇ ਹਨ ਕਿ ਸਭ ਕੁਝ ਹਾਸਲ ਹੋ ਜਾਏ ਪਰ ਮਿਹਨਤ ਨਾ ਕਰਨੀ ਪਵੇ ।ਉਹਨਾਂ ਅੰਦਰ ਆਲਸ ਪੈਦਾ ਹੋ ਰਹੀ ਹੈ ਜਦ ਕਿ ਮਿਹਨਤ ਹੀ ਸਫਲਤਾ ਦੀ ਕੁੰਜੀ ਹੁੰਦੀ ਹੈ ਕੋਈ ਵੀ ਇਨਸਾਨ ਮਿਹਨਤ ਤੋਂ ਬਿਨਾ ਸਫਲ ਨਹੀਂ ਹੁੰਦਾ ਬਹੁਤ ਸਾਰੇ ਸਫਲ ਇਨਸਾਨਾਂ ਦੀਆਂ ਕਹਾਣੀਆਂ ਹਨ ਜੋ ਗਰੀਬ ਹੋ ਕੇ ਵੀ ਸਫਲਤਾ ਪ੍ਰਾਪਤ ਕਰਦੇ ਹਨ। ਉਹਨਾਂ ਨੇ ਮਿਹਨਤ ਕੀਤੀ ਹੁੰਦੀ ਹੈ ਸੋ ਵਿਦਿਆਰਥੀਆਂ ਨੂੰ ਮਿਹਨਤ ਤੋਂ ਦੂਰ ਨਹੀਂ ਭੱਜਣਾ ਚਾਹੀਦਾ ਕਿਉਂਕਿ ਮਿਹਨਤ ਕਰਨ ਦੀ ਸਕਤੀ ਵਿਦਿਆਰਥੀਆਂ ਨੂੰ ਸਫਲਤਾ ਦੇ ਰਾਹ ਤੇ ਲੈ ਕੇ ਜਾਂਦੀ ਹੈ।

6 ਵਿਦਿਆਰਥੀਆਂ ਅੰਦਰ ਕਿਤਾਬਾਂ ਪੜਨ ਦਾ ਰੁਝਾਨ :-

ਅੱਜ ਦੇ ਵਿਦਿਆਰਥੀ ਅੰਦਰ ਕਿਤਾਬਾਂ ਪੜਨ ਦਾ ਰੁਝਾਨ ਘਟਦਾ ਜਾ ਰਿਹਾ ਹੈ ਕਿਉਂਕਿ ਮੋਬਾਈਲ, ਇੰਟਰਨੈਟ ਆਉਣ ਕਾਰਨ ਉਹ ਸਾਰੀ ਜਾਣਕਾਰੀ ਇਸ ਰਾਹੀ ਇਕੱਠੀ ਕਰ ਲੈਂਦੇ ਹਨ। ਕਿਤਾਬਾਂ ਨਾ ਪੜਨ ਦਾ ਨਤੀਜਾ ਇਹ ਹੈ ਕਿ ਵਿਦਿਆਰਥੀਆਂ ਦੀ ਭਾਸਾ ,ਸੈਲੀ, ਇਕਾਗਰਤਾ ,ਸੋਚਣ ਸਕਤੀ ਘੱਟ ਰਹੀ ਹੈ। ਕਿਤਾਬਾਂ ਗਹਿਰਾਈ ਨਾਲ ਸੋਚਣ ਦੀ ਆਦਤ ਪਾਉਂਦੀਆਂ ਹਨ ਜਦਕਿ ਇੰਟਰਨੈਟ ਰਾਹੀ ਲਿਆ ਗਿਆਨ ਟੁਕੜਿਆਂ ਵਿੱਚ ਵੰਡਿਆ ਹੋਣ ਕਾਰਨ ਇਕਾਗਰਤਾ ਨਹੀਂ ਲਿਆਉਂਦਾ ਜਦ ਕਿ ਇਕਾਗਰਤਾ ਹੋਣਾ ਬਹੁਤ ਜਰੂਰੀ ਹੈ। ਕਿਤਾਬਾਂ ਪੜ੍ਹਾ ਵਿਦਿਆਰਥੀਆਂ ਦੇ ਬੋਧਿਕ ਤੇ ਨੈਤਿਕ ਵਿਕਾਸ ਲਈ ਬਹੁਤ ਜਰੂਰੀ ਹੈ। ਸੋ ਵਿਦਿਆਰਥੀਆਂ ਨੂੰ ਕਿਤਾਬਾਂ ਪੜਨ ਦੀ ਆਦਤ ਜਰੂਰ ਪਾਉਣੀ ਚਾਹੀਦੀ ਹੈ।

7 ਵਿਦਿਆਰਥੀਆਂ ਅੰਦਰ ਸਿੱਖਣ ਦੀ ਸਮਰੱਥਾ :-

ਵਿਦਿਆਰਥੀਆਂ ਅੰਦਰ ਆਪਣੇ ਤੋਂ ਵੱਡਿਆਂ ਤੋਂ ਕੁਝ ਸਿੱਖਣ ਦੀ ਸਮਰੱਥਾ ਘੱਟ ਰਹੀ ਹੈ ਉਹਨਾਂ ਨੂੰ ਲੱਗਦਾ ਹੈ ਅਸੀਂ ਸਭ ਕੁਝ ਆਪ ਕਰ ਸਕਦੇ ਹਾਂ ਅਸੀਂ ਗੂਗਲ ਜਾਂ ਮੋਬਾਈਲ ਰਾਹੀਂ ਵੱਧ ਸਿੱਖ ਸਕਦੇ ਹਾਂ ਜਦ ਕਿ ਸਿੱਖਣ ਦੀ ਸਮਰੱਥਾ ਲਗਾਤਾਰ ਅਭਿਆਸ ਰਾਹੀਂ ਆਉਂਦੀ ਹੈ। ਜੋ ਕਿ ਅੱਜ ਦੇ ਵਿਦਿਆਰਥੀ ਨਹੀਂ ਕਰਦੇ ਜੇ ਵਿਦਿਆਰਥੀ ਨਿਯਮਤ ਸਮੇਂ ਨਾਲ ਪੜ੍ਹਾਈ ਨਾ ਕਰਨ ,ਕੋਈ ਸਵਾਲ ਨਾ ਪੁੱਛਣ ,ਧਿਆਨ ਨਾਲ ਨਾ ਸੁਣਨ ਤਾਂ ਉਹਨਾਂ ਅੰਦਰ ਕਦੇ ਵੀ ਸਿੱਖਣ ਸਮਰੱਥਾ ਵੱਧ ਨਹੀਂ ਸਕਦੀ। ਜਦਕਿ ਵਿਦਿਆਰਥੀਆਂ ਵਿੱਚ ਕੁਝ ਵੀ ਸਿੱਖਣ ਦੀ ਅਸੀਮਤ ਯੋਗਤਾ ਹੁੰਦੀ ਹੈ ਸਹੀ ਦਿਸਾ ਤੇ ਵੱਡਿਆਂ ਤੋਂ ਲਿਆ ਗਿਆਨ ਸਿੱਖਣ ਦੀ ਸਮਰੱਥਾ ਨੂੰ ਮਜਬੂਤ ਬਣਾ ਸਕਦਾ ਹੈ।

8 ਵਿਦਿਆਰਥੀਆਂ ਅੰਦਰ ਵਿਦੇਸਾਂ ਵੱਲ ਜਾਣ ਦਾ ਰੁਝਾਨ :-

ਅੱਜ ਦੇ ਸਮੇਂ ਅਸੀਂ ਇਹ ਵੀ ਦੇਖਦੇ ਹਾਂ ਕਿ ਵਿਦਿਆਰਥੀਆਂ ਅੰਦਰ ਵਿਦੇਸਾਂ ਵੱਲ ਜਾਣ ਦਾ ਰੁਝਾਨ ਦਿਨੋਂ ਦਿਨ ਵੱਧ ਰਿਹਾ ਹੈ। ਚੰਗੇ ਰੁਜਗਾਰ ਦੇ ਮੌਕਿਆਂ ਕਾਰਨ ਉਹਨਾਂ ਨੂੰ ਉੱਥੇ ਜਾਣਾ ਜਿਆਦਾ ਚੰਗਾ ਲੱਗਦਾ ਹੈ। ਬੇਸੱਕ ਇਸ ਰੁਝਾਨ ਦੇ ਕੁਝ ਸਾਕਾਰਾਤਮਕ ਪੱਖ ਵੀ ਹਨ ਪਰ ਨਾਲ ਹੀ ਨਕਾਰਾਤਮਕ ਪੱਖ ਵੀ ਦੇਖਣ ਨੂੰ ਮਿਲਦੇ ਹਨ। ਜਿਵੇਂ ਕਈ ਵਾਰ ਪਰਿਵਾਰਾਂ ਨੂੰ ਆਰਥਿਕ ਬੋਝ ਵੀ ਝੱਲਣਾ ਪੈਂਦਾ ਹੈ। ਉਹ ਕਰਜਾ ਲੈਣ ਲਈ ਮਜਬੂਰ ਹੋ ਜਾਂਦੇ ਹਨ ਕਈ ਬਿਨਾਂ ਪੂਰੀ ਜਾਣਕਾਰੀ ਦੇ ਵਿਦੇਸ ਚਲੇ ਜਾਂਦੇ ਹਨ ਜਿਸ ਨਾਲ ਉਹ ਮੁਸਕਿਲਾਂ ਦਾ ਸਾਹਮਣਾ ਕਰਦੇ ਹਨ ਤੇ ਫਿਰ ਬਾਅਦ ਵਿੱਚ ਪਛਤਾਉਂਦੇ ਹਨ ਪਰ ਜੇ ਅਸੀਂ ਆਪਣੇ ਦੇਸ ਵਿੱਚ ਵੀ ਮਿਹਨਤ ਤੇ ਲਗਨ ਨਾਲ ਕੰਮ ਕਰੀਏ ਜਾਂ ਪੜ੍ਹਾਈ ਕਰੀਏ ਤਾਂ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ।

9 ਵਿਦਿਆਰਥੀਆਂ ਅੰਦਰ ਸਮੇਂ ਦੀ ਮਹੱਤਤਾ ਦੀ ਘਾਟ :-

ਅੱਜ ਦੇ ਵਿਦਿਆਰਥੀ ਸਮੇਂ ਦਾ ਵੱਧ ਤੋਂ ਵੱਧ ਦੁਰਉਪਯੋਗ ਕਰਦੇ ਹਨ ਜਿਸ ਕਾਰਨ ਉਹ ਪੜ੍ਹਾਈ ਵਿੱਚ ਵੀ ਪਿੱਛੇ ਰਹਿ ਜਾਂਦੇ ਹਨ ਪੜ੍ਹਾਈ ਟਾਈਮ ਟੇਬਲ ਦੇ ਅਨੁਸਾਰ ਨਾ ਕਰਨਾ ਉਹਨਾਂ ਨੂੰ ਪਛਾੜ ਦਿੰਦਾ ਹੈ ਉਹ ਆਪਣਾ ਕੀਮਤੀ ਸਮਾਂ ਮੋਬਾਇਲ ਫੋਨ, ਸੋਸਲ ਮੀਡੀਆ ਜਾਂ ਫਜ਼ੂਲ ਗੱਲਾਂ ਵਿੱਚ ਗਵਾ ਦਿੰਦੇ ਹਨ ਰੋਜਾਨਾ ਦੀ ਯੋਜਨਾ ਬਣਾ ਕੇ ਹੀ ਹਰ ਕੰਮ ਸੰਭਵ ਹੁੰਦਾ ਹੈ ਉਹੀ ਬੱਚੇ ਅੱਗੇ ਵਧਦੇ ਹਨ ਜੋ ਸਮੇਂ ਦੀ ਪਾਲਣਾ ਕਰਦੇ ਹਨ।

10 ਜਿੰਦਗੀ ਜਿਉਣ ਦਾ ਢੰਗ :-

ਵਿਦਿਆਰਥੀਆਂ ਨੂੰ ਜਿੰਦਗੀ ਜਿਉਣ ਦਾ ਤਰੀਕਾ ਜਰੂਰ ਸਿੱਖਣਾ ਚਾਹੀਦਾ ਹੈ। ਜਿੰਦਗੀ ਅਜਿਹੇ ਢੰਗ ਨਾਲ ਜਿਉਣੀ ਚਾਹੀਦੀ ਹੈ ਕਿ ਭਵਿੱਖ ਵਿੱਚ ਇਸਦਾ ਪਛਤਾਵਾ ਨਾ ਹੋਵੇ ਕਿ ਕਾਸ ਅਸੀਂ ਕੁਝ ਕਰ ਲੈਂਦੇ ਤਾਂ ਚੰਗਾ ਮੁਕਾਮ ਹਾਸਿਲ ਕਰ ਸਕਦੇ ਸੀ । ਜਿੰਦਗੀ ਨੂੰ ਸੱਚ ਬੋਲ ਕੇ ,ਇਮਾਨਦਾਰੀ ਨਾਲ ,ਨਿਮਰਤਾ ਨਾਲ ,ਈਰਖਾ ਤੇ ਹੰਕਾਰ ਤੋਂ ਬਚ ਕੇ, ਸਬਰ ਸੰਤੋਖ ਵਿੱਚ ਰਹਿ ਕੇ ਜਿਉਣਾ ਚਾਹੀਦਾ ਹੈ ਤਾਂ ਜੋ ਸਾਡੇ ਅੰਦਰ ਨੈਤਿਕ ਗੁਣ ਪੈਦਾ ਹੋ ਸਕਣ ਤੇ ਅਸੀਂ ਚੰਗੇ ਇਨਸਾਨ ਬਣ ਸਕੀਏ।

ਅੰਤ ਵਿੱਚ ਮੈਂ ਵਿਦਿਆਰਥੀਆਂ ਨੂੰ ਇਹ ਕਹਿਣਾ ਚਾਹੁੰਦੀ ਹਾਂ ਇਹ ਸਮਾਂ ਉਹਨਾਂ ਦੇ ਸਿੱਖਣ ਆਪਣੇ ਆਪ ਨੂੰ ਸੰਵਾਰਨ ਤੇ ਸੁਪਨੇ ਸਾਕਾਰ ਕਰਨ ਦਾ ਹੈ ਜੇ ਵਿਦਿਆਰਥੀ ਜੀਵਨ ਦੇ ਕੁਝ ਮਹੱਤਵਪੂਰਨ ਪੱਖਾਂ ਨੂੰ ਅਪਣਾਉਣ ਤਾਂ ਨਿਸਚੇ ਆਪਣੇ ਜੀਵਨ ਵਿੱਚ ਕਾਮਯਾਬੀ ਹਾਸਿਲ ਕਰ ਸਕਦੇ ਹਨ ਤੇ ਦੇਸ ਦੇ ਭਵਿੱਖ ਨੂੰ ਰੋਸਨ ਬਣਾ ਸਕਦੇ ਹਨ।

ਇੰਦਰਪ੍ਰੀਤ ਕੌਰ




ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

ਸੰਪਰਕ 0437641033 | thepunjabherald1@gmail.com

# ਪ੍ਰਭੂ ਸਿਮਰਨ ਨਾਲ ਜੋੜਦੀ ਹੈ 'ਭਗਤ ਧੰਨਾ ਜੀ' ਦੀ ਬਾਣੀ

ਮੁਗਲ ਕਾਲ ਦੌਰਾਨ ਭਾਰਤ ਵਿਚ ਇਸਲਾਮ ਧਰਮ ਬਹੁਤ ਤੇਜ਼ੀ ਨਾਲ ਵਧਿਆ। ਮੁਗਲ ਬਾਦਸ਼ਾਹਾਂ ਨੇ ਇਸਲਾਮ ਨੂੰ ਫੈਲਾਉਣ ਲਈ ਜਬਰਨ ਧਰਮ ਤਬਦੀਲ ਕਰਵਾਉਣਾ ਸ਼ੁਰੂ ਕਰ ਦਿੱਤਾ। ਹਿੰਦੂ ਧਰਮ ਵਿਚ ਵੀ ਬਹੁਤ ਸਾਰੀਆਂ ਗਿਰਾਵਟਾਂ ਆ ਚੁੱਕੀਆਂ ਸਨ। ਜਾਤ-ਪਾਤ, ਊਚ-ਨੀਚ, ਕਰਮ-ਕਾਂਡ, ਅੰਧ-ਵਿਸ਼ਵਾਸ ਵਰਗੀਆਂ ਬੁਰਾਈਆਂ ਵਿਚ ਸਮਾਜ ਬੁਰੀ ਤਰ੍ਹਾਂ ਜਕੜਿਆ ਗਿਆ ਸੀ। ਮੁਸਲਮਾਨਾਂ ਅਤੇ ਹਿੰਦੂਆਂ ਵਿਚ ਆਪਸੀ ਭੇਦ-ਭਾਵ ਹੱਦ ਦਰਜੇ ਤਕ ਵਧ ਚੁੱਕਾ ਸੀ। ਇਸ ਸਮੇਂ ਵਿਚ ਇਕ ਕ੍ਰਾਂਤੀਕਾਰੀ ਲਹਿਰ ਉੱਠੀ, ਜਿਸ ਨੂੰ ਭਗਤੀ ਲਹਿਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ 'ਭਗਤ ਧੰਨਾ ਜੀ ਦਾ ਜਨਮ ਟਾਂਕ ਦੇ ਇਲਾਕੇ ਧੂਆਨ ਪਿੰਡ (ਧੂਆ ਕਲਾਂ) ਵਿਚ (ਜੋ ਦੇਓਲੀ ਤੋਂ 20 ਮੀਲ ਹੈ) ਸੰਨ 1416 ਈਸਵੀ ਵਿਚ ਜੱਟ ਵੰਸ਼ ਵਿਚ ਪਿਤਾ ਸ਼੍ਰੀ ਭੋਲਾ ਜੀ ਅਤੇ ਮਾਤਾ ਧੰਨੋ ਜੀ ਘਰ ਹੋਇਆ। ਭਗਤ ਧੰਨਾ ਜੀ ਦਾ ਪਿਛੋਕੜ ਜੈ ਪੁਰ ਜ਼ਿਲ੍ਹੇ ਦੇ ਪਿੰਡ ਡਿਗੀ ਕਿਸ਼ਨਗੜ੍ਹ ਨਾਲ ਜੁੜਦਾ ਹੈ ਅਤੇ ਇਥੋਂ ਉੱਠ ਕੇ ਉਨ੍ਹਾਂ ਦੇ ਵਡੇਰੇ ਧੂਆਨ ਪਿੰਡ ਵਿਚ ਆਣ ਵੱਸੇ ਸਨ। ਪਿੰਡ ਧੂਆਨ ਦੇ ਚੜ੍ਹਦੇ ਪਾਸੇ ਥੜ੍ਹਾ ਬਣਿਆ ਹੋਇਆ ਹੈ। ਕਿਹਾ ਜਾਂਦੈ ਕਿ ਗਊਆਂ ਚਾਰਨ ਵੇਲੇ ਭਗਤ ਧੰਨਾ ਜੀ ਇਸ ਥੜ੍ਹੇ 'ਤੇ ਬੈਠ ਕੇ ਨਾਮ ਸਿਮਰਨ ਵਿਚ ਸੁਰਤੀ ਲਗਾ ਲੈਂਦੇ ਸਨ।'

ਅੰਗਰੇਜ਼ ਵਿਦਵਾਨ ਮੈਕਾਲਿਫ ਪੋਥੀ ਛੇਵੀਂ ਸਫਾ 106 'ਤੇ ਭਗਤ ਧੰਨਾ ਜੀ ਬਾਰੇ ਲਿਖਦਾ ਹੈ : ਰਾਜਪੁਤਾਨੇ ਵਿਚ ਦੇਓਲੀ ਛਾਵਣੀ ਤੋਂ 30 ਮੀਲ ਦੀ ਵਿੱਥ 'ਤੇ ਟਾਂਕ ਦੇ ਇਲਾਕੇ ਵਿਚ ਇਕ ਪਿੰਡ ਹੈ, ਜਿਸ ਦਾ ਨਾਮ ਧੂਆਨ ਹੈ। ਇਥੇ ਇਕ ਜੱਟ ਘਰਾਣੇ ਵਿਚ ਧੰਨਾ ਜੀ ਸੰਨ 1416 ਵਿਚ ਪੈਦਾ ਹੋਏ। ਛੋਟੀ ਉਮਰ ਤੋਂ ਹੀ ਧੰਨਾ ਧਾਰਮਿਕ ਲਗਨ ਵਾਲਾ ਸੀ। ਇਕ ਦਿਨ ਧੰਨੇ ਦੇ ਘਰ ਦਾ ਪੁਰੋਹਿਤ ਪੂਜਾ ਕਰਨ ਆਇਆ। ਪੂਜਾ ਦੀ ਸਾਰੀ ਰਸਮ ਧੰਨੇ ਨੇ ਵੀ ਵੇਖੀ ਅਤੇ ਆਖਰ ਪੰਡਿਤ ਪਾਸੋਂ ਉਸ ਨੇ ਇਕ ਠਾਕਰ ਮੰਗਿਆ। ਪਹਿਲਾਂ ਤਾਂ ਪੰਡਿਤ ਟਾਲਦਾ ਰਿਹਾ ਪਰ ਧੰਨੇ ਦਾ ਹੱਠ ਵੇਖ ਛੋਟਾ ਜਿਹਾ ਕਾਲੇ ਰੰਗ ਦਾ ਪੱਥਰ ਉਸ ਨੂੰ ਪੂਜਣ ਲਈ ਦੇ ਦਿੱਤਾ। ਧੰਨੇ ਨੇ ਬੜੀ ਸ਼ਰਧਾ ਨਾਲ ਉਸ ਠਾਕਰ ਦੀ ਪੂਜਾ ਸ਼ੁਰੂ ਕਰ ਦਿੱਤੀ। ਉਸ ਦੀ ਦ੍ਰਿੜ੍ਹਤਾ ਦੇਖ ਕੇ ਪੰਡਿਤ ਕਦੀ-ਕਦੀ ਆ ਕੇ ਪੂਜਾ ਭਗਤੀ ਦਾ




ਰਾਹ ਦੱਸਦਾ ਤੇ ਆਖਰ ਇਕ ਦਿਨ ਠਾਕਰ ਪੂਜਾ ਵਿਚੋਂ ਧੰਨੇ ਨੂੰ ਰੱਬ ਲੱਭ ਪਿਆ।

ਇਸ ਦਾ ਹਵਾਲਾ ਪ੍ਰੋ. ਸਾਹਿਬ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਪੋਥੀ ਤੀਜੀ ਪੰਨਾ 897 ਉਤੇ ਦਿੱਤਾ ਹੈ। ਅੱਗੇ ਜਾ ਕੇ ਪ੍ਰੋ. ਸਾਹਿਬ ਸਿੰਘ ਨੇ ਪੱਥਰ ਪੂਜਾ ਵਾਲੀ ਸਾਖੀ ਉਤੇ ਟਿੱਪਣੀ ਕੀਤੀ ਹੈ ਅਤੇ ਕਿਹਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੂਰਤੀ-ਪੂਜਾ ਕਰਨ ਵਾਲੇ ਲਈ ਬੜੇ ਕਰੜੇ ਸ਼ਬਦ ਵਰਤਦਿਆਂ "ਗੁਨਾਹਗਾਰ" ਲੂਣ ਹਰਾਮੀ ਕਿਹਾ ਹੈ :

*ਗੁਨਹਗਾਰ ਲੂਣ ਹਰਾਮੀ ।।*
*ਪਾਹਣ ਨਾਵ ਨ ਪਾਰਗਿਰਾਮੀ ।।*

ਭਗਤ ਧੰਨੇ ਦੇ ਆਪਣੇ ਸ਼ਬਦਾਂ ਵਿਚੋਂ ਵੀ ਤਾਂ ਕਿਤੇ ਵੀ ਠਾਕੁਰ ਪੂਜਾ ਦੀ ਗਵਾਹੀ ਨਹੀਂ ਮਿਲਦੀ। ਭਗਤ ਧੰਨਾ ਜੀ ਨੇ ਗ੍ਰਹਿਸਥ ਜੀਵਨ ਬਤੀਤ ਕੀਤਾ, ਕਿਰਤ ਕੀਤੀ ਅਤੇ ਨਾਮ ਜਪ ਕੇ, ਪ੍ਰਭੂ-ਭਗਤੀ ਨਾਲ ਮਨ ਜੋੜੀ ਰੱਖਿਆ। ਭਗਤ ਧੰਨਾ ਜੀ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਬਸੰਤ ਰਾਗ ਵਿਚ ਭਗਤਾਂ ਦੀ ਸਾਖੀ ਵਿਚ ਜਿਥੇ ਹੋਰ ਭਗਤਾਂ ਦਾ ਜ਼ਿਕਰ ਕਰਦੇ ਹਨ, ਉਥੇ ਨਾਲ ਹੀ ਭਗਤ ਧੰਨਾ ਜੀ ਦੀ ਕਠਿਨ ਸਾਧਨਾ ਦਾ ਜ਼ਿਕਰ ਕਰਦਿਆਂ ਫੁਰਮਾਨ ਕਰਦੇ ਹਨ :

*ਧੰਨੇ ਸੇਵਿਆ ਬਾਲ ਬੁਧਿ ।।*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਭਗਤ ਧੰਨਾ ਜੀ ਦੇ ਤਿੰਨ ਸ਼ਬਦ ਗੁਰੂ ਅਰਜਨ ਦੇਵ ਜੀ ਨੇ ਬਾਣੀ ਵਿਚ ਸ਼ਾਮਲ ਕੀਤੇ। ਇਨ੍ਹਾਂ ਵਿਚੋਂ ਦੋ ਸ਼ਬਦ ਰਾਗ ਆਸਾ ਵਿਚ 'ਆਸਾ ਬਾਣੀ ਭਗਤ ਧੰਨਾ ਜੀ ਕੀ' ਸਿਰਲੇਖ ਹੇਠ ਅਤੇ ਧਨਾਸਰੀ ਰਾਗ ਵਿਚ ਆਰਤੀ ਦੇ ਸ਼ਬਦਾਂ ਵਿਚ ਹੈ। ਇਨ੍ਹਾਂ ਤਿੰਨਾਂ ਸ਼ਬਦਾਂ ਦੀ ਭਾਸ਼ਾ ਭਾਵੇਂ ਸਧੁਕੜੀ ਹੈ ਪਰ ਰਾਜਸਥਾਨੀ ਦਾ ਪ੍ਰਭਾਵ ਸਪੱਸ਼ਟ ਦਿਸਦਾ ਹੈ। ਆਸਾ ਰਾਗ ਦੇ ਪਹਿਲੇ ਸ਼ਬਦ ਵਿਚ ਭਗਤ ਧੰਨਾ ਜੀ ਨੇ ਆਪਣੇ ਪੂਰਬਲੇ ਜਨਮ ਦੀ ਭਟਕਣਾ ਅਤੇ ਪ੍ਰਭੂ ਨੂੰ ਪ੍ਰਾਪਤ ਕਰਨ ਦੀ ਬਿਹਬਲਤਾ ਨੂੰ ਬਿਆਨ ਕੀਤਾ ਹੈ। ਦੂਜੇ ਸ਼ਬਦ ਵਿਚ ਆਤਮ ਸਥਿਰਤਾ ਦਾ ਪ੍ਰਗਟਾਵਾ ਹੈ। ਇਸ ਵਿਚ ਇਹ ਤਸੱਲੀ ਪ੍ਰਗਟ ਕੀਤੀ ਗਈ ਹੈ ਕਿ ਪਰਮਾਤਮਾ ਦੀ ਭਗਤੀ ਕਿਉਂ ਨਾ ਕੀਤੀ ਜਾਵੇ, ਜੋ ਹਰ ਜੀਵ ਨੂੰ ਰੋਜ਼ੀ ਦਿੰਦਾ ਹੈ।

ਤੀਸਰਾ ਸ਼ਬਦ ਜੋ ਧਨਾਸਰੀ ਰਾਗ ਵਿਚ ਹੈ, ਇਸ ਵਿਚ ਆਰਤੀ ਗਾ ਕੇ ਪ੍ਰਭੂ ਪਾਸੋਂ ਆਪਣੇ ਜੀਵਨ ਦੀਆਂ ਲੋੜਾਂ ਨੂੰ ਮਹਾਨਤਾ ਦੇ ਕੇ ਮੰਗ ਕੀਤੀ ਹੈ। ਇਹ ਆਰਤੀ ਨਾਲੋਂ ਆਰਤਾ ਕਰਕੇ ਪ੍ਰਸਿੱਧ ਹੈ। ਇਸ ਸ਼ਬਦ ਰਾਹੀਂ ਭਗਤ ਜੀ ਦੇ ਇਸ ਸਾਧਾਰਨ ਸਿੱਧੇ-ਸਾਦੇ ਗ੍ਰਹਿਸਥੀ ਜੀਵਨ ਦੀ ਝਲਕ ਪੈਂਦੀ ਹੈ :

*ਗੋਪਾਲ ਤੇਰਾ ਆਰਤਾ ।।*
*ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ।। ਰਹਾਉ ।।*
*ਦਾਲਿ ਸੀਧਾ ਮਾਗਉ ਘੀਉ ।। ਹਮਰਾ ਖੁਸੀ ਕਰੈ ਨਿਤ ਜੀਉ ।।*
*ਪਨੀਆ ਛਾਦਨੁ ਨੀਕਾ ।। ਅਨਾਜੁ ਮਗਉ ਸਤ ਸੀ ਕਾ ।।*
*ਗਊ ਭੈਸ ਮਗਉ ਲਾਵੇਰੀ ।। ਇਕ ਤਾਜਨਿ ਤੁਰੀ ਚੰਗੇਰੀ ।।*
*ਘਰ ਕੀ ਗੀਹਨਿ ਚੰਗੀ ।। ਜਨੁ ਧੰਨਾ ਲੇਵੈ ਮੰਗੀ ।।*

ਭਗਤ ਧੰਨਾ ਪ੍ਰਭੂ ਦੀ ਭਗਤੀ ਕਰਦੇ ਹੋਏ ਉਸ ਪਾਸੋਂ ਜੀਵਨ ਦੀਆਂ ਬੁਨਿਆਦੀ ਅਤੇ ਆਦਰਸ਼ਕ ਲੋੜਾਂ ਦੀ ਮੰਗ ਕਰਦਾ ਹੈ। ਭਗਤ ਨੂੰ ਇਹ ਵਿਸ਼ਵਾਸ ਹੈ ਕਿ ਜਿਹੜਾ ਭਗਤ ਪ੍ਰਭੂ ਦੀ ਭਗਤੀ ਕਰਦਾ ਹੈ, ਪ੍ਰਭੂ ਉਸ ਦੇ ਸਾਰੇ ਕੰਮ ਸੋਵਾਰਦਾ ਹੈ, ਉਸ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ। ਇਸ ਤਰ੍ਹਾਂ ਭਗਤ ਧੰਨਾ ਜੀ ਦੀ ਬਾਣੀ ਮਨੁੱਖਤਾ ਨੂੰ ਗ੍ਰਹਿਸਥੀ ਜੀਵਨ ਵਿਚ ਰਹਿ ਕੇ ਦੁਨਿਆਵੀ ਕੰਮ ਕਰਦੇ ਹੋਏ ਪਰਮਾਤਮਾ ਦੇ ਸਿਮਰਨ ਨਾਲ ਜੋੜਦੀ ਹੈ।

– ਪ੍ਰੋ. ਇੰਜੀ. ਗੁਰਪ੍ਰੀਤ ਸਿੰਘ ਵਿਰਕ

# ਵਿਸਾਖੀ: ਇਤਿਹਾਸਿਕ ਤੇ ਸੱਭਿਆਚਾਰਕ ਪਰਿਪੇਖ

ਵਿਸਾਖੀ ਦਾ ਤਿਉਹਾਰ ਪੰਜਾਬੀਆਂ ਲਈ ਇਤਿਹਾਸਕ ਅਤੇ ਸੱਭਿਆਚਾਰ ਮਹੱਤਵ ਰੱਖਦਾ ਹੈ। ਇਸ ਨਾਲ ਕਈ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ ਜਿਸ ਕਰਕੇ ਇਸ ਦੀ ਵਿਸ਼ੇਸਤਾ ਉਘੜਵੇਂ ਰੂਪ ਵਿੱਚ ਉਜਾਗਰ ਹੁੰਦੀ ਹੈ। ਖਾਲਸਾ ਪੰਥ ਦੀ ਸਾਜਨਾ ਅਤੇ ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਵਿਸਾਖੀ ਨਾਲ ਸਬੰਧਿਤ ਇਤਿਹਾਸਕ ਘਟਨਾਵਾਂ ਹਨ। ਜਿਨ੍ਹਾਂ ਦੀ ਭਾਰਤ ਦੇ ਇਤਿਹਾਸ ਵਿੱਚ ਵਿਸ਼ੇਸ ਭੂਮਿਕਾ ਹੈ। ਵਿਸਾਖ ਮਹੀਨੇ ਦੀ ਸੰਗਰਾਂਦ ਨੂੰ ਵਿਸਾਖੀ ਦਾ ਤਿਉਹਾਰ ਮਨਾਉਣ ਦੀ ਪਰੰਪਰਾ ਚਲੀ ਆਉਂਦੀ ਹੈ। ਵਿਸਾਖੀ ਦਾ ਮੇਲਾ ਆਮ ਕਰਕੇ ਦਰਿਆਵਾਂ, ਝੀਲਾਂ ਅਤੇ ਸਰੋਵਰਾਂ ਦੇ ਕੰਢਿਆਂ 'ਤੇ ਮਨਾਇਆ ਜਾਂਦਾ ਹੈ। ਸ਼ਰਧਾਲੂ ਅਪਾਰ ਸ਼ਰਧਾ ਨਾਲ ਦਰਿਆਵਾਂ ਅਤੇ ਸਰੋਵਰਾਂ ਵਿੱਚ ਇਸ਼ਨਾਨ ਕਰਨ ਨੂੰ ਵਿਸ਼ੇਸ ਮਹੱਤਵ ਦਿੰਦੇ ਹਨ। ਇਹ ਵੀ ਰਿਵਾਇਤ ਹੈ ਕਿ ਇਸ ਦਿਨ ਹਰਿਦੁਆਰ ਵਿੱਚ ਗੰਗਾਂ ਦਾ ਪਾਣੀ ਅੰਮ੍ਰਿਤ ਬਣ ਜਾਂਦਾ ਹੈ। ਇਸੇ ਦਿਨ ਹਿਮਾਚਲ ਪ੍ਰਦੇਸ਼ ਦੇ ਮੰਡੀ ਜਿਲ੍ਹੇ ਤੇ ਰਵਾਲਸਰ ਵਿੱਚ ਰੋਗੀਆਂ ਨੂੰ ਇਸ਼ਨਾਨ ਕਰਾਉਣ ਦੀ ਕਿਰਤ ਹੈ। ਇਨ੍ਹਾਂ ਸਥਾਨਾਂ 'ਤੇ ਇਸ਼ਨਾਨ ਕਰਕੇ ਜਨ ਸਮੂਹ ਆਤਮਿਕ ਸ਼ਾਂਤੀ ਪ੍ਰਾਪਤ ਕਰਦਾ ਹੈ। ਸਿੱਖ ਜਗਤ ਲਈ ਵਿਸਾਖੀ ਦਾ ਦਿਹਾੜਾ ਵਿਸ਼ੇਸ ਤੇ ਵਿਲੱਖਣ ਮਹੱਤਤਾ ਰੱਖਦਾ ਹੈ। ਇਹ ਖਾਲਸੇ ਦਾ ਜਨਮ ਦਿਹਾੜਾ ਹੈ ਜਿਹੜਾ ਕਿ ਇੱਕ ਬਲਵਾਨ ਚਿੰਤਨ ਅਤੇ ਸੋਚ ਦੀ ਦੇਣ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਇੱਕ ਮਹਾਨ ਯੋਧੇ ਸਨ ਉੱਥੇ ਉਹ ਇੱਕ ਪ੍ਰਬੋਧ ਵਿਦਵਾਨ, ਚਿੰਤਕ ਅਤੇ ਵਿਚਾਰਵਾਨ ਵੀ ਸਨ। ਸਦੀਆਂ ਦਾ ਇਤਿਹਾਸ ਉਨ੍ਹਾਂ ਦੇ ਸਾਹਮਣੇ ਸੀ :- ਸੈਂਕੜੇ ਵਰ੍ਹਿਆਂ ਤੋਂ ਸਮਾਜਿਕ, ਰਾਜਸੀ ਅਤੇ ਮਾਨਸਿਕ ਗ਼ੁਲਾਮੀ ਭੋਗ ਰਹੀ ਜਨਤਾਂ ਦੀ ਮਾਨਸਿਕਤਾ ਨੂੰ ਬਦਲ ਕੇ ਉਨ੍ਹਾਂ ਵਿੱਚ ਸਵੈ-ਵਿਸ਼ਵਾਸ, ਆਤਮ-ਨਿਰਭਰਤਾ, ਨਿਡਰਤਾ, ਅਣਖ, ਸਵੈਮਾਨ ਅਤੇ ਮਨੋਬਲ ਨੂੰ ਬਲਵਾਨ ਰੱਖਣ ਦੀ ਭਾਵਨਾ ਨੂੰ ਸੰਚਾਰ ਕਰਨ ਦਾ ਅਹਿਮ ਸਰੋਕਾਰ ਸੀ। ਉਨ੍ਹਾਂ ਦੀ ਸੋਚ ਅਤੇ ਗ਼ੁਲਾਮਾਂ ਵਾਲੀ ਮਾਨਸਿਕਤਾ ਬਦਲਣ ਲਈ ਕਈ ਇਤਿਹਾਸਕ ਤੇ ਇਨਕਲਾਬੀ ਕਦਮ ਪੁੱਟੇ। ਖਾਲਸਾ ਪੰਥ ਦੀ ਸਾਜਨਾ ਉਨ੍ਹਾਂ ਵੱਲੋਂ ਪੁੱਟਿਆ ਗਿਆ ਇਤਿਹਾਸਕ ਕਦਮ ਸੀ। ਇਹ ਸੰਸਾਰ ਦੇ ਇਤਿਹਾਸ ਵਿੱਚ ਵਾਪਰੀ ਮਹੱਤਵਪੂਰਨ ਘਟਨਾ ਹੈ ਜਿਸ ਨੇ ਸਿੱਖ ਜਗਤ ਵਿੱਚ ਨਵੀਂ ਚੇਤਨਾ ਜਗਾਈ ਅਤੇ ਉਨ੍ਹਾਂ ਨੂੰ ਵਿਲੱਖਣ ਤੇ ਵੱਖਰੀ ਪਛਾਣ ਦੇ ਕੇ, ਜਾਤਾਂ-ਪਾਤਾਂ ਦਾ ਭੇਦ ਮਿਟਾ ਕੇ ਸਦਾ ਚੜ੍ਹਦੀਕਲਾ ਵਿੱਚ ਰਹਿਣ, ਨਿਤਾਣਿਆਂ ਦਾ ਤਾਣ ਬਣਨ ਅਤੇ ਹੱਕ ਸੱਚ ਲਈ ਜੂਝਣ ਦਾ ਸੰਕਲਪ ਦਿੱਤਾ।

ਸਾਲ 1699 ਦੀ ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਖੇ ਕੇਸਗੜ੍ਹ ਸਾਹਿਬ ਵਿੱਚ ਸਜੇ ਦੀਵਾਨ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਪੰਜਾਬ ਦੇ ਪ੍ਰਮੁੱਖ ਗੁਰਦੁਆਰਿਆਂ ਵਿਸ਼ੇਸ਼ ਕਰਕੇ ਦਮਦਮਾ ਸਾਹਿਬ ਵਿਖੇ ਵਿਸਾਖੀ ਦਾ



ਪੁਰਬ ਖਾਲਸੇ ਦੇ ਜਨਮ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ। ਵਿਸਾਖੀ ਦਾ ਤਿਉਹਾਰ ਸਾਨੂੰ ਭਾਰਤ ਦੀ ਆਜ਼ਾਦੀ ਲਈ ਮਰ ਮਿਟਣ ਵਾਲੇ ਉਨ੍ਹਾਂ ਸੁਤੰਤਰਤਾ ਸੰਗਰਾਮੀਆਂ ਤੇ ਸੂਰਬੀਰ ਮਰਜੀਵੜਿਆਂ ਦੀ ਯਾਦ ਵੀ ਦਿਵਾਉਂਦਾ ਹੈ ਜਿਨ੍ਹਾਂ ਨੇ ਆਪਣੇ ਦੇਸ਼ ਲਈ ਆਪਣੀਆਂ ਜਾਨਾਂ ਤਕ ਵਾਰ ਦਿੱਤੀਆਂ। 1919 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ ਵਿੱਚ ਵਾਪਰੇ ਖ਼ੂਨੀ ਸਾਕੇ ਨੂੰ ਅਸੀਂ ਕਿਵੇਂ ਭੁਲਾ ਸਕਦੇ ਹਾਂ ? ਉਸ ਦਿਨ ਦੇਸ਼ ਦੀ ਆਜ਼ਾਦੀ ਲਈ ਜੂਝਦੇ ਹਜ਼ਾਰਾਂ ਨਿਹੱਥੇ ਪੰਜਾਬੀਆਂ ਉੱਤੇ ਅੰਗਰੇਜ਼ ਸਾਮਰਾਜ ਨੇ ਅੰਨ੍ਹੇਵਾਹ ਗੋਲੀਆਂ ਦਾ ਮੀਂਹ ਵਰ੍ਹਾ ਕੇ ਸੈਂਕੜਿਆਂ ਨੂੰ ਸ਼ਹਾਦਤ ਦਾ ਜਾਮ ਪਲਾ ਦਿੱਤਾ ਤੇ ਹਜ਼ਾਰਾਂ ਮਰਜੀਵੜੇ ਜ਼ਖਮੀ ਹੋ ਗਏ। ਵਿਸਾਖੀ ਵਾਲੇ ਦਿਨ ਸਾਰਾ ਭਾਰਤ ਇਨ੍ਹਾਂ ਮਰਜੀਵੜਿਆਂ ਦੀ ਯਾਦ ਵਿੱਚ ਸਿਰ ਝੁਕਾਉਂਦਾ ਹੈ। ਜੇਕਰ ਅਸੀਂ ਸੱਭਿਆਚਾਰਕ ਨਜ਼ਰੀਏ ਤੋਂ ਵਿਸਾਖੀ ਦੇ ਮੇਲੇ ਦੇ ਸੁਭਾਅ ਅਤੇ ਕਿਰਦਾਰ ਵੱਲ ਝਾਤੀ ਮਾਰੀਏ ਤਾਂ ਇਹ ਤੱਥ ਸਪੱਸ਼ਟ ਤੌਰ 'ਤੇ ਸਿੱਧ ਹੋ ਜਾਂਦਾ ਹੈ ਕਿ ਇਹ ਤਿਉਹਾਰ ਅਸਲ ਵਿੱਚ ਕਿਸਾਨਾਂ ਦਾ ਮੌਸਮੀ ਤਿਉਹਾਰ ਹੈ ਜਿਸ ਨੂੰ ਉੱਤਰੀ ਭਾਰਤ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਬੜੇ ਉਤਸਾਹ ਨਾਲ ਦਰਿਆਵਾਂ, ਝੀਲਾਂ ਅਤੇ ਸਰੋਵਰਾਂ ਦੇ ਕੰਢਿਆਂ 'ਤੇ ਮਨਾਇਆ ਜਾਂਦਾ ਹੈ। ਉੱਤਰੀ ਭਾਰਤ ਦੀ ਰੱਬੀ ਦੀ ਫਸਲ ਕਣਕ ਜੋ ਇਸ ਖਿੱਤੇ ਦੀ ਮੁੱਖ ਫਸਲ ਹੈ, ਇਸ ਸਮੇਂ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਫਸਲ ਨਾਲ ਕਿਸਾਨਾਂ ਦੀਆਂ ਆਰਥਿਕ, ਸਮਾਜਿਕ ਅਤੇ ਮਾਨਸਿਕ ਲੋੜਾਂ ਤੇ ਭਾਵਨਾਵਾਂ ਜੁੜੀਆਂ ਹੋਈਆਂ ਹਨ। ਜਦੋਂ ਜੋਬਨ 'ਤੇ ਆਈ ਕਣਕ ਦੇ ਸੁਨਹਿਰੀ ਸਿੱਟੇ ਹਵਾ ਵਿੱਚ ਝੂਮਦੇ ਹਨ ਤਾਂ ਕਿਸਾਨ ਦਾ ਮਨ ਵਜਦ ਵਿੱਚ ਆ ਜਾਂਦਾ ਹੈ। ਮਿਹਨਤ ਨਾਲ ਕਮਾਈ ਉਸ ਦੀ ਫਸਲ ਉਸ ਦੇ ਸਾਹਮਣੇ ਝੂਮਦੀ ਉਸਨੂੰ ਅਕਹਿ ਖ਼ੁਸ਼ੀ ਪ੍ਰਦਾਨ ਕਰਦੀ ਹੈ ਜਿਸ ਕਰਕੇ ਉਹ ਆਪ ਮੁਹਾਰੇ ਨੱਚ ਉੱਠਦਾ ਹੈ, ਆਪਣੇ ਸ਼ਾਹਾਂ ਨੂੰ ਲਲਕਾਰੇ ਮਾਰਦਾ ਹੈ:-

ਜੱਟ ਸ਼ਾਹਾਂ ਨੂੰ ਖੰਘੂਰੇ ਮਾਰੇ
ਕਣਕਾਂ ਨਿਸਰ ਗਈਆਂ

ਭਰਪੂਰ ਫਸਲ ਦੀ ਪ੍ਰਾਪਤੀ ਲਈ ਕਿਸਾਨ ਸ਼ੁਕਰਾਨੇ ਵਜੋਂ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ। ਵਿਸਾਖੀ ਨੂੰ ਮੇਖ ਵੀ ਆਖਦੇ ਹਨ। ਲੋਕ ਅਖਾਣ ਹੈ : ਜੱਟਾਂ ਆਈ ਮੇਖ ਕੱਚੀ ਪੱਕੀ ਨਾਂ ਦੇਖ। ਵਿਸਾਖੀ ਵਾਲੇ ਦਿਨ ਤੋਂ ਫਸਲ ਦੀ ਵਾਢੀ ਸ਼ੁਰੂ ਹੋ ਜਾਂਦੀ ਹੈ:-

ਜੱਟਾ ਆਈ ਵਿਸਾਖੀ
ਮੁੱਕ ਗਈ ਫਸਲਾਂ ਦੀ ਰਾਖੀ

ਪੰਜਾਬ ਦੀ ਮੁਟਿਆਰ ਵੀ ਆਪਣੇ ਹਾਣੀ ਨਾਲ ਹਾੜ੍ਹੀ ਵੱਢਣ ਲਈ ਉਤਸ਼ਾਹਿਤ ਹੋ ਜਾਂਦੀ ਹੈ :-

ਹਾੜ੍ਹੀ ਵਢੂੰਗੀ ਨਾਲ ਤੇਰੇ
ਦਾਤੀ ਨੂੰ ਲਵਾ ਦੇ ਘੁੰਗਰੂ

ਪੰਜਾਬ ਦੇ ਪਿੰਡਾਂ ਵਿੱਚ ਵਸਦੇ ਹੋਰਨਾਂ ਧੰਦਿਆਂ ਨਾਲ ਜੁੜੇ ਪਰਿਵਾਰ ਵੀ ਉਸੇ ਉਤਸ਼ਾਹ ਨਾਲ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ ਜਿਸ ਉਤਸ਼ਾਹ ਨਾਲ ਕਿਸਾਨ ਮਨਾਉਂਦਾ ਹੈ। ਵਿਸਾਖੀ ਦਾ ਮੇਲਾ ਦੇਖਣ ਜਾਂਦੇ ਪੰਜਾਬੀਆਂ ਦੀ ਝਾਲ ਝੱਲੀ ਨਹੀਂ ਜਾਂਦੀ। ਉਹ ਆਪਣੇ ਆਪ ਨੂੰ ਸ਼ਿੰਗਾਰ ਕੇ ਵੰਨ-ਸੁਵੰਨੇ ਪਹਿਰਾਵੇ ਪਹਿਨੀ ਮੇਲੇ ਦੀ ਰੌਣਕ ਵਧਾਉਂਦੇ ਹਨ। ਹਰ ਪਾਸੇ ਖ਼ੁਸ਼ੀਆਂ ਦਾ ਸਾਗਰ ਵਹਿ ਰਿਹਾ ਹੁੰਦਾ ਹੈ। ਜਿੱਥੇ ਪੰਜਾਬ ਦੀ ਨੱਚਦੀ ਗਾਉਂਦੀ ਸੰਸਕ੍ਰਿਤੀ ਲੋਕ ਮਨਾਂ ਨੂੰ ਤ੍ਰਿਪਤ ਕਰਦੀ ਹੈ। ਗੱਭਰੂ ਮਸਤੀ ਵਿੱਚ ਝੂਲਦੇ ਹੋਏ ਢੋਲੀ ਦੇ ਡੱਗੇ ਦੀ ਤਾਲ 'ਤੇ ਭੰਗੜਾ ਪਾਉਂਦੇ ਹਨ। ਲੋਕ ਨਾਚ ਭੰਗੜਾ ਪੰਜਾਬੀਆਂ ਦਾ ਹਰਮਨ ਪਿਆਰਾ ਲੋਕ ਨਾਚ ਹੈ ਜੋ ਪੁਰਾਤਨ ਸਮੇਂ ਤੋਂ ਪੱਛਮੀ ਪੰਜਾਬ ਵਿੱਚ ਹੀ ਵਿਸਾਖੀ ਦੇ ਅਵਸਰ 'ਤੇ ਪਾਇਆ ਜਾਂਦਾ ਰਿਹਾ ਹੈ ਜਿਸ ਵਿੱਚ ਵਿਸਾਖੀ ਦੀ ਰੂਹ ਵਿਦਵਾਨ ਹੈ।

ਸੁਖਦੇਵ ਮਾਦਪੁਰੀ

# ਮਨੁੱਖੀ ਅਧਿਕਾਰਾਂ ਦੇ ਬਾਨੀ ਭੀਮ ਰਾਓ ਅੰਬੇਡਕਰ ਨੂੰ ਨਮਨ

**ਅੰਬੇਡਕਰ ਜੈਅੰਤੀ ਤੇ ਵਿਸ਼ੇਸ਼**

ਅੱਜ ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਸਾਹੇਬ ਭੀਮ ਰਾਓ ਅੰਬੇਡਕਰ ਦੀ ਜੈਅੰਤੀ ਹੈ। ਦੇਸ਼ 14 ਅਪ੍ਰੈਲ ਨੂੰ ਭਾਰਤ ਰਤਨ ਬਾਬਾ ਸਾਹੇਬ ਦੀ 130ਵੀਂ ਜੈਅੰਤੀ ਮਨਾ ਰਿਹਾ ਹੈ। ਇਸ ਦਿਨ ਨੂੰ ਸਮਾਨਤਾ ਦਿਵਸ ਅਤੇ ਗਿਆਨ ਦਿਵਸ ਦੇ ਰੂਪ 'ਚ ਵੀ ਮਨਾਇਆ ਜਾਂਦਾ ਹੈ। ਇਸ ਮੌਕੇ ਰਾਸ਼ਟਰਪਤੀ ਰਾਮਨਾਥ ਕੋਵਿੰਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਕਈ ਆਗੂਆਂ ਨੇ ਬਾਬਾ ਸਾਹੇਬ ਨੂੰ ਸ਼ਰਧਾਂਜਲੀ ਦਿੱਤੀ ਹੈ। ਪੀਐੱਮ ਮੋਦੀ ਨੇ ਟਵੀਟ ਕਰ ਕੇ ਕਿਹਾ, 'ਭਾਰਤ ਰਤਨ ਡਾ. ਬਾਬਾ ਸਾਹੇਬ ਅੰਬੇਡਕਰ ਨੂੰ ਉਨ੍ਹਾਂ ਦੀ ਜੈਅੰਤੀ 'ਤੇ ਸ਼ਤ-ਸ਼ਤ ਨਮਨ। ਸਮਾਜ ਦੇ ਵਾਂਝੇ ਵਰਗਾਂ ਨੂੰ ਮੁੱਖ ਧਾਰਾ 'ਚ ਲਿਆਉਣ ਲਈ ਕੀਤਾ ਗਿਆ ਉਨ੍ਹਾਂ ਦਾ ਸੰਘਰਸ਼ ਹਰ ਪੀੜ੍ਹੀ ਲਈ ਮਿਸਾਲ ਬਣਿਆ ਰਹੇਗਾ।'

ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਬਾਬਾ ਸਾਹੇਬ ਨੂੰ ਯਾਦ ਕਰਦਿਆਂ ਲਿਖਿਆ, 'ਭਾਰਤੀ ਸੰਵਿਧਾਨ ਦੇ ਪ੍ਰਮੁੱਖ ਸ਼ਿਲਪੀ, ਬਾਬਾ ਸਾਹੇਬ ਡਾ. ਭੀਮ ਰਾਓ ਅੰਬੇਡਕਰ ਦੀ ਜੈਅੰਤੀ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ! ਡਾ. ਅੰਬੇਡਕਰ ਨੇ ਨਿਆਂਪੂਰਨ ਸਮਾਜ ਬਣਾਉਣ ਲਈ ਤਾਉਮਰ ਸੰਘਰਸ਼ ਕੀਤਾ। ਆਓ, ਅੱਜ ਅਸੀਂ ਉਨ੍ਹਾਂ ਦੇ ਜੀਵਨ ਤੇ ਵਿਚਾਰਾਂ ਤੋਂ ਸਿੱਖਿਆ ਗ੍ਰਹਿਣ ਕਰ ਕੇ ਉਨ੍ਹਾਂ ਦੇ ਆਦਰਸ਼ਾਂ ਨੂੰ ਆਪਣੇ ਆਚਰਨ ਵਿਚ ਢਾਲਣ ਦਾ ਸੰਕਲਪ ਲਈਏ।'

ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਇਕ ਸਮਾਜ ਸੁਧਾਰਕ, ਦਲਿਤ ਰਾਜਨੇਤਾ ਹੋਣ ਦੇ ਨਾਲ ਵਿਸ਼ਵ ਪੱਧਰੀ ਕਾਨੂੰਨੀ ਮਾਹਿਰ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਸਨ। ਡਾ. ਭੀਮ ਰਾਓ ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੇ ਮਹੂ ਪਿੰਡ 'ਚ ਇੱਕ ਗ਼ਰੀਬ ਪਰਵਾਰ 'ਚ ਹੋਇਆ ਸੀ। ਉਹ ਆਪਣੇ ਮਾਂ-ਬਾਪ ਦੀ 14ਵੀਂ ਸੰਤਾਨ ਸਨ। ਉਨ੍ਹਾਂ ਦਾ ਪਰਵਾਰ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ 'ਚ ਸਥਿਤ ਅੰਬਾਵਡੇ ਨਗਰ ਨਾਲ ਸਬੰਧਿਤ ਸੀ। ਉਨ੍ਹਾਂ ਦੇ ਬਚਪਨ ਦਾ ਨਾਂ ਰਾਮ ਜੀ ਸਕਪਾਲ ਸੀ। ਉਹ ਹਿੰਦੂ ਮੁਹਾਰ ਜਾਤੀ ਦੇ ਸਨ ਜੋ 'ਅਛੂਤ' ਕਹੇ ਜਾਂਦੇ ਸਨ। ਉਨ੍ਹਾਂ ਦੀ ਜਾਤੀ ਨਾਲ ਸਮਾਜਿਕ ਅਤੇ ਆਰਥਿਕ ਰੂਪ ਤੋਂ ਡੂੰਘਾ ਭੇਦਭਾਵ ਕੀਤਾ ਜਾਂਦਾ ਸੀ। ਇੱਕ ਅਛੂਤ ਪਰਵਾਰ 'ਚ ਜਨਮ ਲੈਣ ਕਾਰਨ ਉਨ੍ਹਾਂ ਨੂੰ ਬਚਪਨ 'ਚ ਕਈ ਤਰਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਪਿਆ।



ਆਪਣੇ ਭੈਣਾਂ ਅਤੇ ਭਰਾਵਾਂ 'ਚ ਸਿਰਫ਼ ਅੰਬੇਡਕਰ ਹੀ ਸਕੂਲ ਦੀ ਪਰਖਿਆ 'ਚ ਸਫਲ ਹੋਏ ਅਤੇ ਇਸ ਤੋਂ ਬਾਅਦ ਵੱਡੇ ਸਕੂਲ 'ਚ ਜਾਣ 'ਚ ਸਫਲ ਹੋਏ। ਆਪਣੇ ਇੱਕ ਬ੍ਰਾਹਮਣ ਅਧਿਆਪਕ ਮਹਾਦੇਵ ਅੰਬੇਡਕਰ ਜੋ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਉਨ੍ਹਾਂ ਦੇ ਕਹਿਣ 'ਤੇ ਹੀ ਆਪਣੇ ਨਾਂ ਪਿੱਛੋਂ ਸਕਪਾਲ ਹਟਾ ਕੇ ਅੰਬੇਡਕਰ ਜੋੜ ਲਿਆ, ਜੋ ਉਨ੍ਹਾਂ ਦੇ ਪਿੰਡ ਦਾ ਨਾਂ ਅੰਬਾਵਡੇ 'ਤੇ ਆਧਾਰਿਤ ਸੀ। 1912 'ਚ ਭੀਮ ਰਾਓ ਨੇ ਬੰਬਈ ਯੂਨੀਵਰਸਿਟੀ ਤੋਂ ਇਕਨਾਮਿਕਸ ਅਤੇ ਪਲੀਟੀਕਲ ਸਾਇੰਸ 'ਚ ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ।1913 'ਚ ਬਾਬਾ ਸਾਹਿਬ ਪੋਸਟ ਗ੍ਰੈਜੂਏਸ਼ਨ ਕਰਨ ਲਈ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ 'ਚ ਗਏ।

ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਜਿੰਨਾ ਪਿਆਰ, ਜਿੰਨਾ ਸਤਿਕਾਰ, ਜਿੰਨੀ ਇੱਜ਼ਤ ਮਰਨ ਤੋਂ ਬਾਅਦ ਮਿਲੀ ਹੈ ਅਤੇ ਮਿਲ ਰਹੀ ਹੈ, ਉਤਨੀ ਉਨ੍ਹਾਂ ਦੇ ਜਿਉਂਦੇ ਜੀਅ ਨਹੀਂ ਮਿਲੀ। ਉਨ੍ਹਾਂ ਅਨੇਕਾਂ ਮਾਅਰਕੇ ਦੀਆਂ ਕਿਤਾਬਾਂ ਲਿਖੀਆਂ। ਉਨ੍ਹਾਂ ਕਿਤਾਬਾਂ ਵਿੱਚ ਗਿਆਨ ਦਾ ਭੰਡਾਰ ਛੁਪਿਆ ਪਿਆ ਹੈ। ਕਿਸੇ ਪੜ੍ਹੇ ਲਿਖੇ ਵਿਅਕਤੀ ਲਈ ਵੀ ਇਹਨਾਂ ਕਿਤਾਬਾਂ ਨੂੰ ਪੜ੍ਹਨ ਜੇ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਹੈ।

ਅੰਬੇਡਕਰ ਜੀ ਨੇ ਧਾਰਮਿਕ ਸਮਾਜਿਕ, ਰਾਜਨੀਤਕ ਅਤੇ ਆਰਥਿਕ ਜੀਵਨ ਤੋਂ ਇਲਾਵਾ ਅਨੇਕਾਂ ਅਜਿਹੇ ਵਿਸ਼ੇ ਛੋਹੇ ਜਿਹਨਾਂ ਸਬੰਧੀ ਉਨ੍ਹਾਂ ਦੀਆਂ ਵਿਦਵਤਾ ਭਰਪੂਰ ਲਿਖਤਾਂ ਪੜ੍ਹ ਕੇ ਇੰਜ ਜਾਪਦਾ ਹੈ ਕਿ 100 ਸਾਲ ਪਹਿਲਾਂ ਜੋ ਉਨ੍ਹਾਂ ਲਿਖ ਦਿੱਤਾ ਉਸ ਬਾਰੇ ਪਹਿਲਾਂ ਹੀ ਉਨ੍ਹਾਂ ਕਿਵੇਂ ਸੋਚ ਲਿਆ ਸੀ। ਖੇਤੀਬਾੜੀ, ਸਨਅਤ, ਗ਼ਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਸਿੰਚਾਈ, ਬਿਜਲੀ, ਕਾਇਦੇ- ਕਾਨੂੰਨ, ਭਾਸ਼ਾਵਾਂ, ਪ੍ਰਸ਼ਾਸਨ, ਪੁਲਿਸ, ਮਿਲਟਰੀ, ਪਲਾਨਿੰਗ, ਵਿਦੇਸ਼ੀ ਮਾਮਲੇ ਅਤੇ ਰਾਜ ਭਾਗ ਪ੍ਰਬੰਧਨ ਆਦਿ ਵਿਸ਼ਿਆ ਤੇ ਉਨ੍ਹਾਂ ਦੇ ਅਜਿਹੀ ਪਕੜ ਸੀ ਜੋ ਉਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹਾ ਕੇ ਮੱਲੋ-ਮੱਲੀ ਉਂਗਲਾਂ ਮੂੰਹ ਵਿੱਚ ਜਾ ਪੈਂਦੀਆਂ ਹਨ।

ਉਨ੍ਹਾਂ ਨੇ ਕਿਤਾਬ 'ਜਾਤ-ਪਾਤ ਦਾ ਬੀਜਨਾਸ਼' ਵੀ 1937 'ਚ ਪ੍ਰਕਾਸ਼ਿਤ ਕੀਤੀ। ਇਸ ਲੋਕ ਪ੍ਰਸਿੱਧ ਕਿਤਾਬ 'ਚ ਅੰਬੇਡਕਰ ਨੇ ਹਿੰਦੂ ਧਾਰਮਿਕ ਨੇਤਾਵਾਂ ਅਤੇ ਜਾਤੀ ਵਿਵਸਥਾ ਦੀ ਜ਼ੋਰਦਾਰ ਨਿੰਦਾ ਕੀਤੀ ਸੀ। ਉਨ੍ਹਾਂ ਨੇ ਅਛੂਤ ਭਾਈਚਾਰੇ ਦੇ ਲੋਕਾਂ ਨੂੰ ਗਾਂਧੀ ਵੱਲੋਂ ਰਚਿਤ ਸ਼ਬਦ 'ਹਰੀਜਨ' ਬੁਲਾਉਣ ਦੇ ਕਾਂਗਰਸ ਦੇ ਫ਼ੈਸਲੇ ਦੀ ਵੀ ਸਖ਼ਤ ਨਿੰਦਾ ਕੀਤੀ।15 ਅਗਸਤ, 1947 'ਚ ਭਾਰਤ ਦੀ ਆਜ਼ਾਦੀ ਤੋਂ ਬਾਅਦ ਕਾਂਗਰਸ ਦੀ ਅਗਵਾਈ ਵਾਲੀ ਨਵੀਂ ਸਰਕਾਰ ਬਣੀ ਤਾਂ ਉਸ 'ਚ ਅੰਬੇਡਕਰ ਨੂੰ ਦੇਸ਼ ਦਾ ਪਹਿਲਾਂ ਕਾਨੂੰਨੀ ਮੰਤਰੀ ਨਿਯੁਕਤ ਕੀਤਾ ਗਿਆ। 29 ਅਗਸਤ, 1947 ਨੂੰ ਡਾ. ਅੰਬੇਡਕਰ ਨੂੰ ਆਜ਼ਾਦ ਭਾਰਤ ਦੇ ਨਵੇਂ ਸੰਵਿਧਾਨ ਦੀ ਰਚਨਾ ਲਈ ਬਣੀ ਸੰਵਿਧਾਨ ਮਸੌਦਾ ਕਮੇਟੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਡਾ. ਅੰਬੇਡਕਰ ਨੇ ਮਸੌਦਾ ਤਿਆਰ ਕਰਨ ਦੇ ਕੰਮ 'ਚ ਸਾਰਿਆਂ ਕੋਲੋਂ ਵਾਹ-ਵਾਹ ਖੱਟੀ।

26 ਨਵੰਬਰ, 1949 ਨੂੰ ਵਿਧਾਨ ਸਭਾ ਨੇ ਸੰਵਿਧਾਨ ਤਿਆਰ ਕਰ ਲਿਆ। 26 ਜਨਵਰੀ, 1950 ਨੂੰ ਬਾਬਾ ਸਾਹਿਬ ਨੇ ਰਾਸ਼ਟਰਪਤੀ ਰਜਿੰਦਰ ਪ੍ਰਸ਼ਾਦ ਅਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਹੋਰਾਂ ਨੂੰ ਭਾਰਤੀ ਸੰਵਿਧਾਨ ਸੌਂਪਿਆ, ਇਸੇ ਦਿਨ ਭਾਰਤ ਗਣਤੰਤਰ ਬਣਿਆ ਅਤੇ ਪੂਰੇ ਦੇਸ਼ 'ਚ ਭਾਰਤੀ ਸੰਵਿਧਾਨ ਅਨੁਸਾਰ ਦੇਸ਼ ਦਾ ਰਾਜ ਪ੍ਰਬੰਧ ਲਾਗੂ ਕੀਤਾ। ਡਾ. ਅੰਬੇਡਕਰ ਨੇ ਕਿਹਾ, "ਮੈਂ ਮਹਿਸੂਸ ਕਰਦਾ ਹਾਂ ਕਿ ਸੰਵਿਧਾਨ ਆਦਰਸ਼, ਲਚਕੀਲਾ ਹੈ ਪਰ ਨਾਲ ਹੀ ਇਹ ਇੰਨਾ ਮਜ਼ਬੂਤ ਹੈ ਕਿ ਦੇਸ਼ ਨੂੰ ਸ਼ਾਂਤੀ ਅਤੇ ਜੰਗ ਦੋਹਾਂ ਸਮੇਂ ਜੋੜ ਕੇ ਰੱਖ ਸਕੇ। ਅਸਲ 'ਚ ਮੈਂ ਕਹਿ ਸਕਦਾ ਹਾਂ ਕਿ ਜੇਕਰ ਕਦੇ ਕੁੱਝ ਗ਼ਲਤ ਹੋਇਆ ਤਾਂ ਇਸ ਦਾ ਕਾਰਨ ਇਹ ਨਹੀਂ ਹੋਵੇਗਾ ਕਿ ਸਾਡਾ ਸੰਵਿਧਾਨ ਖ਼ਰਾਬ ਸੀ ਬਲਕਿ ਇਸ ਦਾ ਇਸਤੇਮਾਲ ਕਰਨ ਵਾਲਾ ਮਨੁੱਖ ਵੀ ਗ਼ਲਤ ਸੀ।"

6 ਦਸੰਬਰ, 1956 ਨੂੰ ਅੰਬੇਡਕਰ ਦਾ ਦਿੱਲੀ ਸਥਿਤ ਉਨ੍ਹਾਂ ਦੇ ਘਰ 'ਚ ਮੌਤ ਹੋ ਗਈ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ 1990 'ਚ ਮਰਨ ਉਪਰੰਤ 'ਭਾਰਤ ਰਤਨ' ਨਾਲ ਸਨਮਾਨਿਤ ਕੀਤਾ ਗਿਆ। ਨੋਬਲ ਪੁਰਸਕਾਰ ਜਿੱਤਣ ਵਾਲੇ ਅਮਿਤ੍ਯ ਸੇਨ ਅਰਥ-ਸ਼ਾਸਤਰ 'ਚ ਬਾਬਾ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਸਨ ਭੀਮਰਾਓ ਅੰਬੇਡਕਰ ਹਮੇਸ਼ਾ ਹੀ ਅਮਰ ਰਹਿਣਗੇ।

(ਇੰਟਰਨੈੱਟ)

# ਜੰਗਬਾਜਾਂ ਦੀ ਸਿਆਸਤ 'ਚ ਧੀਆਂ ਦੀ ਬਲੀ

ਫਰਵਰੀ ਮਹੀਨੇ ਦੇ ਆਖਰੀ ਦਿਨ ਅਮਰੀਕਾ-ਇਜਰਾਈਲ ਦੀ ਇਰਾਨ ਨਾਲ ਜੰਗ ਇੱਕ ਬਹੁਤ ਹੀ ਭਿਆਨਕ ਅਤੇ ਦਿਲ ਦਹਿਲਾ ਦੇਣ ਵਾਲੀ ਘਟਨਾ ਨਾਲ ਸ਼ੁਰੂ ਹੋਈ। ਇਰਾਨ ਦੇ ਇੱਕ ਛੋਟੇ ਜਿਹੇ ਕਸਬੇ ਮਿਨਾਬ ਵਿੱਚ ਇੱਕ ਪ੍ਰਾਇਮਰੀ ਸਕੂਲ 'ਤੇ ਕੀਤੇ ਗਏ ਹਮਲੇ ਵਿੱਚ ਸੱਤ ਤੋਂ ਗਿਆਰਾਂ ਸਾਲ ਦੀ ਉਮਰ ਦੀਆਂ ਕੋਈ 165 ਬੱਚੀਆਂ ਦੀ ਮੌਤ ਹੋ ਗਈ। ਇਨ੍ਹਾਂ ਮਾਸੂਮ ਬੱਚੀਆਂ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਉਸ ਦਿਨ ਮਾਪਿਆਂ ਨੇ ਉਨ੍ਹਾਂ ਨੂੰ ਸਕੂਲ ਜਾਣ ਲਈ ਆਖਰੀ ਵਾਰ ਤਿਆਰ ਕੀਤਾ ਹੈ। ਨਾ ਹੀ ਮਾਪਿਆਂ ਨੇ ਸੁਪਨੇ ਵਿੱਚ ਵੀ ਇਹ ਕਿਆਸਿਆ ਹੋਵੇਗਾ ਕਿ ਅਮਰੀਕੀ-ਇਜਰਾਇਲੀ ਹਮਲੇ ਵਿੱਚ ਉਨ੍ਹਾਂ ਦੀਆਂ ਧੀਆਂ ਦੇ ਸਰੀਰਾਂ ਦੇ ਚੀਥੜੇ ਉੱਡ ਜਾਣਗੇ ਤੇ ਜਾਂ ਫਿਰ ਉਹ ਸਕੂਲ ਦੀ ਢਹਿ-ਢੇਰੀ ਹੋਈ ਇਮਾਰਤ ਦੇ ਮਲਬੇ ਹੇਠ ਆ ਕੇ ਉਨ੍ਹਾਂ ਤੋਂ ਸਦਾ ਸਦਾ ਲਈ ਵਿਛੜ ਜਾਣਗੀਆਂ। ਹੋਰ ਵੀ ਦੁੱਖ ਦੀ ਗੱਲ ਇਹ ਹੈ ਕਿ ਹਮਲਾਵਰਾਂ ਨੇ ਇਨ੍ਹਾਂ ਮੌਤਾਂ ਲਈ ਕੋਈ ਅਫਸੋਸ ਵੀ ਜਾਹਰ ਨਹੀਂ ਕੀਤਾ। ਓਦਾਂ ਇਹ ਤਾਂ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਕਿ ਹਮਲਾਵਰ ਮੁਲਕ ਇਸ ਹਮਲੇ ਦੀ ਨੈਤਿਕ ਜਿੰਮੇਵਾਰੀ ਕਬੂਲਣਗੇ।

ਇਹ ਦੁਖਾਂਤ ਉਦੋਂ ਵਾਪਰਿਆ ਜਦੋਂ ਕੌਮਾਂਤਰੀ ਮਹਿਲਾ ਦਿਵਸ ਵਿੱਚ ਮਹਿਜ ਕੁਝ ਦਿਨ ਹੀ ਬਾਕੀ ਸਨ। ਅੱਜ ਦੁਨੀਆ ਭਰ ਦੇ ਲੋਕ ਵੱਖ-ਵੱਖ ਸਮਾਗਮ ਕਰ ਕੇ ਔਰਤਾਂ ਤੇ ਬੱਚੀਆਂ ਦੇ ਹੱਕਾਂ ਦੀਆਂ ਗੱਲਾਂ ਕਰਦਿਆਂ ਉਨ੍ਹਾਂ ਦੇ ਹਕੂਕ ਦੀ ਰੱਖਿਆ ਕਰਨ ਦੇ ਵਾਅਦੇ ਤੇ ਦਾਅਵੇ ਕਰ ਰਹੇ ਹੋਣਗੇ, ਪਰ ਚੇਤੇ ਰਹੇ ਅਜੇ ਕੁਝ ਦਿਨ ਪਹਿਲਾਂ ਹੀ 165 ਇਰਾਨੀ ਬੱਚੀਆਂ ਦਾ ਸਭ ਤੋਂ ਵੱਡਾ ਜਿੰਦਗੀ ਜਿਉਣ ਦਾ ਹੱਕ ਹੀ ਖੋਹ ਲਿਆ ਗਿਆ। ਉਹ ਮਹਿਜ ਇਰਾਨ ਦੀਆਂ ਬੱਚੀਆਂ ਨਹੀਂ ਸਗੋਂ ਦੁਨੀਆ ਭਰ ਦੀਆਂ ਬੱਚੀਆਂ ਸਨ, ਜਿਨ੍ਹਾਂ ਦੀ ਇਸ ਤਰ੍ਹਾਂ ਹਮਲੇ 'ਚ ਮੌਤ ਕੁੱਲ ਜਹਾਨ ਦੇ ਲੋਕਾਂ ਅੱਗੇ ਵੱਡਾ ਨਮੋਸ਼ੀ ਭਰਿਆ ਸਵਾਲ ਬਣ ਕੇ ਖਲੋਤੀ ਹੈ। ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਦੇ ਮਨ 'ਚ ਇਹ ਗੱਲ ਜਰੂਰ ਆਉਂਦੀ ਹੋਵੇਗੀ ਕਿ ਅਜਿਹੀ ਬੇਰਹਿਮੀ ਭਰੀ ਘਟਨਾ ਮਗਰੋਂ ਇਹ ਜੰਗ ਰੁਕ ਜਾਣੀ ਚਾਹੀਦੀ ਸੀ, ਪਰ ਵਿਹਾਰਕ ਤਰਕਸੰਗਤ ਸੋਚ ਰੱਖਣ ਵਾਲਾ ਕੋਈ ਵੀ ਵਿਅਕਤੀ ਇਹੀ ਕਹੇਗਾ ਕਿ ਅਮਰੀਕਾ-ਇਜਰਾਈਲ ਦੀ ਲੀਡਰਸ਼ਿਪ ਤੋਂ ਅਜਿਹੀ ਸੰਵੇਦਨਸ਼ੀਲਤਾ ਦੀ ਉਮੀਦ ਕੀਤੀ ਹੀ ਨਹੀਂ ਜਾ ਸਕਦੀ।

ਅਮਰੀਕਾ-ਇਜਰਾਈਲ ਦੀ ਦੋਸਤੀ ਕਿਸੇ ਤੋਂ ਲੁਕੀ-ਛੁਪੀ ਨਹੀਂ। ਇਨ੍ਹਾਂ ਦੋਵੇਂ ਮੁਲਕਾਂ ਨੇ ਭਰਮ ਪਾਲਿਆ ਹੋਇਆ ਹੈਕਿ ਇਨ੍ਹਾਂ ਕੋਲ ਨਾ ਤਾਂ ਸਰੋਤਾਂ ਦੀ ਕੋਈ ਕਮੀ ਹੈ ਅਤੇ ਨਾ ਹੀ ਮਾਰੂ ਤਕਨਾਲੋਜੀ ਦੀ ਅਤੇ ਜਦੋਂ ਇਹ ਚਾਹੁਣ ਕਿਸੇ ਵੀ ਮੁਲਕ 'ਤੇ ਆਪਣੀ ਧੌਂਸ ਜਮਾ ਸਕਦੇ ਹਨ। ਅਮਰੀਕਾ ਦੀ ਸ਼ਹਿ 'ਤੇ ਇਜਰਾਈਲ ਨੇ ਪਿਛਲੇ ਦਹਾਕਿਆਂ ਦੌਰਾਨ ਫਲਸਤੀਨੀ ਲੋਕਾਂ 'ਤੇ ਜੋ ਜੁਲਮ ਕੀਤੇ ਹਨ, ਉਨ੍ਹਾਂ ਬਾਰੇ ਦੁਨੀਆ ਭਰ 'ਚ ਚਰਚਾ ਤਾਂ ਬਹੁਤ ਹੋਈ ਹੈ ਪਰ ਕੋਈ ਕਰ ਕੁਝ ਨਹੀਂ ਸਕਿਆ। ਇਸ ਦੇ ਮੱਦੇਨਜਰ ਇਹ ਉਮੀਦ ਕਰਨਾ ਸ਼ਾਇਦ ਅਹਿਮਕਾਨਾ ਹੀ ਹੋਵੇਗਾ ਕਿ 165 ਲੜਕੀਆਂ ਦੀ ਸ਼ਹਾਦਤ ਇਹ ਭਿਆਨਕ ਜੰਗ ਰੋਕ ਦਿੰਦੀ।

ਇਸ ਹਮਲੇ ਮਗਰੋਂ ਘਟਨਾ ਸਥਾਨ ਤੋਂ ਆਈਆਂ ਮੁੱਢਲੀਆਂ ਤਸਵੀਰਾਂ ਤੇ ਵੀਡੀਓਜ ਵਿੱਚ ਮਿਨਾਬ ਦੇ ਪ੍ਰਾਇਮਰੀ ਸਕੂਲ ਦੀ ਢਹੀ ਇਮਾਰਤ ਅਤੇ ਜਮੀਨ 'ਤੇ ਹਰ ਪਾਸੇ ਮਣਾਂ-ਮੂੰਹੀ ਮਲਬੇ ਦੇ ਢੇਰ ਨਜਰ ਆਉਂਦੇ ਹਨ। ਉਸ ਮਲਬੇ ਦੇ ਢੇਰਾਂ 'ਚ ਦੱਬੀਆਂ ਮਾਸੂਮ ਬੱਚੀਆਂ ਦੀਆਂ ਲਾਸ਼ਾਂ 'ਚੋਂ ਕਿਸੇ ਦਾ ਹੱਥ ਨਜਰ ਪੈਂਦਾ ਹੈ ਅਤੇ ਕਿਸੇ ਦਾ ਸਿਰ। ਘਬਰਾਈਆਂ ਤੇ ਰੋਂਦੀਆਂ ਹੋਈਆਂ ਮਾਵਾਂ ਆਪਣੀਆਂ ਬੱਚੀਆਂ ਦੀ ਤਲਾਸ਼ 'ਚ ਕਦੇ ਮਲਬੇ ਦੇ ਇੱਕ ਢੇਰ ਵੱਲ ਜਾਂਦੀਆਂ ਹਨ ਤੇ ਕਦੇ ਦੂਜੇ ਢੇਰ ਵੱਲ। ਇੱਕ ਪਿਉ ਮਲਬਾ ਹਟਾ ਕੇ ਆਪਣੀ ਧੀ ਦੀ ਲਾਸ਼ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ। ਧੀ ਤਾਂ ਉਸ ਨੂੰ ਨਹੀਂ ਲੱਭਦੀ ਪਰ ਅਚਾਨਕ ਮਲਬੇ ਥੱਲਿਓਂ ਉਸ ਨੂੰ ਆਪਣੀ ਧੀ ਦਾ ਬਸਤਾ ਲੱਭ ਜਾਂਦਾ ਹੈ। ਧਾਹਾਂ ਮਾਰਦਾ ਬਦਹਵਾਸ ਹੋਇਆ ਉਹ ਕਦੇ ਉਸ ਦੇ ਬਸਤੇ ਵਿੱਚੋਂ ਇੱਕ ਕਿਤਾਬ ਕੱਢ ਕੇ ਦਿਖਾਉਂਦਿਆਂ ਕਹਿੰਦਾ ਹੈ, "ਦੇਖੋ ਇਹ ਉਸ ਦੀ ਹਿਸਾਬ ਦੀ ਕਿਤਾਬ ਹੈ।" ਉਹ ਰੋਂਦਾ-ਰੋਂਦਾ ਪੰਨੇ ਪਲਟਦਿਆਂ ਫਿਰ ਇੱਕ ਹੋਰ ਕਾਪੀ ਕੱਢ ਕੇ ਦਿਖਾਉਂਦਾ ਹੋਇਆ ਦੱਸਦਾ ਹੈ ਕਿ ਕੱਲ੍ਹ ਰਾਤ ਤਾਂ ਉਸ ਦੀ ਧੀ ਨੇ ਉਸ ਕੋਲ ਬੈਠ ਕੇ ਹੋਮਵਰਕ ਕੀਤਾ ਸੀ। ਨੇੜੇ ਖੜ੍ਹੇ ਸਾਰੇ ਵਿਅਕਤੀ ਸੁੰਨ ਹਨ, ਕਿਸੇ ਕੋਲ ਉਸ ਨੂੰ ਹੌਸਲਾ ਦੇਣ ਲਈ ਕੋਈ ਸ਼ਬਦ ਨਹੀਂ। ਉੱਥੇ ਖੜ੍ਹੇ ਵਿਅਕਤੀਆਂ ਦੀ ਤਾਂ ਗੱਲ ਹੀ ਛੱਡੋ, ਸ਼ਾਇਦ ਕਿਸੇ ਕੋਲ ਵੀ ਉਸ ਅਤੇ ਉਸ ਜਿਹੇ ਹੋਰ ਮਾਪਿਆਂ ਦੇ ਦੁੱਖ ਨੂੰ ਵੰਡਾਉਣ ਦਾ ਜੇਰਾ ਨਹੀਂ ਹੈ। ਅੰਤ ਉਹ ਪਿਤਾ ਰੋਂਦਾ ਹੋਇਆ ਆਪਣਾ ਸਿਰ ਫੜ ਕੇ ਜਮੀਨ 'ਤੇ ਬੈਠ ਜਾਂਦਾ ਹੈ। ਇਸ ਹਮਲੇ 'ਚ ਮਾਰੀਆਂ ਗਈਆਂ ਸਾਰੀਆਂ ਬੱਚੀਆਂ ਦੇ ਮਾਪਿਆਂ ਦਾ ਇਹੋ ਹਾਲ ਹੈ। ਦੁਨੀਆ ਭਰ ਵਿੱਚ ਇਸ ਘਟਨਾ ਦੀ ਆਲੋਚਨਾ ਹੋ ਰਹੀ ਹੈ। ਯੂਨੈਸਕੋ ਨੇ ਇਸ ਘਟਨਾ 'ਤੇ ਚਿੰਤਾ ਜਾਹਰ ਕਰਦਿਆਂ ਮੱਧ ਪੂਰਬ ਵਿੱਚ ਵਿੱਦਿਅਕ ਅਦਾਰਿਆਂ, ਵਿਦਿਆਰਥੀਆਂ ਅਤੇ ਵਿੱਦਿਅਕ ਅਮਲੇ 'ਤੇ ਹਮਲੇ ਦੀ ਨਿੰਦਾ ਕਰਦੇ ਹੋਏ ਇਸ ਨੂੰ ਮਨੁੱਖਤਾਵਾਦੀ ਕਾਨੂੰਨ ਦੀ ਉਲੰਘਣਾ ਅਤੇ ਸਿੱਖਿਆ ਦੇ ਅਧਿਕਾਰ ਲਈ ਖਤਰਾ ਦੱਸਿਆ। ਯੂਨਾਈਟਿਡ ਨੇਸ਼ਨਜ ਸਕਿਉਰਿਟੀ ਕੌਂਸਲ ਦਾ ਮਤਾ 2601 (2021) ਸਾਰੀਆਂ ਧਿਰਾਂ ਲਈ ਇਹ ਲਾਜਮੀ ਬਣਾਉਂਦਾ ਹੈ ਕਿ ਉਹ ਕਿਸੇ ਵੀ ਸੂਰਤ ਵਿੱਚ ਸਕੂਲਾਂ, ਵਿਦਿਆਰਥੀਆਂ ਅਤੇ ਵਿੱਦਿਅਕ ਅਮਲੇ ਨੂੰ ਨਿਸ਼ਾਨਾ ਨਾ ਬਣਾਉਣ। ਅਮਰੀਕਾ ਅਤੇ ਇਜਰਾਈਲ ਵੱਲੋਂ ਇਸ ਸਮੁੱਚੇ ਘਟਨਾਕ੍ਰਮ ਤੋਂ ਪੱਲਾ ਝਾੜਦਿਆਂ ਬਹੁਤ ਹੀ ਇਹਤਿਆਤ ਨਾਲ ਇਸ ਬਾਰੇ ਬਿਆਨ ਦਿੱਤੇ ਜਾ ਰਹੇ ਹਨ। ਅਮਰੀਕੀ ਪੱਤਰਕਾਰਾਂ ਵੱਲੋਂ ਜਦੋਂ ਇਸ ਘਟਨਾ ਬਾਰੇ ਸਵਾਲ ਪੁੱਛੇ ਗਏ ਤਾਂ ਸਰਕਾਰ ਦੇ ਤਰਜਮਾਨ ਦਾ ਚੌਕਸੀ ਭਰਿਆ ਜਵਾਬ ਸੀ, "ਅਮਰੀਕਾ ਕਦੇ ਵੀ ਰਿਹਾਇਸ਼ੀ ਇਲਾਕਿਆਂ, ਸਕੂਲਾਂ ਅਤੇ ਹਸਪਤਾਲਾਂ ਆਦਿ ਨੂੰ ਨਿਸ਼ਾਨਾ ਨਹੀਂ ਬਣਾਉਂਦਾ। ਇਹ ਸਾਡੀ ਨੀਤੀ ਦਾ ਹਿੱਸਾ ਨਹੀਂ, ਪਰ ਫਿਰ ਵੀ ਜੰਗ ਵਿਭਾਗ (ਵਾਰ ਡਿਪਾਰਟਮੈਂਟ) ਸਮੁੱਚੇ ਘਟਨਾਕ੍ਰਮ ਦੀ ਪੜਤਾਲ ਕਰ ਰਿਹਾ ਹੈ। ਫਿਲਹਾਲ ਇਸ ਤੋਂ ਵੱਧ ਹੋਰ ਕੁਝ ਨਹੀਂ ਆਖਿਆ ਜਾ ਸਕਦਾ।" ਅਮਰੀਕਾ ਨੇ ਤਾਂ ਇਹ ਕਹਿ ਕੇ ਪੱਲਾ ਝਾੜ ਲਿਆ, ਪਰ ਮਾਰੀਆਂ ਗਈਆਂ ਇਨ੍ਹਾਂ ਧੀਆਂ ਨੂੰ ਇਨਸਾਫ ਕੌਣਦੇਵੇਗਾ? ਇਸ ਦੇ ਨਾਲ ਹੀ ਸੰਯੁਕਤ ਰਾਸ਼ਟਰ ਨੇ ਇਸ ਬਾਰੇ ਕਿਹਾ ਕਿ ਜਿੰਮੇਵਾਰ ਵਿਅਕਤੀਆਂ ਦੀ ਜਵਾਬਦੇਹੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਚਾਹੀਦਾ ਤਾਂ ਬਹੁਤ ਕੁਝ ਹੈ, ਪਰ ... ... ...।

ਮਿਨਾਬ ਸ਼ਹਿਰ ਵਿੱਚ ਇਨ੍ਹਾਂ ਧੀਆਂਨੂੰ ਅੰਤਿਮ ਵਿਦਾਇਗੀ ਦੇਣ ਲਈ ਲੱਖਾਂ ਲੋਕ ਇਕੱਠੇ ਹੋਏ। ਇਉਂ ਜਾਪਦਾ ਸੀ ਜਿਵੇਂ ਸ਼ਹਿਰ ਦੀ ਹਰ ਸੜਕ ਅਤੇ ਹਰ ਗਲੀ 'ਚ ਮਨੁੱਖੀ ਸਿਰਾਂ ਦਾ ਹੜ੍ਹ ਆਇਆ ਹੋਵੇ। ਇਨ੍ਹਾਂ ਵਿੱਚੋਂ ਕਿਸੇ ਦੇ ਹੱਥਾਂ 'ਚ ਮਾਰੀਆਂ ਗਈਆਂ ਬੱਚੀਆਂ ਦੀਆਂ ਤਸਵੀਰਾਂ ਸਨ ਅਤੇ ਕਿਸੇ ਦੇ ਹੱਥਾਂ 'ਚ ਵੱਖ ਵੱਖ ਇਬਾਰਤਾਂ ਵਾਲੀਆਂ ਤਖਤੀਆਂ ਤੇ ਬੈਨਰ ਆਦਿ, ਪਰ ਸਭ ਦੇ ਦਿਲਾਂ ਵਿੱਚ ਇਨ੍ਹਾਂ ਧੀਆਂ ਲਈ ਸੋਗ ਅਤੇ ਜਾਬਰ ਹੁਕਮਰਾਨਾਂ ਖਿਲਾਫ ਰੋਹ ਸਾਂਝਾ ਸੀ। ਉਸ ਵੇਲੇ ਮਾਵਾਂ ਦਾ ਵਿਰਲਾਪ ਝੱਲਿਆ ਨਹੀਂ ਸੀ ਜਾਂਦਾ। ਲੱਗਦਾ ਸੀ ਜਿਵੇਂ ਉਨ੍ਹਾਂ ਦੇ ਵੈਣਾਂ ਨਾਲ ਆਸਮਾਨ ਪਾਟ ਜਾਵੇਗਾ। ਉਨ੍ਹਾਂ ਸਭ ਵੱਲੋਂ ਪਹਿਨਿਆ ਕਾਲਾ ਸੋਗ ਦਾ ਲਿਬਾਸ ਬਹੁਤ ਸਾਰੇ ਪਰਿਵਾਰਾਂ ਦੀ ਸਿਆਹ ਹੋ ਗਈ ਜਿੰਦਗੀ ਦੀ ਬਾਤ ਪਾਉਂਦਾ ਜਾਪਦਾ ਸੀ। ਇਸ ਜੰਗ ਦੀ ਭੇਟ ਚੜ੍ਹੀਆਂ ਇਨ੍ਹਾਂ ਮਾਸੂਮ ਧੀਆਂ ਦਾ ਸਮੂਹਿਕ ਜਨਾਜਾ ਕੱਢਿਆ ਗਿਆ ਅਤੇ ਇਕੱਠੀਆਂ ਪੌਣੇ ਦੋ ਸੌ ਦੇ ਕਰੀਬ ਕਬਰਾਂ ਪੁੱਟ ਕੇ ਉਨ੍ਹਾਂ ਨੂੰ ਸਪੁਰਦ-ਏ-ਖਾਕ ਕੀਤਾ ਗਿਆ। ਜੰਗਬਾਜਾਂ ਦੀ ਜਿੱਦ ਨੇ ਇਨ੍ਹਾਂ ਨਿੱਕੀਆਂ ਜਿੰਦੜੀਆਂ ਨੂੰ ਖਾਕ 'ਚ ਬਦਲ ਦਿੱਤਾ।

ਇੱਕ ਪਾਸੇ ਦੁਨੀਆ ਜਦੋਂ ਇਨ੍ਹਾਂ ਧੀਆਂ ਦੀ ਮੌਤ ਦਾ ਸੋਗ ਮਨਾ ਰਹੀ ਸੀ, ਉਦੋਂ ਸੰਸਾਰ ਦੇ ਸਭ ਤੋਂ ਤਾਕਤਵਰ ਕਹਾਉਂਦੇ ਮੁਲਕ ਅਮਰੀਕਾ ਦੇ ਸਭ ਤੋਂ ਮਜਬੂਤ ਆਗੂ ਲਈ ਵ੍ਹਾਈਟ ਹਾਊਸ ਦੇ ਓਵਲ ਔਫਿਸ 'ਚ ਪ੍ਰਾਰਥਨਾ ਸਭਾ ਕੀਤੀ ਗਈ ਕਿ ਇਸ ਜੰਗ ਦੌਰਾਨ ਦੇਸ਼ ਦੀ ਅਗਵਾਈ ਲਈ ਪਰਮਾਤਮਾ ਉਸ ਨੂੰ ਸੁਰੱਖਿਆ ਤੇ ਸੇਧ ਪ੍ਰਦਾਨ ਕਰੇ। ਅਤਿ ਸੁਰੱਖਿਅਤ ਥਾਂ 'ਤੇ ਬੈਠ ਕੇ ਵੀ ਜੇਕਰ ਕਿਸੇ ਨੂੰ ਪਰਮਾਤਮਾ ਅੱਗੇ ਸੁਰੱਖਿਆ ਲਈ ਅਰਦਾਸ ਕਰਨੀ ਪਵੇ ਤਾਂ ਜੰਗ ਦੀ ਜੱਦ 'ਚ ਆਏ ਦੇਸ਼ ਦੇ ਲੋਕ ਆਪਣੀ ਰੱਖਿਆ ਲਈ ਕਿਹੜੇ ਰੱਬ ਅੱਗੇ ਫਰਿਆਦ ਕਰਨ? ਇਨ੍ਹਾਂ ਬੱਚੀਆਂ ਨੂੰ ਨਾ ਤਾਂ ਜੰਗ ਦੇ ਮਾਅਨੇ ਪਤਾ ਸਨ ਤੇ ਨਾ ਹੀ ਦੇਸ਼ਾਂ ਵਿਚਲੀਆਂ ਦੁਸ਼ਮਣੀਆਂ ਦਾ, ਪਰ ਜੰਗ ਦਾ ਸਭ ਤੋਂ ਖੌਫਨਾਕ ਤੇ ਬੇਰਹਿਮ ਚਿਹਰਾ ਦੇਖਣਾ ਇਨ੍ਹਾਂ ਮਾਸੂਮ ਬੱਚੀਆਂ ਦਾ ਹੀ ਮੁਕੱਦਰ ਬਣਿਆ।

ਜੰਗ ਹਮੇਸ਼ਾ ਹੀ ਤਬਾਹੀ ਲਿਆਉਂਦੀ ਹੈ, ਮਨੁੱਖਤਾ ਦਾ ਘਾਣ ਕਰਦੀ ਹੈ। ਏਨੀਆਂ ਧੀਆਂ ਦੀ ਬਲੀ ਲੈ ਕੇ ਵੀ ਜੰਗਬਾਜਾਂ ਨੇ ਕੋਈ ਸਬਕ ਨਹੀਂਸਿੱਖਿਆ। ਹੁਣ ਤੱਕ ਸੈਂਕੜੇ ਜਾਨਾਂਇਸ ਜੰਗ ਦੀ ਭੇਟ ਚੜ੍ਹ ਚੁੱਕੀਆਂ ਹਨ ਅਤੇ ਪਤਾ ਨਹੀਂ ਜੰਗਬਾਜ ਹੋਰ ਕਿੰਨੇ ਬੇਦੋਸ਼ਿਆਂ ਦੀ ਬਲੀ ਲੈਣਗੇ?

# ਜਲਿਆਂਵਾਲ਼ਾ ਬਾਗ਼ ਗੋਲੀ ਕਾਂਡ (1919)

## ਵਿਸਾਖੀ ਵਾਲ਼ੇ ਦਿਨ ਦੀ ਅਭੁੱਲਣਯੋਗ ਘਟਨਾ



ਦਫ਼ਾ 144 ਦੀ ਉਲੰਘਣਾ: 1919 ਦਾ ਸਾਕਾ, ਲੋਕਾਂ ਦੀ ਇਕੱਤਰਤਾ ਉਤੇ ਲੱਗੀ ਪਾਬੰਦੀ ਨੂੰ ਤੋੜ ਕੇ ਜਨ ਸਭਾ ਕਰਨ ਵਾਲਿਆਂ ਨੂੰ ਤਿੱਤਰ ਬਿੱਤਰ ਕਰਨ ਲਈ ਚਲਾਈ ਗੋਲੀ ਕਾਰਨ ਵਾਪਰਿਆ ਸਾਕਾ ਸੀ। ਹਿੰਦੁਸਤਾਨ ਵਿਚ ਦਫ਼ਾ 144 ਤੋੜਨ ਵਾਲੀਆਂ ਭੀੜਾਂ ਉਤੇ ਗੋਲੀ ਚਲਾਉਣ ਦੇ ਹੀ ਏਨੇ ਸਾਕੇ ਹੋ ਚੁਕੇ ਹਨ ਕਿ ਇਨ੍ਹਾਂ ਦੀ ਗਿਣਤੀ ਕਰਨੀ ਵੀ ਔਖੀ ਹੋ ਗਈ ਹੈ। ਆਜ਼ਾਦ ਭਾਰਤ ਦੇ ਪਹਿਲੇ ਗਵਰਨਰ ਜਨਰਲ ਸੀ. ਰਾਜਗੋਪਾਲਚਾਰੀਆ ਨੇ ਪੰਜਾਬੀ ਸੂਬਾ ਅੰਦੋਲਨ ਦੌਰਾਨ ਅਕਾਲੀ ਸਤਿਆਗ੍ਰਹੀਆਂ ਉਤੇ ਇਸੇ ਤਰ੍ਹਾਂ ਚਲਾਈ ਗਈ ਗੋਲੀ ਬਾਰੇ ਇਕ ਬਿਆਨ ਵਿਚ ਕਿਹਾ ਸੀ, "ਅੰਗਰੇਜ਼ਾਂ ਨੇ ਅਪਣੇ ਸਾਰੇ ਰਾਜ ਵਿਚ ਏਨੀਆਂ ਗੋਲੀਆਂ ਨਹੀਂ ਚਲਾਈਆਂ ਹੋਣੀਆਂ ਜਿੰਨੀਆਂ ਕਿ ਆਜ਼ਾਦ ਭਾਰਤ ਦੀ ਸਰਕਾਰ ਨੇ ਸਿੱਖਾਂ ਉਤੇ ਚਲਾ ਦਿਤੀਆਂ ਹਨ।" ਰਾਜਗੋਪਾਲਚਾਰੀਆ ਨੇ ਸੁਤੰਤਰ ਪਾਰਟੀ ਦੇ ਪ੍ਰਧਾਨ ਵਜੋਂ ਇਹ ਗੱਲ ਆਖੀ ਸੀ।

ਜਲਿਆਂ ਵਾਲੇ ਬਾਗ਼ ਅੰਦਰ ਜ਼ੁਲਮ ਤੇ ਦਰਬਾਰ ਸਾਹਿਬ ਅੰਦਰ ਜ਼ੁਲਮ : ਦੂਜੇ ਪਾਸੇ ਦਰਬਾਰ ਸਾਹਿਬ ਵਿਚ ਹਜ਼ਾਰਾਂ ਸ਼ਰਧਾਲੂਆਂ ਉਤੇ ਉਸ ਸਮੇਂ ਫ਼ੌਜ ਟੁਟ ਕੇ ਪੈ ਗਈ ਜਦੋਂ ਉਹ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾ ਰਹੀਆਂ ਸਨ ਅਤੇ ਉਨ੍ਹਾਂ ਦੇ ਗੁਰਦਵਾਰੇ ਵਿਚ ਇਕੱਤਰ ਹੋਣ ਉਤੇ ਕੋਈ ਪਾਬੰਦੀ ਵੀ ਨਹੀਂ ਸੀ ਲੱਗੀ ਹੋਈ। ਸੈਂਕੜੇ ਨਿੱਹਥੇ ਸ਼ਰਧਾਲੂਆਂ ਦੀਆਂ ਲਾਸ਼ਾਂ ਸਰੋਵਰ ਵਿਚ ਤੈਰ ਰਹੀਆਂ ਸਨ ਅਤੇ ਸੈਂਕੜੇ ਸ਼ਰਧਾਲੂਆਂ ਦੀਆਂ ਬਾਹਾਂ ਪਿੱਠ ਪਿੱਛੇ ਬੰਨ੍ਹ ਕੇ ਉਨ੍ਹਾਂ ਨੂੰ ਗੋਲੀਆਂ ਨਾਲ ਭੁੰਨ ਦਿਤਾ ਗਿਆ ਸੀ ਤੇ ਉਨ੍ਹਾਂ ਦੀਆਂ ਲਾਸ਼ਾਂ, ਕੂੜਾ ਗੱਡੀਆਂ ਵਿਚ ਢੋਹ ਕੇ ਅੱਗ ਦੇ ਹਵਾਲੇ ਕਰ ਦਿਤੀਆਂ ਗਈਆਂ ਸਨ। ਛੋਟੇ ਬੱਚਿਆਂ ਨੂੰ ਵੀ ਦਰਬਾਰ ਸਾਹਿਬ ਅੰਦਰ ਪਾਣੀ ਮੰਗਦਿਆਂ ਨੂੰ ਸੰਗੀਨਾਂ ਨਾਲ ਮਾਰ ਦਿਤਾ ਗਿਆ ਸੀ। ਜਲ੍ਹਿਆਂਵਾਲੇ ਬਾਗ਼ ਦਾ ਜ਼ੁਲਮ ਤਾਂ '84 ਦੇ ਜ਼ੁਲਮ ਦੇ ਮੁਕਾਬਲੇ ਕੁੱਝ ਵੀ ਨਹੀਂ ਸੀ।

ਦੋਹਾਂ ਸਾਕਿਆਂ ਮਗਰੋਂ ਜ਼ੁਲਮ: ਜਲਿਆਂਵਾਲੇ ਬਾਗ਼ ਦੇ ਸਾਕੇ ਮਗਰੋਂ, ਇਸ ਦਾ ਵਿਰੋਧ ਸਾਰੇ ਭਾਰਤ ਵਿਚ ਸ਼ੁਰੂ ਹੋ ਗਿਆ ਪਰ ਵਿਰੋਧ ਕਰਨ ਵਾਲਿਆਂ ਨੂੰ ਕੁੱਝ ਨਾ ਕਿਹਾ ਗਿਆ ਜਦਕਿ ਸਾਕਾ 'ਨੀਲਾ ਤਾਰਾ' ਵਿਰੁਧ ਆਵਾਜ਼ ਉੱਚੀ ਕਰਨ ਵਾਲਿਆਂ ਨੂੰ ਪਿੰਡ ਪਿੰਡ, ਸ਼ਹਿਰ ਸ਼ਹਿਰ ਜਾ ਕੇ ਮਾਰਿਆ ਵੀ ਗਿਆ ਅਤੇ 'ਹਮਾਇਤੀ' ਹੋਣ ਦਾ ਦੋਸ਼ ਲਾ ਕੇ ਥਾਣਿਆਂ ਵਿਚ ਵੀ ਭਾਰੀ ਤਸੀਹੇ ਦਿਤੇ ਗਏ। ਭਰਾਵਾਂ ਨੂੰ ਨੰਗੇ ਕਰ ਕੇ ਤੇ ਫਿਰ ਉਨ੍ਹਾਂ ਸਾਹਮਣੇ ਭੈਣਾਂ ਨੂੰ ਨੰਗਿਆ ਕਰ ਕੇ ਮਨ-ਮਰਜ਼ੀ ਦੇ ਬਿਆਨ ਲੈਣ ਦੀ ਕੋਸ਼ਿਸ਼ ਕੀਤੀ ਗਈ ਤੇ ਜੀਪਾਂ ਪਿਛੇ ਬੰਨ੍ਹ ਕੇ ਰੜੇ ਮੈਦਾਨ ਵਿਚ ਘਸੀਟਿਆ ਗਿਆ ਤਾਕਿ ਉਹ ਮਾਫ਼ੀ ਮੰਗ ਲੈਣ। ਉਨ੍ਹਾਂ ਵਿਚੋਂ ਕਈ ਤਾਂ ਅਜੇ ਵੀ ਜੇਲਾਂ ਵਿਚ ਰੁਲ ਰਹੇ ਹਨ, ਕਈ ਫਾਂਸੀਆਂ 'ਤੇ ਚੜ੍ਹ ਗਏ ਤੇ ਕਈਆਂ ਦੇ ਖ਼ਾਨਦਾਨ ਹੀ ਖ਼ਤਮ ਕਰ ਦਿਤੇ ਗਏ। ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਮਗਰੋਂ ਤਾਂ ਅਜਿਹਾ ਕੁੱਝ ਨਹੀਂ ਸੀ ਹੋਇਆ।

ਅਫ਼ਸਰਾਂ, ਲੇਖਕਾਂ, ਵਿਦਵਾਨਾਂ ਤੇ ਲੀਡਰਾਂ ਦਾ ਜ਼ੋਰਦਾਰ ਰੋਸ : '84 ਦੇ ਸਾਕੇ ਮਗਰੋਂ ਲੇਖਕਾਂ, ਵਿਦਵਾਨਾਂ ਨੇ ਪਦਮਸ਼੍ਰੀ ਵਾਪਸ ਕੀਤੇ, ਸਰਕਾਰੀ ਪਦਵੀਆਂ ਤੋਂ ਅਸਤੀਫ਼ੇ ਦੇ ਦਿਤੇ ਅਤੇ ਇਸ ਤਰ੍ਹਾਂ ਦਸ ਦਿਤਾ ਕਿ ਇਸ ਸਾਕੇ ਨੇ ਘੱਟ ਘੱਟ ਇਕ ਪੂਰੀ ਕੌਮ ਦੇ ਹਿਰਦੇ ਤਾਂ ਛਲਣੀ ਛਲਣੀ ਕਰ ਹੀ ਦਿਤੇ ਹਨ। ਪਰ ਸਰਕਾਰ ਨੇ ਸਿੱਖਾਂ ਦੇ ਜਜ਼ਬਾਤ ਨੂੰ ਸ਼ਾਂਤ ਕਰਨ ਲਈ ਕੁੱਝ ਨਾ ਕੀਤਾ ਬਲਕਿ ਫ਼ੌਜ ਰਾਹੀਂ 'ਅਣਪਛਾਤੀਆਂ ਲਾਸ਼ਾਂ' ਦੇ ਢੇਰ ਲਾ ਦਿਤੇ ਤੇ ਚੋਰੀ ਛੁਪੇ ਉਨ੍ਹਾਂ ਨੂੰ ਅੱਗ ਦੇ ਹਵਾਲੇ ਵੀ ਕਰ ਦਿਤਾ। ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਮਗਰੋਂ ਤਾਂ ਅਜਿਹਾ ਕੁੱਝ ਨਹੀਂ ਸੀ ਹੋਇਆ।

ਫ਼ੌਜੀਆਂ ਨੇ ਬੈਰਕਾਂ ਛੱਡ ਕੇ ਰੋਸ ਪ੍ਰਗਟ ਕੀਤਾ : '84 ਦੇ ਸਾਕੇ ਮਗਰੋਂ ਸਿੱਖ ਫ਼ੌਜੀਆਂ ਨੇ ਵੀ ਬੈਰਕਾਂ ਛੱਡ ਕੇ ਅੰਮ੍ਰਿਤਸਰ ਵਲ ਕੂਚ ਕੀਤਾ ਤੇ ਉਨ੍ਹਾਂ 'ਧਰਮੀ ਫ਼ੌਜੀਆਂ' ਨੂੰ ਵੀ ਕੋਰਟ ਮਾਰਸ਼ਲ ਕਰ ਕੇ ਅਕਹਿ ਤਸੀਹੇ ਦਿਤੇ ਗਏ ਤੇ ਕਈਆਂ ਨੂੰ ਰਸਤੇ ਵਿਚ ਹੀ ਮਾਰ ਦਿਤਾ ਗਿਆ। ਜਲਿਆਂਵਾਲੇ ਬਾਗ਼ ਦੇ ਸਾਕੇ ਮਗਰੋਂ ਤਾਂ ਅਜਿਹਾ ਕੁੱਝ ਨਹੀਂ ਸੀ ਹੋਇਆ।

ਅੰਗਰੇਜ਼ਾਂ ਅਤੇ ਅਪਣੇ ਪੱਤਰਕਾਰਾਂ, ਲੋਕਾਂ ਦਾ ਪ੍ਰਤੀਕਰਮ : ਜਲਿਆਂਵਾਲੇ ਬਾਗ਼ ਦੇ ਸਾਕੇ ਮਗਰੋਂ ਮਾਮਲੇ ਦੀ ਘੋਖ ਪੜਤਾਲ ਦੀ ਮੰਗ ਹੋਈ। ਬਰਤਾਨੀਆ ਵਿਚ ਪਹਿਲਾਂ ਪਹਿਲ ਤਾਂ ਡਾਇਰ ਦੀ ਪਿੱਠ ਹੀ ਥਾਪੜੀ ਗਈ ਪਰ ਜਦ ਲੰਦਨ ਦੇ ਅੰਗਰੇਜ਼ੀ ਅਖ਼ਬਾਰ 'ਡੇਲੀ ਹੈਰਾਲਡ' ਨੇ ਬੰਬਈ ਤੋਂ ਕੰਮ ਕਰਦੇ ਅੰਗਰੇਜ਼ ਪੱਤਰਕਾਰ ਬੈਂਜਾਮਨ ਗੁਈ ਹਾਰਨੀਮੈਨ ਦੀਆਂ ਰੀਪੋਰਟਾਂ ਛਾਪ ਕੇ ਅੰਗਰੇਜ਼ੀ ਕੌਮ ਨੂੰ ਦਸਿਆ ਕਿ ਅੰਮ੍ਰਿਤਸਰ ਵਿਚ ਕਿਸ ਤਰ੍ਹਾਂ ਲੋਕਾਂ ਦੇ ਬੁਨਿਆਦੀ ਹੱਕਾਂ ਉਤੇ ਛਾਪਾ ਮਾਰ ਕੇ, ਨਿਹੱਥੇ ਭੱਜੇ ਜਾਂਦੇ ਸ਼ਹਿਰੀਆਂ ਨੂੰ ਗੋਲੀਆਂ ਦਾ ਸ਼ਿਕਾਰ ਬਣਾਇਆ ਗਿਆ ਸੀ ਤਾਂ ਅੰਗਰੇਜ਼ੀ ਕੌਮ ਅੰਦਰ ਉਬਾਲ ਆ ਗਿਆ, ਬਰਤਾਨਵੀ ਪਾਰਲੀਮੈਂਟ ਵਿਚ ਮਾਮਲਾ ਉਠਿਆ, ਪੜਤਾਲ ਕੀਤੀ ਗਈ ਤੇ ਡਾਇਰ ਨੂੰ ਦੋਸ਼ੀ ਮੰਨਿਆ ਗਿਆ। ਹਾਰਨੀਮੈਨ ਅੰਗਰੇਜ਼ੀ ਕੌਮ ਨੂੰ ਸੱਚ ਨਾ ਦਸਦਾ ਤਾਂ ਅੰਗਰੇਜ਼ਾਂ ਨੂੰ ਭਾਰਤੀ ਅਖ਼ਬਾਰਾਂ ਤੇ ਲੀਡਰਾਂ ਦੇ ਬਿਆਨਾਂ ਤੋਂ ਕੁੱਝ ਨਹੀਂ ਸੀ ਪਤਾ ਲਗਣਾ। ਇਸੇ ਲਈ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ 'ਹਾਰਨੀਮੈਨ ਨੇ ਸਾਨੂੰ 'ਆਜ਼ਾਦੀ' ਦਿਤੀ। ਬੰਬਈ ਵਿਚ ਹਾਰਨੀਮੈਨ ਦੀ ਯਾਦ ਵਿਚ ਹਾਰਨੀਮੈਨ ਸਰਕਲ ਗਾਰਡਨ ਵੀ ਫ਼ੋਰਟ ਇਲਾਕੇ ਵਿਚ ਬਣਾਇਆ ਗਿਆ। ਇਧਰ '84 ਦੇ ਸਾਕੇ ਬਾਰੇ ਕਿਸੇ ਨੇ ਪੜਤਾਲ ਤਾਂ ਕੀ ਕਰਨੀ ਸੀ, ਜਸਟਿਸ ਕੁਲਦੀਪ ਸਿੰਘ ਦੇ ਯਤਨਾਂ ਨਾਲ ਜਦ ਰੀਟਾਇਰਡ ਜੱਜਾਂ ਦੇ ਇਕ ਕਮਿਸ਼ਨ ਨੇ ਪੜਤਾਲ ਆਰੰਭੀ ਵੀ ਤਾਂ ਦੂਜੇ ਹੀ ਦਿਨ, ਬਾਦਲ ਦੀ ਅਕਾਲੀ ਸਰਕਾਰ ਕੋਲੋਂ ਹਾਈ ਕੋਰਟ ਵਿਚ ਅਰਜ਼ੀ ਪਵਾ ਕੇ ਉਸ ਉਤੇ ਪਾਬੰਦੀ ਲਵਾ ਦਿਤੀ ਗਈ।

ਹਮਲਾਵਰਾਂ ਤੇ ਜ਼ੁਲਮ ਕਰਨ ਵਾਲਿਆਂ ਨੇ ਦਿਲ ਵੀ ਦੁਖਾਏ : ਜਲਿਆਂਵਾਲੇ ਬਾਗ਼ ਦੇ ਸਾਕੇ ਵਿਚ ਕਿਸੇ ਅੰਗਰੇਜ਼ ਨੇ ਵੀ ਭਾਰਤੀਆਂ ਦੇ ਦਿਲ ਦੁਖਾਉਣ ਵਾਲੀ ਕੋਈ ਗੱਲ ਨਹੀਂ ਸੀ ਕੀਤੀ ਪਰ ਸਾਕਾ ਨੀਲਾ ਤਾਰਾ ਵਿਚ ਤਾਂ ਫ਼ੌਜੀ, ਬੂਟਾਂ ਸਣੇ ਦਰਬਾਰ ਸਾਹਿਬ ਵਿਚ ਘੁੰਮਦੇ ਰਹੇ, ਸਿਗਰਟ ਪੀਂਦੇ ਰਹੇ ਤੇ ਪ੍ਰਕਰਮਾ ਵਿਚ ਖੜੇ ਹੋ ਕੇ ਰਾਵਣ ਵਾਲੇ ਅੰਦਾਜ਼ ਵਿਚ ਕਹਿੰਦੇ ਰਹੇ, "ਅਬ 'ਰਾਜ ਕਰੇਗਾ ਖ਼ਾਲਸਾ' ਨਹੀਂ, ਸਿੱਖ 'ਯਾਦ ਕਰੇਂਗੇ ਖ਼ਾਲਸਾ' ਬੋਲਾ ਕਰੇਂਗੇ।" ਹਿੰਦੂ ਆਗੂਆਂ ਵਲੋਂ ਪਹਿਲਾਂ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਲੱਗੀ ਗੁਰੂ ਰਾਮਦਾਸ ਦੀ ਤਸਵੀਰ ਲਾਹ ਕੇ ਤੋੜੀ ਗਈ ਤੇ ਪੈਰਾਂ ਵਿਚ ਰੋਲੀ ਗਈ ਤੇ ਇਕ ਚੰਗਾ ਜਾਣਿਆ ਜਾਂਦਾ ਹਿੰਦੂ ਕੱਟੜਵਾਦੀ, ਫ਼ੌਜੀਆਂ ਦੀ ਆਗਿਆ ਨਾਲ, ਸਰੋਵਰ ਦੇ ਕੰਢੇ ਖੜਾ ਹੋ ਕੇ, ਉਹਨੀਂ ਦਿਨੀਂ ਸਰੋਵਰ ਵਿਚ ਪਿਸ਼ਾਬ ਕਰਦਾ ਰਿਹਾ। ਇਸ ਤੋਂ ਪਹਿਲਾਂ ਡਾਂਗਾਂ ਨਾਲ ਸਿਗਰਟਾਂ ਦੇ ਗੁੱਛੇ ਬੰਨ੍ਹ ਕੇ ਜਲੂਸ ਕਢਿਆ ਗਿਆ ਤੇ ਨਾਹਰੇ ਮਾਰੇ ਗਏ ਕਿ ਅੰਮ੍ਰਿਤਸਰ ਵਿਚ ਜਨਤਕ ਤੌਰ ਉਤੇ ਤਮਾਕੂ ਪੀਣ ਉਤੇ ਪਾਬੰਦੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਚਾਰ ਗੋਲੀਆਂ ਬਨਾਮ ਲੱਖਾਂ ਗੋਲੀਆਂ : ਜਲਿਆਂਵਾਲੇ ਬਾਗ਼ ਵਿਚ ਚਾਰ ਗੋਲੀਆਂ ਦੇ ਨਿਸ਼ਾਨ ਸੰਭਾਲ ਕੇ ਰੱਖੇ ਹੋਏ ਹਨ ਜਦਕਿ ਦਰਬਾਰ ਸਾਹਿਬ ਦਾ ਚੱਪਾ ਚੱਪਾ ਗੋਲੀਆਂ ਤੇ ਗੋਲਿਆਂ ਦੇ ਕਹਿਰ ਦੀ ਕਹਾਣੀ ਸੁਣਾ ਰਿਹਾ ਸੀ ਤੇ ਅਕਾਲ ਤਖ਼ਤ ਤਾਂ ਢਹਿ ਢੇਰੀ ਹੀ ਕਰ ਦਿਤਾ ਗਿਆ ਸੀ।

ਸੰਖੇਪ ਵਿਚ ਗੱਲ ਕਰੀਏ ਤਾਂ ਦੋਵੇਂ ਸਾਕੇ ਨਿੰਦਣਯੋਗ, ਅਤਿ ਬੁਰੇ, ਘਿਨਾਉਣੇ ਅਤੇ ਸ਼ੈਤਾਨੀ ਸਨ ਪਰ ਜੇ ਦੂਹਾਂ ਦਾ ਮੁਕਾਬਲਾ ਕਰਨਾ ਜ਼ਰੂਰੀ ਹੋਵੇ ਤਾਂ ਜਲਿਆਂਵਾਲਾ ਬਾਗ਼ ਦਾ ਸਾਕਾ, ਨੀਲਾ ਤਾਰਾ ਸਾਕੇ ਦੇ ਸੇਰ ਵਿਚੋਂ ਛਟਾਂਕ ਜਿੰਨਾ ਵੀ ਨਹੀਂ ਬਣਦਾ। ਪੰਜਾਬ ਦੇ ਨੌਜੁਆਨਾਂ ਨੇ ਦੂਹਾਂ ਦਾ ਬਦਲਾ ਇਕੋ ਤਰ੍ਹਾਂ ਨਾਲ ਲਿਆ ਪਰ ਵਿਦੇਸ਼ੀ ਸਰਕਾਰ ਦਾ ਰਵਈਆ, ਜਵਾਬੀ ਤੌਰ ਤੇ, ਅਪਣੀ ਸਰਕਾਰ ਨਾਲੋਂ ਕਿਤੇ ਜ਼ਿਆਦਾ ਚੰਗਾ ਤੇ ਸਾਊਆਂ ਵਾਲਾ ਨਿਕਲਿਆ। ਉਨ੍ਹਾਂ ਉਦੋਂ ਵੀ ਅਫ਼ਸੋਸ ਪ੍ਰਗਟ ਕਰ ਦਿਤਾ ਤੇ ਹੁਣ ਪਿੱਛੇ ਜਹੇ ਬਰਤਾਨਵੀ ਪ੍ਰਧਾਨ ਮੰਤਰੀ ਤੇ ਮਹਾਰਾਣੀ ਵੀ ਜਲਿਆਂਬਾਗ਼ ਵਿਚ ਫੁੱਲ ਭੇਟ ਕਰ ਕੇ ਤੇ ਸਿਰ ਝੁਕਾ ਕੇ ਗਏ ਤੇ ਹੁਣੇ ਬਰਤਾਨਵੀ ਪ੍ਰਧਾਨ ਮੰਤਰੀ ਮੇਅ ਨੇ ਵੀ ਫਿਰ ਆਖਿਆ ਹੈ ਕਿ ਜਲਿਆਂਵਾਲੇ ਬਾਗ਼ ਦਾ ਸਾਕਾ ਇੰਗਲੈਂਡ ਦੇ ਇਤਿਹਾਸ ਉਤੇ ਇਕ ਕਾਲਾ ਸਿਆਹ ਧੱਬਾ ਹੈ। ਏਧਰ ਸਾਡੇ ਹਾਕਮ ਤਾਂ ਗਲਤੀ ਵੀ ਨਹੀਂ ਮੰਨਦੇ, ਪਾਰਲੀਮੈਂਟ ਵਿਚ ਮਤਾ ਤਕ ਨਹੀਂ ਪਾਸ ਕਰਦੇ ਤੇ ਜ਼ਿਆਦਾ ਜ਼ੋਰ ਦਿਤਾ ਜਾਏ ਤਾਂ ਕਹਿ ਦੇਂਦੇ ਹਨ, "ਡਾ. ਮਨਮੋਹਨ ਸਿੰਘ ਨੇ 'ਸੌਰੀ' ਕਹਿ ਤਾਂ ਦਿਤਾ ਸੀ।"

ਸਿੱਖਾਂ ਦੇ ਲੀਡਰਾਂ ਦਾ ਹਾਲ ਵੀ ਘੱਟ ਮਾੜਾ ਨਹੀਂ। ਕੁਰਸੀ ਲੈਣ ਦੀ ਕਾਹਲ ਵਿਚ, ਸਾਡੇ ਲੀਡਰਾਂ ਨੇ ਆਪ ਫ਼ੌਜੀ ਤਬਾਹੀ ਦੀਆਂ ਨਿਸ਼ਾਨੀਆਂ ਮਿਟਾਈਆਂ ਤੇ ਅਕਾਲ ਤਖ਼ਤ ਦੀ ਇਮਾਰਤ ਕਾਰ-ਸੇਵਾ ਵਾਲਿਆਂ ਕੋਲੋਂ ਨਵੀਂ ਬਣਵਾ ਲਈ। ਦੁਨੀਆਂ ਭਰ ਵਿਚ ਅਜਿਹੇ ਘਲੂਘਾਰਿਆਂ ਦੀਆਂ ਸ਼ਾਨਦਾਰ ਯਾਦਗਾਰਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਅੰਦਰ ਜਾ ਕੇ ਦੁਨੀਆਂ ਨੂੰ ਜ਼ੁਲਮ ਦਾ ਸਾਰਾ ਵੇਰਵਾ ਪਤਾ ਲੱਗ ਜਾਂਦਾ ਹੈ। ਸਾਡੇ ਲੀਡਰਾਂ ਕੋਲ ਝੱਟ ਇਕੋ ਹੀ ਇਲਾਜ ਹੁੰਦਾ ਹੈ ਕਿ ਅਸਲ ਨਿਸ਼ਾਨੀਆਂ ਰਹਿਣ ਨਾ ਦਿਉ ਤੇ ਗੋਲਕ ਭਰਨ ਲਈ ਇਕ ਹੋਰ ਗੁਰਦਵਾਰਾ ਜਾਂ ਗੁਰਦਵਾਰੇ ਅੰਦਰ ਗੁਰਦਵਾਰਾ ਬਣਾ ਦਿਉ (ਕਾਰ ਸੇਵਾ ਦੇ ਵਪਾਰ ਰਾਹੀਂ) ਤੇ ਮਾਮਲਾ ਖ਼ਤਮ। ਨਾ ਦੁਨੀਆਂ ਨੂੰ ਪਤਾ ਲੱਗੇ ਕਿ ਸਾਡੇ ਨਾਲ ਕੁੱਝ ਬੁਰਾ ਵੀ ਹੋਇਆ ਸੀ ਤੇ ਨਾ ਪੈਸੇ ਨਾਲ ਗੋਲਕਾਂ ਤੇ ਗੋਗੜਾਂ ਭਰਨ ਦਾ ਕੰਮ ਇਕ ਦਿਨ ਲਈ ਵੀ ਮੱਠਾ ਪਵੇ।

ਪਰ ਜੋ ਵੀ ਹੈ, ਅੰਮ੍ਰਿਤਸਰ ਵਿਚ ਸਾਕਾ ਨੀਲਾ ਤਾਰਾ ਦੀ ਵਹਿਸ਼ੀਆਨਾ ਕਾਰਵਾਈ ਵਲੋਂ ਅੱਖਾਂ ਫੇਰ ਕੇ, ਕਿਸੇ ਹੋਰ ਘਟਨਾ ਜਾਂ ਮੰਦ-ਘਟਨਾ ਨੂੰ ਲੈ ਕੇ ਅਪਣੇ ਆਪ ਨੂੰ 'ਜਬਰ-ਵਿਰੋਧੀ' ਸਾਬਤ ਕਰਨਾ, ਮੇਰੇ ਮਨ ਨੂੰ ਤਾਂ ਰਾਸ ਨਹੀਂ ਆਉਂਦਾ। ਮੈਂ ਤਾਂ ਕਹਾਂਗਾ, ਅੰਮ੍ਰਿਤਸਰ ਵਿਚ ਵਾਪਰੇ ਕਿਸੇ ਹੋਰ ਸਾਕੇ ਬਾਰੇ ਤੁਹਾਡੀ 'ਚਿੰਤਾ' ਦੀ ਗੱਲ ਮਗਰੋਂ ਕਰ ਲਵਾਂਗੇ, 35 ਸਾਲ ਪਹਿਲਾਂ ਵਾਪਰੇ ਭਿਆਨਕ ਸਾਕੇ ਵਿਚ ਲਿਬੜੇ ਅਪਣੇ ਹੱਥ ਤਾਂ ਧੋ ਲਉ। 9 ਸੌ ਚੂਹੇ ਖਾ ਕੇ ਹੱਜ ਜਾਣ ਵਾਲੀਆਂ 'ਸਿਆਸੀ ਬਿੱਲੀਆਂ' ਮੈਨੂੰ ਤਾਂ ਪ੍ਰਭਾਵਤ ਨਹੀਂ ਕਰ ਸਕਦੀਆਂ।

– ਜੋਗਿੰਦਰ ਸਿੰਘ

# ਪੰਜਾਬੀ ਗਾਇਕੀ ਦੇ ਬਾਬਾ ਬੋਹੜ ਲਾਲ ਚੰਦ ਯਮਲਾ ਜੱਟ

ਜੇ ਕਲਾਕਾਰ ਕੋਲ ਕਲਮ ਹੋਵੇ ਜਾਂ ਗੀਤਕਾਰ ਕੋਲ ਆਵਾਜ਼ ਹੋਵੇ ਤਾਂ ਸੋਨੇ 'ਤੇ ਸੁਹਾਗਾ ਹੀ ਸਮਝੋ। ਇਹ ਦੋਵੇਂ ਚੀਜ਼ ਇਕੱਠੀਆਂ ਕਿਸੇ ਵਿਰਲੇ- ਟਾਂਵੇ ਵਿਆਕਤੀ ਦੇ ਹਿੱਸੇ ਹੀ ਆਉਂਦੀਆਂ ਹਨ। ਉਸ ਵਿਅਕਤੀ ਨੂੰ ਕਿਸੇ ਦੂਜੇ ਸਹਾਰੇ ਦੀ ਲੋੜ ਨਹੀਂ ਪੈਂਦੀ। ਦੋਵੇਂ ਗੁਣਾਂ ਦਾ ਮਾਲਕ ਸਫ਼ਲਤਾ ਛੇਤੀ ਹਾਸਲ ਕਰਦਾ ਹੈ।

ਮੈਂ ਉਸ ਸ਼ਖ਼ਸ ਦੀ ਗੱਲ ਕਰਨ ਲੱਗਿਆ ਹਾਂ, ਜਿਸ 'ਚ ਉਕਤ ਦੋਵੇਂ ਖ਼ੂਬੀਆਂ ਸਨ। ਇਨ੍ਹਾਂ ਗੁਣਾਂ ਦੇ ਸਿਰ 'ਤੇ ਹੀ ਉਨ੍ਹਾਂ ਨੇ ਆਲਮੀ ਪੱਧਰ 'ਤੇ ਪ੍ਰਸਿੱਧੀ ਖੱਟੀ ਤੇ ਅੱਜ ਵੀ ਉਨ੍ਹਾਂ ਦਾ ਨਾਂ ਧਰੂ ਤਾਰੇ ਵਾਂਗ ਚਮਕਦਾ ਹੈ। ਉਹ ਹਨ ਕਲਾਕਾਰਾਂ ਦੇ ਬਾਬਾ ਬੋਹੜ ਮਰਹੂਮ ਲਾਲ ਚੰਦ ਯਮਲਾ ਜੱਟ। ਉਨ੍ਹਾਂ ਦਾ ਜਨਮ ਮਾਤਾ ਹਰਨਾਮ ਕੌਰ ਦੀ ਕੁੱਖੋਂ ਪਿਤਾ ਸ੍ਰੀ ਖੇੜਾ ਰਾਮ ਦੇ ਘਰ ਬਾਬਾ ਸ੍ਰੀ ਝੰਡਾ ਰਾਮ ਬਦਵਾਲ ਦੇ ਵਿਹੜੇ 28 ਮਾਰਚ 1906 ਨੂੰ ਪਿੰਡ ਚੱਕ ਨੰ: 384 ਈਸਪੁਰ ਤਹਿਸੀਲ ਟੋਬਾ ਟੇਕ ਸਿੰਘ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ।

ਆਪ ਜੀ ਦੇ ਪਿਤਾ ਰਾਸਧਾਰੀਆ ਦੀ ਮੰਡਲੀ ਨਾਲ ਰਹਿੰਦੇ ਸਨ ਤੇ ਇਨ੍ਹਾਂ ਦੇ ਬਾਬਾ ਜੀ ਵੰਝਲੀ ਦੇ ਬਹੁਤ ਮਾਹਰ ਸਨ। 1919 'ਚ ਛੋਟੀ ਉਮਰੇ ਪਿਤਾ ਦਾ ਸਾਇਆ ਸਿਰੋਂ ਉੱਠ ਜਾਣ ਕਾਰਨ ਕਬੀਲਦਾਰੀ ਦਾ ਬੋਝ ਆਪ ਦੇ ਸਿਰ 'ਤੇ ਆ ਪਿਆ। 1947 'ਚ ਦੇਸ਼ ਦੀ ਵੰਡ ਤੋਂ ਬਾਅਦ ਉਹ ਲੁਧਿਆਣੇ ਆ ਕੇ ਵਸ ਗਏ। ਉਨ੍ਹਾਂ ਨੂੰ ਕਵੀ ਨਰਾਇਣ ਸਿੰਘ ਦਰਦੀ ਦੇ ਘਰ ਮਾਲੀ ਦੀ ਨੌਕਰੀ ਵੀ ਕਰਨੀ ਪਈ ਤੇ ਬਾਜ਼ਾਰ 'ਚ ਖਲੋ ਕੇ ਫੁੱਲਾਂ ਦੇ ਹਾਰ ਵੀ ਵੇਚਣੇ ਪਏ। ਉਨ੍ਹਾਂ ਦੀ ਹਮਸਫ਼ਰ ਬੀਬੀ ਰਾਮਰੱਖੀ ਬਣੀ ਤੇ ਉਨ੍ਹਾਂ ਦੇ ਘਰ ਪੰਜ ਪੁੱਤਰਾਂ ਤੇ ਦੋ ਧੀਆਂ ਨੇ ਜਨਮ ਲਿਆ। ਉਹ ਸਿਰਫ਼ 9 ਕੁ ਸਾਲ ਦੀ ਉਮਰ 'ਚ ਹੀ ਗਾਇਕੀ ਵੱਲ ਖਿੱਚੇ ਗਏ। ਉਨ੍ਹਾਂ ਨੇ 'ਆਸੀ ਜੀ' ਨੂੰ ਉਸਤਾਦ ਧਾਰਿਆ। ਸਾਰੰਗੀ, ਢੋਲਕ ਤੇ ਦੋ ਤਾਰਾ ਵਜਾਉਣ 'ਚ ਮੁਹਾਰਤ ਰੱਖਣ ਵਾਲੇ ਨੇ



ਪਿੱਛੋਂ ਪੱਕੇ ਰਾਗਾਂ ਦੀ ਸਿੱਖਿਆ ਹਾਸਲ ਕਰਨ ਲਈ ਚੌਧਰੀ ਮਜੀਦ ਦਾ ਲੜ ਫੜ ਲਿਆ। ਛੋਟੀ ਉਮਰੇ ਸਿਰਫ਼ 17 ਕੁ ਸਾਲ ਦੀ ਉਮਰ 'ਚ ਹੀ ਉਨ੍ਹਾਂ ਨੇ ਪੰਡਤ ਸਾਹਿਬ ਦਿਆਲ ਤੋਂ ਵੰਝਲੀ, ਅਲਗੋਜ਼ੇ, ਸਾਰੰਗੀ, ਦੋ ਤਾਰਾ ਤੇ ਇਕ ਤਾਰਾ ਵਜਾਉਣੇ ਸਿੱਖੇ। ਢੋਲਕ, ਮਦਰੰਗ ਤੇ ਤੌਂਡਿਆਂ ਦੇ ਵੀ ਮਾਹਰ ਬਣੇ। ਉਨ੍ਹਾਂ ਨੇ ਸਮੇਂ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਤੂੰਬੀ ਦੀ ਕਾਢ ਕੱਢੀ। ਪਹਿਲਾਂ ਤੂੰਬੀ ਪਿੱਤਲ ਦੀ ਕੌਲੀ ਤੋਂ ਬਣਾਈ, ਜੋ ਵੱਡੇ ਤੂੰਬੇ ਦਾ ਹੀ ਰੂਪ ਸੀ। ਫਿਰ ਤੂੰਬੀ ਵਜਾਉਣ 'ਚ ਐਨੀ ਮੁਹਾਰਤ ਹਾਸਲ ਕੀਤੀ ਕਿ ਤੂੰਬੀ ਦੀ ਇਕ ਤਾਰ ਉੱਤੇ ਸੱਤੇ ਸੁਰਾਂ ਜਗਾ ਦਿੰਦੇ ਸਨ। ਉਨ੍ਹਾਂ ਨੇ 1950 'ਚ ਪਹਿਲੀ ਵਾਰ ਗੀਤ ਰਿਕਾਰਡ ਕਰਵਾਏ। ਉਨ੍ਹਾਂ ਨੇ ਬੀਬੀ ਮਹਿੰਦਰਜੀਤ ਕੌਰ ਸੇਖੋਂ ਨਾਲ ਦੋਗਾਣੇ ਵੀ ਗਾਏ। ਉਹ ਕੈਨੇਡਾ, ਇੰਗਲੈਂਡ ਵੀ ਜਾ ਆਏ। ਉਨ੍ਹਾਂ ਨੂੰ ਸੰਗੀਤ ਨਾਟਕ ਅਕਾਦਮੀ ਵੱਲੋਂ 1989 'ਚ ਕੌਮੀ ਪੁਰਸਕਾਰ ਨਾਲ ਨਿਵਾਜ਼ਿਆ ਗਿਆ। ਡਾ. ਰਜਿੰਦਰ ਪ੍ਰਸਾਦ, ਗਿਆਨੀ ਜ਼ੈਲ ਸਿੰਘ, ਪੰਡਤ ਜਵਾਹਰ ਲਾਲ ਨਹਿਰੂ ਤੇ ਵੈਂਕਟਾਰਮਨ ਵਰਗੀਆਂ ਅਨੇਕਾਂ ਵੱਡੀਆਂ ਹਸਤੀਆਂ ਹੱਥੋਂ ਪ੍ਰਸ਼ੰਸਾ ਪੱਤਰ ਹਾਸਲ ਕੀਤੇ। ਆਪਣੇ ਸਮੇਂ 'ਚ ਉਨ੍ਹਾਂ ਦੀ ਚਾਰੇ ਪਾਸੇ ਧੁੰਮ ਪੈਂਦੀ ਸੀ।

ਉਨ੍ਹਾਂ ਦਾ ਜਿੱਥੇ ਵੀ ਅਖਾੜਾ ਲੱਗਣਾ ਹੁੰਦਾ, ਲੋਕ ਸੁਣਨ ਲਈ ਉਤਾਵਲੇ ਹੁੰਦੇ ਤੇ ਵਹੀਰਾਂ ਘੱਤ ਕੇ ਅਖਾੜਾ ਵੇਖਣ ਲਈ ਪਹੁੰਚਦੇ। ਉਨ੍ਹਾਂ ਦੀ ਮਿੱਠੜੀ ਰਸੀਲੀ ਆਵਾਜ਼ ਕੰਨ 'ਚ ਪੈਂਦੀ ਤਾਂ ਸਰੋਤੇ ਸੁੱਸਰੀ ਵਾਂਗ ਸੌਂ ਜਾਂਦੇ। ਉਨ੍ਹਾਂ ਦੇ ਬਹੁਤ ਸਾਰੇ ਗੀਤ ਮਕਬੂਲ ਹੋਏ, ਜੋ ਸਦੀਵੀ ਰੂਪ ਧਾਰ ਗਏ ਜਿਵੇਂ 'ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ', 'ਸਤਿਗੁਰੂ ਨਾਨਕ ਤੇਰੀ ਲੀਲਾ ਨਿਆਰੀ ਐਂ', 'ਜੱਗ ਦਿਆ ਚਾਨਣਾ ਮੁੱਖ ਨਾ ਲੁਕਾ ਵੇ', 'ਨਾਮ ਸਾਂਈ ਦਾ ਬੋਲ', 'ਜਗਤੇ ਨੂੰ ਛੱਡ ਕੇ', 'ਚਿੱਟਾ ਹੋ ਗਿਆ ਲਹੂ ਭਰਾਵੋ', 'ਆਰ ਟਾਂਗਾਂ-ਪਾਰ ਟਾਂਗਾਂ', 'ਰਾਣੀ ਇੱਛਰਾਂ' ਆਦਿ। ਮਾਂ- ਬੋਲੀ ਦਾ ਹੀਰਾ ਗਾਇਕ ਲਾਲ ਚੰਦ ਯਮਲਾ ਜੱਟ 20 ਦਸੰਬਰ 1991 ਨੂੰ ਰੱਬ ਨੂੰ ਪਿਆਰਾ ਹੋ ਗਿਆ। ਭਾਵੇ ਇਹ ਯੁੱਗ ਗਾਇਕ ਅੱਜ ਸਾਡੇ ਵਿਚਕਾਰ ਤਾਂ ਨਹੀਂ ਰਿਹਾ ਪਰ ਇਨ੍ਹਾਂ ਦੀ ਪਿਆਰੀ ਵਜ਼ਨਦਾਰ ਲਿਖਤ (ਗੀਤਕਾਰੀ ) ਤੇ ਮਿੱਠੜੀ ਆਵਾਜ਼ 'ਚ ਰਿਕਾਰਡ ਕਰਵਾਏ ਗੀਤ ਹਮੇਸ਼ਾਂ ਉਨ੍ਹਾਂ ਨੂੰ ਅਮਰ ਰੱਖਣਗੇ। ਉਨ੍ਹਾਂ ਦੀ ਜ਼ਿੰਦਗੀ ਤੇ ਗਾਇਕੀ ਤੋਂ ਅਜੋਕੇ ਗਾਇਕਾਂ ਤੇ ਗੀਤਕਾਰਾਂ ਨੂੰ ਵੀ ਸੇਧ ਲੈਣ ਦੀ ਲੋੜ ਹੈ।

– ਦਰਸ਼ਨ ਸਿੰਘ ਪ੍ਰੀਤੀਮਾਨ

# ਧਰਮਾਂ ਦੇ ਇਤਿਹਾਸ ਦਾ ਕ੍ਰਾਂਤੀਕਾਰੀ ਪੰਨਾ 'ਖਾਲਸਾ ਸਾਜਨਾ ਦਿਹਾੜਾ'





**ਵਿਸਾਖੀ 'ਤੇ ਵਿਸ਼ੇਸ਼**

ਸਾਹਿਬੇ-ਕਮਾਲ, ਸਰਬੰਸਦਾਨੀ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਵੈਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਖਾਲਸਾ ਪੰਥ ਦੀ ਸਾਜਨਾ ਕੀਤੀ। ਖਾਲਸਾ ਸਾਜਨਾ ਦਾ ਮੰਤਵ ਬੜਾ ਸਪੱਸ਼ਟ ਅਤੇ ਪਵਿੱਤਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂ ਸਾਹਿਬਾਨ ਦਾ ਆਦਰਸ਼ ਮਨੁੱਖਤਾ ਨੂੰ ਧਾਰਮਿਕ, ਸਮਾਜਿਕ ਤੇ ਰਾਜਨੀਤਕ ਬੰਧਨਾਂ ਤੋਂ ਮੁਕਤ ਕਰਵਾ ਕੇ ਆਜ਼ਾਦ ਕੌਮ ਦੇ ਰੂਪ ਵਿਚ ਪੇਸ਼ ਕਰਨਾ ਸੀ। ਗੁਰੂ ਸਾਹਿਬਾਨ ਜੀ ਨੇ ਇਸੇ ਦਿਸ਼ਾ ਵਿਚ ਕਾਰਜ ਕੀਤਾ ਅਤੇ ਮਿਥੇ ਟੀਚੇ ਦੀ ਪ੍ਰਾਪਤੀ ਲਈ ਯਤਨ ਕੀਤੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਕਲਪ ਦੀ ਸੇਧ ਵਿਚ ਦਸਵੇਂ ਪਾਤਸ਼ਾਹ ਜੀ ਨੇ ਖਾਲਸਾ ਸਾਜਨਾ ਨਾਲ ਲਿਤਾੜੇ ਤੇ ਨਿਮਾਣੇ ਲੋਕਾਂ ਵਿਚ ਅਜਿਹੀ ਸ਼ਕਤੀ ਦਾ ਸੰਚਾਰ ਕੀਤਾ ਕਿ ਉਹ ਗਿੱਦੜਾਂ ਤੋਂ ਸ਼ੇਰ ਬਣ ਸਵਾ-ਸਵਾ ਲੱਖ ਅਤਿਆਚਾਰੀਆਂ ਨਾਲ ਟੱਕਰ ਲੈਣ ਦੇ ਸਮਰੱਥ ਹੋ ਗਏ। ਉਨ੍ਹਾਂ ਨੇ ਏਕਤਾ, ਸਮਾਨਤਾ ਤੇ ਨਿਆਂ ਦਾ ਝੰਡਾ ਬੁਲੰਦ ਰੱਖਣ ਲਈ ਸਮੇਂ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਲਈ। ਸਿੱਖ ਇਤਿਹਾਸ ਵਿਚ ਅੰਕਿਤ ਸਿੱਖ ਸੂਰਮਗਤੀ ਦੀਆਂ ਅਨੇਕਾਂ ਮਿਸਾਲਾਂ ਇਸ ਗੱਲ ਦੀ ਤਸਦੀਕ ਵਜੋਂ ਹਨ।

'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਅੰਤਰਗਤ ਆਦਰਸ਼ਕ ਭਾਵ ਹਲੇਮੀ ਸਮਾਜ ਦੀ ਸਥਾਪਤੀ ਲਈ ਖਾਲਸਾ ਸਾਜਨਾ ਇੱਕ ਮਹੱਤਵਪੂਰਨ ਘਟਨਾ ਹੈ, ਜਿਸ ਨੇ ਦੁਨੀਆਂ ਦੇ ਧਾਰਮਿਕ ਇਤਿਹਾਸ ਨੂੰ ਕ੍ਰਾਂਤੀਕਾਰੀ ਮੋੜ ਦਿੱਤਾ। ਇਹ ਆਮ ਗੱਲ ਨਹੀਂ, ਸਗੋਂ 'ਪ੍ਰਮਾਤਮ ਕੀ ਮੌਜ' ਦਾ ਅਲੌਕਿਕ ਪ੍ਰਗਟਾ ਸੀ। ਖ਼ਾਲਸਾ ਪੰਥ ਦੀ ਸਿਰਜਣਾ ਕਰਨ ਸਮੇਂ ਦਸਮ ਪਾਤਸ਼ਾਹ ਜੀ ਨੇ ਪੰਜ ਪਿਆਰਿਆਂ ਵਿਚ ਵੱਖ-ਵੱਖ ਥਾਵਾਂ ਤੋਂ ਆਏ ਭਿੰਨ-ਭਿੰਨ ਜਾਤਾਂ ਦੇ ਲੋਕਾਂ ਨੂੰ ਸ਼ਾਮਲ ਕਰਕੇ, ਜਾਤ ਪਾਤ ਤੇ ਭੇਦ ਭਾਵ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ। ਜਾਤ-ਪਾਤ, ਭੇਦ ਭਾਵ ਤੇ ਵਰਣ ਵੰਡ ਉਸ ਸਮੇਂ ਸਮਾਜ ਨੂੰ ਇੱਕ ਭਿਆਨਕ ਬੀਮਾਰੀ ਦੀ ਤਰ੍ਹਾਂ ਚੰਬੜੀ ਹੋਈ ਸੀ। ਇਹ ਮਨੁੱਖੀ ਸਵੈਮਾਣ ਨੂੰ ਭਾਰੀ ਸੱਟ ਮਾਰਦਿਆਂ ਮਨੁੱਖਤਾ ਦਾ ਮੂੰਹ ਚਿੜਾ ਰਹੀ ਸੀ।

'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਸਿਧਾਂਤ ਨੂੰ ਅਮਲ ਵਿਚ ਲਿਆ ਕੇ ਗੁਰੂ ਸਾਹਿਬ ਨੇ ਪੰਜ



ਪਿਆਰਿਆਂ ਨੂੰ ਇੱਕੋ ਹੀ ਬਾਟੇ 'ਚੋਂ ਅੰਮ੍ਰਿਤ ਛਕਾਇਆ ਅਤੇ ਊਚ-ਨੀਚ ਤੇ ਭੇਦ-ਭਾਵ ਨੂੰ ਸਦਾ ਲਈ ਮਿਟਾ ਦਿੱਤਾ। ਗੁਰੂ ਸਾਹਿਬ ਜੀ ਦੀ ਹੋਰ ਵਡਿਆਈ ਵੇਖੋ। ਉਨ੍ਹਾਂ ਨੇ ਅੰਮ੍ਰਿਤ ਛਕਾਉਣ ਮਗਰੋਂ ਪੰਜ ਪਿਆਰਿਆਂ ਨੂੰ ਕਿਹਾ ਕਿ ਹੁਣ ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੋ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਅੰਕਿਤ ਹੈ, 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥' ਇਸ ਤੋਂ ਪਹਿਲਾਂ ਧਰਮ ਇਤਿਹਾਸ ਅੰਦਰ ਅਜਿਹਾ ਕਿਧਰੇ ਵੀ ਸਾਹਮਣੇ ਨਹੀਂ ਸੀ ਕਿ ਕਿਸੇ ਧਰਮ ਆਗੂ ਨੇ ਆਪਣੇ ਅਨੁਯਾਈਆਂ ਨੂੰ ਆਪਣੇ ਤੋਂ ਉੱਪਰ ਰੱਖਿਆ ਹੋਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਕਰਕੇ ਖਾਲਸੇ ਵੀ ਵਡਿਆਈ ਬਖਸ਼ੀ। ਗੁਰੂ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਵੀ ਖਾਲਸੇ ਨੂੰ ਮਹਾਨ ਦੱਸਿਆ ਹੈ। ਦਸਮ ਪਿਤਾ ਜੀ ਖ਼ਾਲਸੇ ਦੀ ਮਹਿਮਾ ਦਾ ਜ਼ਿਕਰ ਕਰਦੇ ਹਨ:

*ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥*
*ਅਘ ਅਉਘ ਟਰੈ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥*
*ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥*
*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੇ ਗਰੀਬ ਕਰੋਰ ਪਰੇ ॥*

ਖਾਲਸਾ ਸਾਜਣਾ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਇਸ ਕਾਰਜ ਦੀ ਸੰਪੂਰਨਤਾ ਲਈ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਰਾਜਸੀ, ਸਮਾਜਿਕ ਤੇ ਧਾਰਮਿਕ ਪੜਚੋਲ ਤੋਂ ਪਿੱਛੋਂ 1699 ਈ. ਦੀ ਵੈਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਡੇ ਇਕੱਠ ਲਈ ਸੰਗਤਾਂ ਨੂੰ ਵਿਸ਼ੇਸ਼ ਸੱਦੇ ਭੇਜੇ। ਗੁਰੂ ਜੀ ਦੇ ਇਸ ਸੱਦੇ 'ਤੇ ਵੱਡੀ ਗਿਣਤੀ ਵਿਚ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਪਹੁੰਚੀਆਂ। ਭਰੇ ਦੀਵਾਨ ਵਿਚ ਗੁਰੂ ਜੀ ਨੇ ਵਾਰੀ ਵਾਰੀ ਪੰਜ ਸੀਸ ਮੰਗੇ, ਜਿਸ 'ਤੇ ਖਰਾ ਉਤਰਦਿਆਂ ਪੰਜ ਮਰਜੀਵੜਿਆਂ ਨੇ ਆਪਣੇ ਸੀਸ ਭੇਟ ਕੀਤੇ। ਦਸਮ ਪਾਤਸ਼ਾਹ ਜੀ ਨੇ ਇਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਨਾਮ ਨਾਲ 'ਸਿੰਘ' ਲਾਇਆ ਅਤੇ ਕਿਹਾ ਕਿ ਅੱਜ ਤੋਂ ਤੁਹਾਡਾ ਨਵਾਂ ਜਨਮ ਹੋਇਆ ਹੈ, ਤੁਹਾਡੀਆਂ ਪਿਛਲੀਆਂ ਜਾਤਾਂ-ਗੋਤਾਂ ਸਭ ਖ਼ਤਮ। ਹੁਣ ਤੁਸੀਂ ਵਾਹਿਗੁਰੂ ਜੀ ਦਾ ਖ਼ਾਲਸਾ ਹੋ। ਇਸ ਤਰ੍ਹਾਂ ਖ਼ਾਲਸਾ ਪੰਥ ਦੀ ਸਿਰਜਣਾ ਆਤਮਿਕ ਏਕਤਾ ਤੇ ਇਕਸੁਰਤਾ ਦੇ ਨਾਲ-ਨਾਲ ਸਮਾਜਿਕ ਬਰਾਬਰੀ ਅਤੇ ਸਦਭਾਵਨਾ ਦੀ ਪ੍ਰਤੀਕ ਮੰਨੀ ਜਾਂਦੀ ਹੈ।

ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਰਹਿਣੀ ਵੀ ਨਿਰਾਲੀ ਬਖਸ਼ਿਸ਼ ਕੀਤੀ ਹੈ, ਜਿਸ ਨੂੰ ਅਪਣਾ ਕੇ ਖ਼ਾਲਸਾ ਪੰਥ ਹਮੇਸ਼ਾ ਆਤਮਕ ਏਕਤਾ ਅਤੇ ਇਕਸੁਰਤਾ, ਸਮਾਜਿਕ ਬਰਾਬਰੀ ਅਤੇ ਸਦਭਾਵਨਾ, ਸਭਿਆਚਾਰਕ ਚੇਤਨਾ ਤੇ ਰਾਜਨੀਤਕ ਜਥੇਬੰਦੀ ਪ੍ਰਤੀ ਸਮਰਪਿਤ ਰਿਹਾ। ਇਸ ਪੈਂਡੇ 'ਤੇ ਚੱਲਦਿਆਂ ਇਸ ਨੂੰ ਸਮੇਂ-ਸਮੇਂ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਚਣੌਤੀਆਂ ਦਾ ਸਾਹਮਣਾ ਵੀ ਕਰਨਾ ਪਿਆ। ਇਨ੍ਹਾਂ ਚਣੌਤੀਆਂ ਵਿਚੋਂ ਖ਼ਾਲਸਾ ਪੰਥ ਹਮੇਸ਼ਾਂ ਉੱਜਲ ਮੁੱਖ ਅਤੇ ਸਵੈਮਾਨ ਨਾਲ ਨਿਕਲਿਆ ਅਤੇ ਲਗਾਤਾਰ ਨਿਆਰੀ ਚਾਲੇ ਤੁਰਦਾ ਜਾ ਰਿਹਾ ਹੈ।

ਖ਼ਾਲਸਾ-ਪੰਥ ਦਾ ਸਾਜਨਾ ਦਿਹਾੜਾ ਮਨਾਉਂਦਿਆਂ ਖ਼ਾਲਸੇ ਦੇ ਬੋਲਬਾਲੇ ਅਤੇ ਸਰਬੱਤ ਦੇ ਭਲੇ ਦੀ ਸੋਚ ਦੇ ਪਾਸਾਰ ਵਾਸਤੇ ਗੁਰੂ ਆਸ਼ੇ ਅਨੁਕੂਲ ਗੁਰਮਤਿ ਫਲਸਫੇ ਦੀ ਰੌਸ਼ਨੀ ਵਿਚ ਆਦਰਸ਼ਕ ਜੀਵਨ ਜਾਚ ਅਪਨਾਉਣ ਦੀ ਅੱਜ ਵੱਡੀ ਲੋੜ ਹੈ। ਨੈਤਿਕ ਗੁਣਾ ਦੇ ਧਾਰਨੀ ਹੋ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਗੁਰੂ ਪਾਤਸ਼ਾਹ ਦੁਆਰਾ ਬਖਸ਼ਿਸ਼ ਕੀਤੀ ਜੀਵਨ-ਜਾਂਚ ਨੂੰ ਆਪਣੀ ਜ਼ਿੰਦਗੀ ਦਾ ਅਨਿੱਖੜ ਹਿੱਸਾ ਬਣਾ ਆਪਣਾ ਜੀਵਨ ਬਤੀਤ ਕਰੀਏ, ਸਾਡੀ ਇਹ ਪਹਿਲ ਬਣਨੀ ਚਾਹੀਦੀ ਹੈ। ਇਸ ਮੁਬਾਰਕ ਅਵਸਰ 'ਤੇ ਮੈਂ ਪ੍ਰਤੀਨਿਧ ਸਿੱਖ ਸੰਸਥਾ ਦੀ ਇਕ ਨਿਮਾਣੀ ਸੇਵਾਦਾਰ ਦੇ ਰੂਪ ਵਿਚ ਸੰਸਾਰ 'ਚ ਪਸਰੇ ਖਾਲਸਾ ਪੰਥ ਅਤੇ ਸੰਸਾਰ ਦੀਆਂ ਸਰਬੱਤ ਸੰਗਤਾਂ ਨੂੰ ਲੱਖ-ਲੱਖ ਵਧਾਈ ਦਿੰਦੀ ਹੋਈ ਸਿੱਖ ਸੰਗਤਾਂ ਨੂੰ ਅਪੀਲ ਕਰਦੀ ਹਾਂ ਕਿ ਆਓ! 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਸੰਦੇਸ਼ ਨੂੰ ਹਿਰਦੇ ਵਿਚ ਵਸਾ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਖਸ਼ਿਸ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰੀਏ ਅਤੇ ਬਾਣੀ-ਬਾਣੇ ਵਿਚ ਪਰਪੱਕ ਹੋ ਕੇ ਗੁਰੂ ਸਾਹਿਬ ਜੀ ਦੇ ਲਾਡਲੇ ਪੁੱਤਰ ਹੋਣ ਦਾ ਮਾਣ ਹਾਸਲ ਕਰੀਏ।

ਬੀਬੀ ਜਗੀਰ ਕੌਰ

## ਮਾਂ-ਦੀ ਬੋਲੀ

ਨਾਰੀ ਹੈ ਸ਼ਕਤੀ ਦਾ ਸੋਮਾ,
ਅਣਖ ਦੀ ਪਹਿਰੇਦਾਰ ਵੀ ਹੈ।
ਨਾਰੀ ਦੀ ਹਰ ਇੱਕ ਅਦਾ ਹੀ
ਪਰਬਤ ਵਿੱਚ ਬਹਾਰ ਵੀ ਹੈ।
ਨਾਰੀ ਗਹਿਣਾ ਕੋਮਲ ਤਾ ਦਾ
ਜੀਵਨ ਹਾਰ ਸ਼ਿੰਗਾਰ ਵੀ ਹੈ।
ਨਾਰੀ ਨਾਲ ਹੀ ਖੁਸ਼ੀਆ ਖੇੜੇ
ਘਰ ਵਿੱਚ ਬਰਕਤ ਭਾਰੀ ਰਵੇ।
ਭੈਣ ਨਾਨਕੀ ਬਣ ਕੇ ਚਾਹੁੰਦੀ
ਜਾਨ ਤੋਂ ਵੱਧ ਕੇ ਵੀਰੇ ਨੂੰ।
ਸਵਿਤਰੀ ਦੇ ਰੂਪ ਚ ਨਾਰੀ
ਸਾਂਭੇ ਸਿਰ ਦੇ ਚਿਰੇ ਨੂੰ।
ਮਾਤਾ ਗੁਜਰੀ ਬਣ ਕੇ ਜਨਮੇ
ਦਸਮੇਸ਼ ਪਿਤਾ ਜਹੇ ਹੀਰੇ ਨੂੰ।
ਮਾਈ ਭਾਗੋ ਬਣ ਕੇ ਮਰਦਾਂ ਵਿੱਚ
ਸੁੱਤੀ ਅਣਖ ਜਗਾ ਦੇਵੇ।
ਝਾਂਸੀ ਦੀ ਰਾਣੀ ਬਣ ਕੇ ਉਹ
ਦੁਸ਼ਮਣ ਨੂੰ ਕੰਬਣੀ ਲਾ ਦੇਵੇ।
ਸਾਰੇ ਇਸ ਗੱਲ ਨੂੰ ਮੰਨਦੇ ਨੇ
ਜਗ ਦੀ ਸਿਰਜਣ ਹਾਰ ਹੈ ਇਹ
ਬੱਚਿਆਂ ਲਈ ਤਾ ਰੂਪ ਰੱਬ ਦਾ
ਉਹਨਾਂ ਦੀ ਪਾਲਣ ਹਾਰ ਹੈ ਇਹ
ਮਾਂ ਦੇ ਰੂਪ ਦ ਤਿਆਗ ਦੀ
ਮੂਰਤ ਮਮਤਾ ਦਾ ਭੰਡਾਰ ਹੈ ਇਹ
ਮਾਂ ਦੀ ਦੁਆ ਦੇ ਸਦਕਾ ਬੰਦਾ
ਹਰ ਮੰਜਿਲ ਨੂੰ ਪਾ ਸਕਦਾ ਏ
ਮਿਲੇ ਅਸੀਸ ਜੇ ਇਸ ਦੀ ਤਾਂਉਹ
ਪਰਬਤ ਸੰਗ ਟਕਰਾਅ ਸਕਦਾ ਏ
ਅੱਜ ਦੀ ਨਾਰੀ ਚਾਹੁੰਦੀ ਹੈ ਬੱਸ
ਇੱਕ ਜੈਸ ਅਧਿਕਾਰ ਮਿਲੇ।
ਉਹ ਸਤਿਕਾਰ ਕਰੇ ਜਿਸ ਦਾ ਵੀ
ਬਦਲੇ ਵਿੱਚ ਸਤਿਕਾਰ ਮਿਲੇ।
ਮਰਦ ਬਣੇ ਦੁੱਖ ਸੁੱਖ ਦਾ ਸਾਥੀ
ਏਦਾਂ ਦਾ ਘਰ ਬਾਰ ਮਿਲੇ।
ਪਰਿਵਾਰ ਗੁਲਾਬ ਚ ਉਸ ਨੂੰ
ਰੰਗਾ ਭਰੀ ਬਹਾਰ ਮਿਲੇ।
ਸ਼ਕਤੀ ਸਾਲੀ ਨਾਰੀ, ਸ਼ਕਤੀ ਸਾਲੀ ਸਮਾਜ।


ਦਵਿੰਦਰ ਕੋਰ ਸੁਕਾਰੀਆ

## ਜਵਾਨੀ

ਤੋਂ।।
ਸੂਏ(ਟੀਕੇ) ਦੇ ਲਵਾਉਣੇ ਪੈ ਗੇ,ਪਿੰਡ ਦੇ
ਡਾਕਟਰ ਤੋਂ।।

ਪਿਛਲੀ ਉਮਰੇ ਬੀ ਪੀ,,ਆਉਂਦਾ ਨਹੀਂ ਟਿਕਾਣੇ
ਜੀ।।
ਕਈ ਵਾਰੀ ਤਾਂ ਵਰਤ ਜਾਣ,ਸਤਿਗੁਰ ਦੇ ਭਾਣੇ
ਜੀ।।

ਫਾਸਟ ਫੂਡ ਤੇ ਲੱਗ ਗਈ,,ਭੁੱਲ ਗਈ ਮਾਂ
ਖੁਰਾਕਾਂ ਨੂੰ।।
ਛਾਤੀਆਂ ਦੀ ਥਾਂ ਨਿੱਪਲਾਂ,,ਲਾਉਂਦੀ ਫਿਰੇ
ਜਵਾਕਾਂ ਨੂੰ।।

ਬੁਢੇਕੋਟੀਆ ਦੱਸ ਦੇ,,ਕੀਹਨੇ ਕਰੀ ਸ਼ੈਤਾਨੀ
ਓਇ।।
ਸੜਕਾਂ ਉੱਤੇ ਜਗ ਜਗ ,,ਬੁੱਝਦੀ ਫਿਰੇ ਜਵਾਨੀ
ਓਇ।।

ਸੜਕਾਂ ਉਤੇ ਜਗ ਜਗ ,,ਬੁੱਝਦੀ ਫਿਰ ਜਵਾਨੀ
ਓਇ।।

ਗੁਰਨਾਮ ਤੱਖਰ

## ਸੌੜੀ ਸੋਚ ਟਰੰਪ ਦੀ

ਜੋ ਸੀ ਸੋਚਿਆ ਟਰੰਪ ਨੇ, ਉਲਟ ਹੋਇਆ,
ਗਿੱਦੜ ਭਬਕੀਆਂ ਰਿਹਾ ਸੀ ਮਾਰ ਮੀਆਂ।

ਨਾਟੋ ਬਣਾਈ ਜਿਹੜੀ, ਉਹ ਫੇਲ ਹੋ ਗਈ,
ਲੈਂਦਾ ਕੋਈ ਨਹੀਂ ਉਸ ਦੀ ਸਾਰ ਮੀਆਂ।

ਤੇਲ, ਗੈਸ ਇਰਾਨ ਨੇ ਬੰਦ ਕਰ 'ਤੇ ,
ਬੇੜੇ ਰੋਕ ਲਏ ਅੱਧ ਵਿਚਕਾਰ ਮੀਆਂ।

ਭੁਲੇਖੇ ਭੂਰੇ ਦੇ , ਰਿੱਛ ਨੂੰ ਹੱਥ ਪਾਇਆ,
ਕੋਈ ਸੁਣੇ ਨਾ ਟਰੰਪ ਦੀ ਪੁਕਾਰ ਮੀਆਂ।

ਆਤਮ ਨਿਰਭਰ ਕਹਿੰਦਾ ਮੈ ਦੇਸ਼ ਕਰਨਾ,
ਟੈਕਸ ਲਾਉਂਦਾ ਸੀ ਬਿਨਾਂ ਵਿਚਾਰ ਮੀਆਂ।

ਆਰਥਿਕਤਾ ਅਮਰੀਕਾ ਦੀ ਕਮਜੋਰ ਹੋਈ,
ਚੜ੍ਹ ਗਿਆ ਕਰਜੇ ਦਾ ਹੋਰ ਭਾਰ ਮੀਆਂ।

ਬੇਰੁਜਗਾਰੀ , ਮਹਿੰਗਾਈ ਵੱਧ ਚੱਲੀ ,
ਮੱਚੀ ਹਰ ਪਾਸੇ ਹਾ-ਹਾ-ਕਾਰ ਮੀਆਂ।

ਕੋਈ ਕਰਾਓ ਸਮਝੌਤਾ, ਰੁਕੇ ਜੰਗ ਇਹ,
ਕਿਤੇ ਲੱਗ ਨਾ ਜਾਏ ਵਰਡ ਵਾਰ ਮੀਆਂ।

'ਹਰਪ੍ਰੀਤ ਪੱਤੋ' ਹੈ ਇਹ ਅਰਦਾਸ ਕਰਦਾ,
ਸਿਮਟੇ ਛੇਤੀ, ਪਿਆ ਖਿਲਾਰ ਮੀਆਂ।


ਹਰਪ੍ਰੀਤ ਪੱਤੋ

## ਪਰਦੇਸੀ ਪੁੱਤਾਂ ਦਾ ਗੀਤ

ਤੁਰੇ ਸੀ ਨਿਮਾਣਾਂ ਤੋਂ , ਟੀਸੀਆਂ ਤੇ ਪੁੱਜੇ
ਆਂ
ਖੰਭ ਲਾ ਕੇ ਮਿਹਨਤਾਂ ਦੇ,ਅੰਬਰਾਂ ਤੇ ਉੱਡੇ
ਆਂ
ਕੰਡਿਆਂ ਨੂੰ ਮਿੱਧ ਅਸੀ, ਫੁੱਲਾਂ ਵਾਂਗੂ ਹੱਸੇ
ਆਂ
ਤੁਰੇ ਸੀ ਪੰਜਾਬ ਤੋਂ , ਕਨੇਡਾ ਆ ਕੇ ਵਸੇ ਆਂ
ਛੱਡ ਕੇ ਪੰਜਾਬ ਨੂੰ, ਬਦੇਸਾਂ ਵਿੱਚ ਵੱਸੇ ਆਂ
ਭੁੱਲਣਾ ਨੀ ਚੇਤਾ ਕਦੇ, ਸਾਹਾਂ ਚ ਧਰੇਈ ਦਾ
ਆਉਣ ਵੇਲੇ ਕੰਧ ਉੱਤੋਂ, ਪੱਥਾਂ ਭਾਰ ਹੋਈ
ਦਾ
ਭੁੱਲਣੇ ਨੀ ਸੌਖੇ ਉਹਦੇ ,ਹੱਡਾਂ ਵਿੱਚ ਰਚੇ ਆਂ
ਉੱਜੜੇ ਪੰਜਾਬ ਚੋਂ, ਕਨੇਡਾ ਵਿੱਚ ਵੱਸੇ ਆਂ
ਕੋਈ ਕਹਿੰਦਾ ਕਾਟੋ ਸਾਡੀ, ਫੁੱਲਾਂ ਉੱਤੇ
ਖੇਲਦੀ
ਆਖਦੇ ਕਨੇਡਾ ਕਈ , ਨਿਰੀ ਮਿੱਠੀ ਜੇਹਲ
ਜੀ
ਕੋਈ ਕਹਿੰਦਾ ਡਾਲਰਾਂ ਦੇ,ਜਾਲ ਵਿੱਚ ਫਸੇ
ਆਂ
ਪੁੱਤ ਹਾਂ ਪੰਜਾਬ ਦੇ , ਕਨੇਡਾ ਆ ਕੇ ਵਸੇ
ਆਂ
ਬਾਪੂ ਕਹਿੰਦਾ ਪੁੱਤਾ ਆ ਕੇ,ਪਿੰਡ ਗੇੜਾ
ਮਾਰਜਾ
ਕੰਧ ਜਿੰਡੀ ਭੈਣ ਹੋਗੀ,ਇਹਨੂੰ ਡੋਲੀ
ਚਾੜ੍ਹਜਾ
ਪੁੱਤ ਪਰਦੇਸੀ ਹੋਇਆ, ਮਾਂ ਪਿੰਡ ਵੱਸਦੀ
ਸਾਹ ਇੱਥੇ ਆਉਂਦੇ ਪਰ, ਜਾਨ ਪਿੰਡ ਵੱਸਦੀ
ਸਹੇਤਿਆ ਵਿਛੋੜਿਆਂ ਦੀ ਅੱਗ ਵਿੱਚ ਮਚੇ
ਆਂ
ਪੁੱਤ ਪਰਦੇਸੀ ਅਸੀਂ,ਦੋਹੀਂ ਪਾਸੇ ਫਸੇ ਆਂ
ਇੱਥੇ ਕਦੇ ਉੱਥੇ, ਅਸੀਂ ਟੁੱਟੇ ਹੋਏ ਪੱਤੇ ਆਂ
ਹੋਣਗੇ ਉਹ ਪਾਕ ਦਿਲ,ਅਸੀਂ ਵੀ ਤਾਂ ਸੱਚੇ
ਆਂ
ਪੁੱਤ ਪਰਦੇਸੀ ਅਸੀਂ, ਦੋਹੀਂ ਪਾਸੇ ਫਸੇ ਆਂ


ਕੁਲਵੀਰ ਸਿੰਘ ਡਾਨਸੀਵਾਲ

## ਤੱਤ

ਅਦਾਲਤੋਂ ਬਾਹਰ
ਜੇ ਕੁਝ ਹੱਲ ਨਿਕਲਦਾ
ਤਾਂ ਕੱਢ ਲੈਣਾ ਸਾਥੀਓ,
ਸਮਾਂ, ਪੈਸਾ ਗੁਆ ਕੇ
ਪਤਾ ਨਹੀ ਕੁਝ ਪੱਲੇ ਪੈਣਾ
ਕਿ ਨਹੀਂ ਪੈਣਾ ਸਾਥੀਓ!

ਕੁਝ ਲੋਕ ਲੁੱਟ ਲੈਂਦੇ
ਸੁਥਰੇ ਕੱਪੜੇ ਪਾ ਕੇ,
ਕਈ ਨੰਗ ਹੋ ਕੇ ਰਹਿ ਜਾਂਦੇ
ਫਿਰ ਥੱਕ ਹਾਰ ਕੇ ਬਹਿ ਜਾਂਦੇ,
ਸਭ ਕੁਝ ਲੁੱਟ ਜਾਂਦਾ
ਕੋਲ ਬਚੇ ਨਾ, ਗਹਿਣਾ ਸਾਥੀਓ !

ਇੱਥੇ ਵਰ੍ਹੇ ਬੀਤ ਜਾਂਦੇ
ਕੋਈ ਲੈਂਦਾ ਨਾ ਸਾਰ ਕਿਸੇ ਦੀ,
ਅੰਤ ਸਿਵੇ ਵੀ ਬੁਲਾ ਲੈਂਦੇ
ਸਾਰੇ ਬੰਦੇ ਨੂੰ ਭੁਲਾ ਦਿੰਦੇ,
ਸਭ ਕੁਝ ਹੱਸ ਕੇ
ਤੁਸੀਂ ਹੀ ਸਹਿਣਾ ਸਾਥੀਓ !

ਸਿਆਣਿਆਂ ਦੇ ਤੱਤ ਕੱਢੇ
ਜਿੰਦਗੀ ਦਾ ਨਿਚੋੜ
ਤੇ ਸੌ ਆਨੇ ਸੱਚ ਹਨ,
ਕਹਿ ਗਏ
ਥਾਣੇ, ਕਚਿਹਰੀਆਂ ਤੋਂ
ਕੋਹਾਂ ਦੂਰ ਰਹਿਣਾ ਸਾਥੀਓ ।

ਬਿੱਲੀਆਂ ਦੀ ਲੜਾਈ 'ਚ
ਬਾਂਦਰ ਫਾਇਦਾ ਚੁੱਕਦੇ,
ਸਬਰ ਦਾ ਕੌੜਾ ਘੁੱਟ ਭਰ
ਥੋੜਾ ਜਿਹਾ ਘਾਟਾ ਜਰ ਲੈਣਾ,
ਜੇ ਵੱਸ ਪੈ ਗਏ ਕਾਲੇ ਕੋਟਾਂ ਦੇ
ਕਰਜਾ ਵੀ ਲੈਣਾ, ਪੈਣਾ ਸਾਥੀਓ!


ਸੁਖਵਿੰਦਰ ਮਾਨ

## ਪੁੱਠੇ ਕੰਮ

ਪਹਿਲਾਂ ਨਾਲੋਂ ਸਾਰੇ ਕੰਮ ਉਲਟ ਹੋ
ਗਏ
ਹੁਣ ਪੁੱਠੇ ਕੰਮ ਕਰ ਕਰ ਵਿਖਾਉਣ
ਲੱਕੀ!
ਪਹਿਲਾਂ ਦੂੰਲੀ ਤੇ ਪਏ ਗੰਦ ਨੂੰ ਬੁਰਾ
ਮੰਨਦੇ ਸੀ
ਹੁਣ ਸੀਵਰੇਜ ਦਾ ਗਟਰ ਦੂੰਲੀ ਚ
ਬਣਾਉਣ ਲੱਕੀ!
ਪਹਿਲਾਂ ਪਰਦੇ ਨਾਲ ਘਰਾਂ ਚ ਰੋਟੀ ਖਾਣ
ਸਾਰੇ
ਹੁਣ ਦਾਬਿਆਂ ਤੋਂ ਖਿੱਚ ਖਿੱਚ ਫ਼ੋਟੋਆਂ
ਪਾਉਣ ਲੱਕੀ!
ਪਹਿਲਾਂ ਮਾਮੇ ਮਾਸੜ ਸੀ ਵਿਆਹ ਵਿੱਚ
ਪ੍ਰਧਾਨ ਹੁੰਦੇ
ਹੁਣ ਯਾਰਾਂ ਦੋਸਤਾਂ ਨਾਲ ਸ਼ਾਨ ਵਧਾਉਣ
ਲੱਕੀ!
ਪਹਿਲਾਂ ਖੂਹਾਂ ਚੋਂ ਡੋਲਾਂ ਨਾਲ ਖਿੱਚ ਖਿੱਚ
ਪੀਣ ਪਾਣੀ
ਹੁਣ ਚਾਰ੍ਹ ਕੋਠਿਆਂ ਤੇ ਟੂੱਟੀਆਂ
ਚਲਾਉਣ ਲੱਕੀ!
ਦੁੱਧ ਦੇਣ ਵਾਲੇ ਪਸ਼ੂਆਂ ਨੂੰ ਘਰੋਂ
ਕੱਢੀ ਜਾਂਦੇ
ਹੁਣ ਕੁੱਤੇ, ਬਿੱਲਿਆਂ ਨਾਲ ਪਿਆਰ
ਜਿਤਾਉਣ ਲੱਕੀ!
ਮੁੱਲਾਂਪੁਰ ਪਹਿਲਾਂ ਵਿਆਹ ਮੁਕਲਾਵੇ
ਅਲੱਗ ਹੁੰਦੇ
ਹੁਣ ਇਕ ਦਿਨ ਵਿੱਚ ਕੰਮ ਮਕਾਉਣ
ਲੱਕੀ!

ਸੁਖਵਿੰਦਰ ਸਿੰਘ ਮੁੱਲਾਂਪੁਰ

## ਕਦੇ-ਕਦੇ

ਕਦੇ-ਕਦੇ
ਮਨ ਦੇ ਚੰਦ ਕੁ
ਅਨੁਭਵਾਂ ਅਹਿਸਾਸਾਂ
ਖਿਆਲਾਂ ਤੇ ਵਲਵਲਿਆਂ ਨੂੰ
ਕਾਗਜ ਦੇ ਕੈਨਵਸ ਤੇ ਉਤਾਰ ਲੈਂਦਾ ਹਾਂ।

ਕਦ-ਕਦੇ
ਇਸ ਜੀਵਨ ਦੇ
ਪਲ-ਪਲ ਬਦਲਦੇ ਰੰਗਾਂ ਨੂੰ
ਲਫਜਾਂ ਸਬਦਾਂ ਤੇ ਬੋਲਾਂ ਦੇ ਬਸਤਰ ਪਾਅ
ਅੰਬਰੀ ਸੱਤ-ਰੰਗੀ ਪਰਵਾਜ ਭਰ ਲੈਂਦਾ ਹਾਂ।

ਕਦੇ-ਕਦੇ
ਇਸ ਟੇਢੀ-ਮੇਢੀ
ਜਿੰਦਗੀ ਦੀਆਂ ਝੀਥਾਂ
ਵਿੱਚੋਂ ਲੰਘ ਰਹੀ ਰੌਸਨੀ ਨੂੰ ਦੇਖ ਕੇ
ਆਸ ਦੇ ਸੂਰਜ ਤੇ ਯਕੀਨ ਕਰ ਬਹਿੰਦਾ ਹਾਂ।

ਕਦੇ-ਕਦੇ
ਆਪਣੇ ਪਾਰਸ-ਪਿਆਰਿਆਂ
ਦੇ ਮਨਾਂ ਵਿਚਲੀ ਮੁਹੱਬਤ ਦੀਆਂ
ਮਹਿਕਾਂ ਦੇ ਜਖੀਰੇ ਨੂੰ ਮਾਣਦਿਆਂ
ਰਮਣੀਕ ਤੇ ਸੰਦਲੀ ਪੌਣਾਂ ਨੂੰ ਸਲਾਮ ਕਰ
ਲੈਂਦਾ ਹਾਂ।

ਕਦੇ ਕਦੇ
ਗੀਤ ਕਵਿਤਾ ਗਜਲ ਨਜਮ
ਕਹਾਣੀ ਨਾਵਲ ਨਾਟਕ ਵਗੈਰਾ
ਦੇ ਅਸੂਲਾਂ ਤੇ ਸੀਮਾਵਾਂ ਤੋਂ ਅਣਜਾਣ
ਰੂਹ ਦੇ ਅਨੁਭਵਾਂ ਨੂੰ ਸਬਦਾਂ 'ਚ ਉਤਾਰ ਲੈਂਦਾ
ਹਾਂ।

ਕੋਮਲ ਜਿਹੇ
ਮਨ ਦੇ ਹੁੰਦੇ ਨੇ ਅਦੀਬ ਮੈਂ ਤਾਂ ਸੁਣਿਆ ਹੈ
ਜੋ ਸਬਦਾਂ ਵਿੱਚ ਮਾਣਕ ਪਰੋਂਦੇ ਰਹਿੰਦੇ ਨੇ
ਲੱਭਣ ਨਾ ਮੋਤੀ ਨਾ ਮਾਣਕ ਮੈਂ ਢੂੰਡਦਾ
ਰਹਿਨਾ ਹਾਂ... ਅਕਸਰ
ਕਦੇ ਕਦੇ ਅਹਿਸਾਸਾਂ ਤੇ ਖਿਆਲਾਂ ਨੂੰ ਸਤਰਾਂ
'ਚ ਉਤਾਰ ਲੈਂਦਾ ਹਾਂ।


ਕੁਲਵਿੰਦਰ ਬਾਠ

## ਅੱਜ ਦੇ ਹਾਲਾਤ

ਭਾਈ, ਭਾਈਆਂ ਨਾਲ ਲੜਦੇ ਦੇਖੇ।
ਗੈਰ, ਗੈਰਾਂ ਨਾਲ ਖੜ੍ਹਦੇ ਦੇਖੇ।

ਸਫਲ ਹੋਣ ਦੀ ਤਾਂਘ ਜਿਨ੍ਹਾਂ ਵਿੱਚ,
ਬਿਨ ਪੌੜੀ ਮੰਜ਼ਲਾਂ ਚੜ੍ਹਦੇ ਦੇਖੇ।

ਸ਼ਬਦਾਂ ਦੀ ਬੋਲੀ ਸਮਝਣ ਵਾਲੇ,
ਦਿਨ-ਰਾਤ ਕਿਤਾਬਾਂ ਪੜ੍ਹਦੇ ਦੇਖੇ।

ਕਹਿੰਦੇ ਸੱਚ ਨੂੰ ਆਂਚ ਨੀ ਹੁੰਦੀ,
ਪਰ ਸੱਚੇ ਫਾਂਸੀ ਚੜ੍ਹਦੇ ਦੇਖੇ।

ਰੁੱਤਾਂ ਨੇ ਵੀ ਰੰਗ ਬਦਲ ਲਏ,
ਬਿਨ ਪਤਝੜ ਪੱਤੇ ਝੜਦੇ ਦੇਖੇ।

ਸਰੀਰਾਂ ਅੰਦਰ ਗਰਮੀ ਵਧ ਗਈ,
ਕਈ ਵਿੱਚ ਵਿੱਚੀ ਸੜਦੇ ਦੇਖੇ।

ਅੱਜ ਵੀ ਰਾਵਣ ਬੜੇ ਨੇ ਐਥੇ,
ਦਸ-ਦਸ ਸਿਰ ਇੱਕ ਧੜ ਦੇ ਦੇਖੇ।

ਇੱਕ-ਦੂਜੇ ਤੋਂ ਅੱਗੇ ਲੰਘਣ ਦੀਆਂ,
ਲੋਕ ਸਕੀਮਾਂ ਘੜਦੇ ਦੇਖੇ।


ਸੁਰਜੀਤ ਸਿੰਘ "ਬਲਾੜੀ ਕਲਾਂ"

## ਸ਼ਬਦ ਮੇਰਾ ਹੈ ਧਰਮ ਦੋਸਤੋ

ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ
।
ਸ਼ਬਦੋਂ ਸੱਖਣੇ ਨਿਰਸ਼ਬਦੇ ਨੂੰ, ਕੌਣ ਕਹੇ ਇਨਸਾਨ ਦੋਸਤੋ
।
ਤੇਰਾ ਪੰਥ ਗ੍ਰੰਥ ਗੁਰੂ ਹੈ, ਮੇਰੇ ਇਸ਼ਟ ਸਿਖਾਇਆ ਮੈਨੂੰ ।
ਇਕ ਓਂਕਾਰ ਬਿਨਾ ਸਭ ਮਿਥਿਆ, ਇਕੋ ਸਬਕ
ਪੜ੍ਹਾਇਆ ਮੈਨੂੰ ।
ਨਿਰਭਉ ਤੇ ਨਿਰਵੈਰ ਗੁਰੂ ਦੀ, ਉਂਗਲੀ ਦੇ ਲੜ
ਲਾਇਆ ਮੈਨੂੰ ।
ਹੱਕ ਸੱਚ ਇਨਸਾਫ਼ ਦੀ ਖ਼ਾਤਰ, ਹੋ ਜਾਵਾਂ ਕੁਰਬਾਨ
ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ... ।
ਬਿਨਸੇ ਨਾਹੀਂ ਸਦਾ ਅਜੂਨੀ, ਕਾਲਮੁਕਤ ਹੈ ਮੁਰਸ਼ਦ
ਮੇਰਾ ।
ਅਨਹਦ ਨਾਦ ਵਜਾਵਣਹਾਰੇ, ਲਾਇਆ ਕਣ ਕਣ ਦੇ
ਵਿਚ ਡੇਰਾ ।
ਮਹਿਕ ਮਹਿਕ ਲਟਬੌਰੀ ਛਾਂ ਹੈ, ਜੀਕੂੰ ਚੰਦਨ ਰੁੱਖ ਦਾ
ਘੇਰਾ ।
ਡਰਦਾ ਕਦੇ ਡਰਾਉਂਦਾ ਨਾਹੀਂ, ਦੇਵੇ ਅਕਲਾਂ ਦਾਨ
ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ... ।
ਦਸਮ ਗੁਰੂ ਦੀ ਸਿੱਖਿਆ ਮੈਨੂੰ, ਤੇਰੇ ਲਈ ਪਰਮੇਸ਼ਰ ਪੋਥੀ
।
ਇਸ ਦੇ ਬ੍ਰਹਮ ਵਿਚਾਰ ਸਾਹਮਣੇ, ਸਮਝੀਂ ਤੂੰ ਹਰ ਗੱਲ
ਨੂੰ ਥੋਥੀ ।
ਪੜ੍ਹ ਕੇ ਆਪ ਪੜ੍ਹਾਵੀਂ ਦੂਜੇ, ਹਰ ਮੁਸ਼ਕਿਲ ਦਾ ਹੱਲ ਹੈ
ਪੋਥੀ ।
ਆਪਣਾ ਮੂਲ ਪਛਾਨਣ ਵਾਲਾ ਦੇਵੇ ਅਸਲ ਗਿਆਨ
ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ... ।
ਬਾਬਰ ਨੂੰ ਜਾਬਰ ਇਹ ਕਹਿੰਦਾ, ਰਾਜੇ ਸ਼ੀਂਹ ਮੁਕੱਦਮ
ਕੁੱਤੇ ।
ਸ਼ਰਮ ਸ਼ਰ੍ਹਾ ਨਾ ਪਰਦਾ ਕੋਈ, ਜਾਏ ਜਗਾਇਨ ਬੈਠੇ ਸੁੱਤੇ
।
ਛਲ ਤੇ ਕਪਟ ਵਿਕਾਰ ਮੁਕਤ ਹੈ, ਦੱਸੋ ਕਿਹੜਾ ਇਸ ਤੋਂ
ਉੱਤੇ ।
ਉਨ੍ਹਾਂ ਨਾਲ ਤੁਰਾਂ ਨਾ ਜਿਹੜੇ ਜ਼ੋਰੀ ਮੰਗਣ ਦਾਨ ਦੋਸਤੋ
।
ਸ਼ਬਦ ਮੇਰਾ ਹੈ ਧਰਮ ਦੋਸਤੋ... ।
ਪੰਜ ਸਦੀਆਂ ਪਹਿਲਾਂ ਇਸ ਦੱਸਿਆ, ਪਵਣ ਗੁਰੂ ਧਰਤੀ
ਹੈ ਮਾਤਾ ।
ਪਾਣੀ ਬਾਬਲ ਵਾਂਗ ਪਵਿੱਤਰ, ਸਰਬ ਧਰਮ ਨੂੰ ਇਕ ਕਰ
ਜਾਤਾ ।
ਮਾਈ ਬਾਪ ਬਣਾਇਆ ਰੱਬ ਨੂੰ, ਮਿੱਤਰ ਬੇਲੀ ਕਦੇ
ਭਰਾਤਾ ।
